# ਸੋ ਥਾਨੁ ਸੁਹਾਵਾ ...



ਰੂਪ ਸਿੰਘ



ੴ

ਪ੍ਰਿਥਮਭਗਉਤੀਸਿਮਰਕੈਗੁਰਨਾਨਕਲਈਧਿਆਇ॥
ਫਿਰਅੰਗਦਗੁਰਤੇਅਮਰਦਾਸਰਾਮਦਾਸੈਹੋਈਸਹਾਇ॥
ਅਰਜਨਹਰਿਗੋਬਿਦਨੂੰਸਿਮਰੌਸ੍ਰੀਹਰਿਰਾਇ॥ਸ੍ਰੀਹਰਿਕ੍ਰਿਸ਼ਨ
ਧਿਆਈਐਜਿਸੁਡਿੱਠੇਸਭਦੁਖਜਾਇ॥ਤੇਗਬਹਾਦਰਸਿਮਰੀਐ
ਘਰਨਉਨਿਧਿਆਵੈਧਾਇ॥ ਸਭਥਾਈ ਹੋਇਸਹਾਇ॥੧॥



# ਸੋ ਥਾਨੁ ਸੁਹਾਵਾ

ਪ੍ਰਕਾਸ਼ਕ : ਸਕੱਤਰ
ਸ਼੍ਰੋਮਣੀ ਗੁ: ਪ੍ਰ: ਕਮੇਟੀ,
ਸ੍ਰੀ ਅੰਮ੍ਰਿਤਸਰ।

ਲੇਖਕ : ਰੂਪ ਸਿੰਘ

ਪਹਿਲੀ ਵਾਰ : ੩੦੦੦ ਨਵੰਬਰ ੨੦੦੧
ਦੂਜੀ ਵਾਰ : ੫੦੦੦ ਨਵੰਬਰ ੨੦੦੩
ਤੀਜੀ ਵਾਰ : ੫੦੦੦ ਅਪ੍ਰੈਲ ੨੦੦੬
ਚੌਥੀ ਵਾਰ : ੫੦੦੦ ਅਗਸਤ ੨੦੧੦

ਫੋਟੋ : ਬਾਜਵਾ ਫੋਟੋਗ੍ਰਾਫਰ, ਬਟਾਲਾ
ਸਤਪਾਲ ਦਾਨਿਸ਼, ਹਰਬੰਸ ਸਿੰਘ
(ਅੰਮ੍ਰਿਤਸਰ) ।
ISBN 81-8092-000-3
ਟਾਈਪ ਸੈਟਿੰਗ: ਹਰਜਿੰਦਰ ਸਿੰਘ

ਡਿਜ਼ਾਇਨਿੰਗ : ਸਤਬੀਰ ਸਿੰਘ
ਫੋਨ : ੦੧੮੩-੫੦੯੯੬੦੬

ਛਾਪਣ ਵਾਲੇ : ਗੋਲਡਨ ਆਫਸੈਟ ਪ੍ਰੈਸ
(ਸ਼੍ਰੋਮਣੀ ਗੁ:ਪ੍ਰ:ਕਮੇਟੀ) ਸ੍ਰੀ ਅੰਮ੍ਰਿਤਸਰ ।
ਫੋਨ:੨੫੪੦੮੪੮

# SO THAAN SUHAAVAA

Publisher :Secretary,
Shiromani Gurdwara Parbandhak Ccommittee,
Amritsar.

Author : **Roop Singh**

Ist Edition : 3000 Nov. 2001
2nd Edition : 5000 Nov. 2003
3rd Edition : 5000 April 2006
4th Edition : 5000 August 2010

Photo : Bajwa Photographer Batala
Satpal Danish
Harbans Singh, Amritsar.

Type Setting: Harjinder Singh

Designing : TS*Satbir Singh*
Phone : 0183-5099606

Printer : Golden Offset Press (SGPC)
Amritsar.
Phone:2540848

© Author



ੴ ਵਾਹਿਗੁਰੂ ਜੀ ਕੀ ਫ਼ਤਹ ॥

# ਸੋ ਥਾਨੁ ਸੁਹਾਵਾ

ਰੂਪ ਸਿੰਘ

ਪ੍ਰਕਾਸ਼ਕ
ਸਿੱਖ ਇਤਿਹਾਸ ਰੀਸਰਚ ਬੋਰਡ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ

# ਤਤਕਰਾ


| | | |
|---|---|---|
| ਸੋ ਥਾਨੁ ਸੁਹਾਵਾ | ਜਥੇਦਾਰ ਗੁਰਚਰਨ ਸਿੰਘ ਟੌਹੜਾ | ੬ |
| ਗੁਰੂ ਦੁਆਰੈ ਹੋਇ ਸੋਝੀ ਪਾਇਸੀ | ਸ. ਮਨਜੀਤ ਸਿੰਘ ਕਲਕੱਤਾ | ੭ |
| ਦੋ ਸ਼ਬਦ | ਰੂਪ ਸਿੰਘ | ੮ |


## ਪੰਜਾਬ ਦੇ ਗੁਰਦੁਆਰੇ


| | | |
|---|---|---|
| ਅੰਮ੍ਰਿਤਸਰ | ਸ੍ਰੀ ਹਰਿਮੰਦਰ ਸਾਹਿਬ | ੧੧ |
| | ਸ੍ਰੀ ਅਕਾਲ ਤਖ਼ਤ ਸਾਹਿਬ | ੨੩ |
| | ਗੁ: ਰਾਮਸਰ ਸਾਹਿਬ | ੩੦ |
| | ਗੁ: ਸ਼ਹੀਦ ਗੰਜ, ਬਾਬਾ ਦੀਪ ਸਿੰਘ ਜੀ | ੩੧ |
| | ਗੁ: ਮੰਜੀ ਸਾਹਿਬ, ਦੀਵਾਨ ਅਸਥਾਨ | ੩੨ |
| | ਗੁ: ਬਿਬੇਕਸਰ ਸਾਹਿਬ | ੩੩ |
| | ਗੁ: ਪਾ: ਛੇਵੀਂ, ਗੁਰੂ ਕੀ ਵਡਾਲੀ | ੩੪ |
| | ਗੁ: ਪਾ: ਛੇਵੀਂ, ਛੇਹਰਟਾ | ੩੫ |
| | ਸ੍ਰੀ ਦਰਬਾਰ ਸਾਹਿਬ, ਤਰਨ ਤਾਰਨ | ੩੬ |
| | ਗੁ: ਬੀੜ ਬਾਬਾ ਬੁੱਢਾ ਜੀ, ਠੱਠਾ | ੩੭ |
| | ਗੁ: ਗੁਰੂ ਕਾ ਬਾਗ, ਘੁੱਕੇਵਾਲੀ | ੩੮ |
| | ਗੁ: ਸ੍ਰੀ ਬਾਉਲੀ ਸਾਹਿਬ, ਗੋਇੰਦਵਾਲ | ੩੯ |
| | ਗੁ: ਬਾਬਾ ਬੁੱਢਾ ਜੀ, ਰਮਦਾਸ | ੪੦ |
| | ਗੁ: ਦਰਬਾਰ ਸਾਹਿਬ, ਖਡੂਰ ਸਾਹਿਬ | ੪੧ |
| | ਗੁ: ਪਾ: ਨੌਵੀਂ, ਬਾਬਾ ਬਕਾਲਾ | ੪੨ |
| | ਗੁ: ਜਨਮ ਅਸਥਾਨ ਬਾਬਾ ਬੁੱਢਾ ਜੀ, ਕੱਥੂਨੰਗਲ | ੪੩ |
| ਜਲੰਧਰ | ਗੁ: ਮਉ ਸਾਹਿਬ, ਪਾਤਸ਼ਾਹੀ ਪੰਜਵੀਂ | ੪੪ |
| | ਗੁ: ਥੰਮ ਜੀ ਸਾਹਿਬ, ਕਰਤਾਰਪੁਰ | ੪੫ |
| | ਗੁ: ਪਾ: ਪੰਜਵੀਂ, ਬਿਲਗਾ | ੪੬ |
| | ਗੁ: ਬਾਬਾ ਸੰਗ ਜੀ, ਸੰਗ ਢੇਸੀਆਂ | ੪੭ |
| ਲੁਧਿਆਣਾ | ਗੁ: ਚਰਨ ਕੰਵਲ ਸਾਹਿਬ, ਮਾਛੀਵਾੜਾ | ੪੮ |
| | ਗੁ: ਦੇਗਸਰ ਸਾਹਿਬ, ਕਟਾਣਾ | ੪੯ |
| | ਗੁ: ਮੰਜੀ ਸਾਹਿਬ ਪਾ: ਦਸਵੀਂ, ਆਲਮਗੀਰ | ੫੦ |
| | ਗੁ: ਟਾਹਲੀਆਣਾ ਸਾਹਿਬ, ਰਾਏ ਕੋਟ | ੫੧ |
| | ਗੁ: ਪਾ: ਦਸਵੀਂ, ਹੇਰਾਂ | ੫੨ |
| | ਗੁ: ਮੰਜੀ ਸਾਹਿਬ ਪਾ: ਛੇਵੀਂ, ਕੋਟਾਂ | ੫੩ |
| | ਗੁ: ਗੁਰੂਸਰ, ਕਾਉਂਕੇ | ੫੪ |
| | ਗੁ: ਚੋਲਾ ਸਾਹਿਬ, ਘੁਵਾਣੀ ਕਲਾਂ | ੫੫ |
| ਗੁਰਦਾਸਪੁਰ | ਗੁ: ਦਮਦਮਾ ਸਾਹਿਬ, ਸ੍ਰੀ ਹਰਿਗੋਬਿੰਦਪੁਰ | ੫੬ |
| | ਗੁ: ਅਚਲ ਸਾਹਿਬ, ਬਟਾਲਾ | ੫੭ |
| | ਗੁ: ਬਾਰਠ ਸਾਹਿਬ | ੫੮ |
| | ਗੁ: ਕੰਧ ਸਾਹਿਬ, ਬਟਾਲਾ | ੫੯ |
| | ਦਰਬਾਰ ਸਾਹਿਬ, ਡੇਰਾ ਬਾਬਾ ਨਾਨਕ | ੬੦ |
| | ਗੁ: ਬੁਰਜ ਸਾਹਿਬ, ਧਾਰੀਵਾਲ | ੬੧ |
| ਬਠਿੰਡਾ | ਤਖ਼ਤ, ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ | ੬੨ |
| | ਗੁ: ਗੁਰੂਸਰ, ਮਹਿਰਾਜ | ੬੫ |
| | ਗੁ: ਜੰਡਸਰ ਪਾ: ਦਸਵੀਂ, ਪੱਕਾ ਕਲਾਂ | ੬੬ |
| | ਗੁ: ਗੁਰੂਸਰ, ਕੋਟ ਸ਼ਮੀਰ | ੬੭ |
| | ਗੁ: ਪਾ: ਦਸਵੀਂ, ਹਾਜੀ ਰਤਨ | ੬੮ |
| | ਗੁ: ਪਾ: ਦਸਵੀਂ, ਬਾਜਕ | ੬੯ |
| | ਗੁ: ਪਾ: ਦਸਵੀਂ, ਚੱਕ ਫਤੇਸਿੰਘ ਵਾਲਾ | ੭੦ |
| | ਗੁ: ਪਾ: ਛੇਵੀਂ ਤੇ ਦਸਵੀਂ, ਭਗਤਾ ਭਾਈ ਕਾ | ੭੧ |
| | ਗੁ: ਗੁਰੂਸਰ ਨਿਥਾਣਾ | ੭੨ |
| | ਗੁ: ਪਾ: ਛੇਵੀਂ, ਭਾਈ ਰੂਪਾ | ੭੩ |
| ਸੰਗਰੂਰ | ਗੁ: ਪਾ: ਦਸਵੀਂ, ਭਦੌੜ | ੭੪ |
| | ਗੁ: ਪਾ: ਛੇਵੀਂ, ਅਕੋਈ | ੭੫ |
| | ਗੁ: ਪਾ: ਨੌਵੀਂ, ਢਿਲਵਾਂ | ੭੬ |
| | ਗੁ: ਗੁਰੂਸਰ, ਪਾ: ਨੌਵੀਂ, ਹੰਢਿਆਇਆ | ੭੭ |
| | ਗੁ: ਝਿੜਾ ਸਾਹਿਬ, ਕਾਂਝਲਾ | ੭੮ |
| | ਗੁ: ਮੰਜੀ ਸਾਹਿਬ, ਮੂਲੋਵਾਲ | ੭੯ |

| | | |
|---|---|---|
| | ਗੁ: ਬਾਬਾ ਗਾਂਧਾ ਸਿੰਘ, ਬਰਨਾਲਾ | ੮੦ |
| | ਗੁ: ਨਾਨਕਿਆਣਾ ਸਾਹਿਬ | ੮੧ |
| | ਗੁ: ਪਾ: ਨੌਵੀਂ, ਭਵਾਨੀਗੜ੍ਹ | ੮੨ |
| ਫਰੀਦਕੋਟ | ਗੁ: ਪਾ: ਦਸਵੀਂ, ਬਰਗਾੜੀ | ੮੩ |
| | ਗੁ: ਗੁਰੂ ਕੀ ਢਾਬ, ਮੱਤਾ | ੮੪ |
| | ਗੁ: ਗੰਗਸਰ ਜੈਤੋ | ੮੫ |
| ਮਾਨਸਾ | ਗੁ: ਭਾਈ ਬਹਿਲੋ ਜੀ, ਫਫੜੇ ਭਾਈ ਕੇ | ੮੬ |
| | ਗੁ: ਸੂਲੀਸਰ, ਕੋਟ ਧਰਮੂ | ੮੭ |
| | ਗੁ: ਪਾ: ਨੌਵੀਂ, ਭਿੱਖੀ | ੮੮ |
| ਕਪੂਰਥਲਾ | ਗੁ: ਬੇਰ ਸਾਹਿਬ, ਸੁਲਤਾਨਪੁਰ ਲੋਧੀ | ੮੯ |
| | ਗੁ: ਬਾਉਲੀ ਸਾਹਿਬ, ਪਾ: ਛੇਵੀਂ, ਨਡਾਲਾ | ੯੧ |
| | ਸਟੇਟ ਗੁਰਦੁਆਰਾ | ੯੨ |
| | ਗੁ: ਸੁਖਚੈਨਆਣਾ ਸਾਹਿਬ (ਫਗਵਾੜਾ) | ੯੩ |
| ਨਵਾਂ ਸ਼ਹਿਰ | ਗੁ: ਚਰਨ ਕੰਵਲ ਸਾਹਿਬ | ੯੪ |
| ਰੋਪੜ | ਤਖ਼ਤ, ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ | ੯੫ |
| | ਗੁ: ਪਤਾਲਪੁਰੀ ਸਾਹਿਬ, ਕੀਰਤਪੁਰ | ੯੯ |
| | ਗੁ: ਪਰਿਵਾਰ ਵਿਛੋੜਾ, ਪਾ: ਦਸਵੀਂ | ੧੦੦ |
| | ਗੁ: ਸ੍ਰੀ ਭੱਠਾ ਸਾਹਿਬ | ੧੦੧ |
| | ਗੁ: ਸ੍ਰੀ ਕਤਲਗੜ੍ਹ ਸਾਹਿਬ, ਚਮਕੌਰ ਸਾਹਿਬ | ੧੦੨ |
| ਫਤਹਿਗੜ੍ਹ | ਗੁ: ਸ੍ਰੀ ਫਤਹਿਗੜ੍ਹ ਸਾਹਿਬ | ੧੦੪ |
| | ਗੁ: ਨੌ ਲੱਖਾ, ਪਾ: ਨੌਵੀਂ | ੧੦੬ |
| | ਗੁ: ਗੋਬਿੰਦਗੜ੍ਹ, ਰਾਣਵਾਂ | ੧੦੭ |
| | ਗੁ: ਪਾ: ਛੇਵੀਂ, ਗੋਬਿੰਦਗੜ੍ਹ | ੧੦੮ |
| ਪਟਿਆਲਾ | ਗੁ: ਸ੍ਰੀ ਦੂਖ ਨਿਵਾਰਨ ਸਾਹਿਬ | ੧੦੯ |
| | ਗੁ: ਪਾ: ਨੌਵੀਂ, ਬਹਾਦਰਗੜ੍ਹ | ੧੧੦ |
| | ਗੁ: ਨਾਭਾ ਸਾਹਿਬ | ੧੧੧ |
| | ਗੁ: ਬਾਬਾ ਅਜਾਪਾਲ ਸਿੰਘ, ਨਾਭਾ | ੧੧੨ |
| ਮੋਗਾ | ਗੁ: ਗੁਰੂਸਰ, ਲੋਪੋ | ੧੧੩ |
| | ਗੁ: ਨਾਨਕਸਰ, ਤਖਤੂਪੁਰਾ | ੧੧੪ |
| | ਗੁ: ਲੋਹਗੜ੍ਹ ਸਾਹਿਬ, ਦੀਨਾ | ੧੧੫ |
| ਫਿਰੋਜ਼ਪੁਰ | ਗੁ: ਪਾ: ਛੇਵੀਂ, ਠੱਟਾ | ੧੧੬ |
| | ਗੁ: ਗੁਰੂਸਰ ਬਾਜ਼ੀਦਪੁਰ | ੧੧੭ |
| ਮੁਕਤਸਰ | ਸ੍ਰੀ ਦਰਬਾਰ ਸਾਹਿਬ, ਮੁਕਤਸਰ | ੧੧੮ |
| | ਗੁ: ਗੁਰੂਸਰ, ਰੁਪਾਣਾ | ੧੧੯ |
| ਹੁਸ਼ਿਆਰਪੁਰ | ਗੁ: ਸ਼ਹੀਦਾਂ ਲੱਧੇਵਾਲ, ਮਾਹਿਲਪੁਰ | ੧੨੦ |
| | ਗੁ: ਗਰਨਾ ਸਾਹਿਬ, ਬੋਦਲ | ੧੨੧ |
| | ਗੁ: ਹਰੀਆਂ ਵੇਲਾਂ, ਬਜਰੌਰ | ੧੨੨ |


## ਹਰਿਆਣੇ ਦੇ ਗੁਰਦੁਆਰੇ


| | |
|---|---|
| ਗੁ: ਮੰਜੀ ਸਾਹਿਬ (ਅੰਬਾਲਾ) | ੧੨੩ |
| ਗੁ: ਪਾ: ਛੇਵੀਂ, ਥਾਨੇਸਰ (ਕੁਰਕਸ਼ੇਤਰ) | ੧੨੪ |
| ਗੁ: ਪਾ: ਛੇਵੀਂ, ਪਹੇਵਾ (ਕੁਰਕਸ਼ੇਤਰ) | ੧੨੫ |
| ਗੁ: ਪਾ: ਦਸਵੀਂ, ਜਗਾਧਰੀ (ਯਮੁਨਾ ਨਗਰ) | ੧੨੬ |
| ਗੁ: ਕਪਾਲ ਮੋਚਨ (ਯਮੁਨਾ ਨਗਰ) | ੧੨੭ |
| ਗੁ: ਸ੍ਰੀ ਪੰਜੋਖਰਾ ਸਾਹਿਬ (ਅੰਬਾਲਾ) | ੧੨੮ |
| ਗੁ: ਸ੍ਰੀ ਨਾਢਾ ਸਾਹਿਬ (ਅੰਬਾਲਾ) | ੧੨੯ |
| ਗੁ: ਪਾ: ਨੌਵੀਂ ਧਮਤਾਨ (ਜੀਂਦ) | ੧੩੦ |
| ਗੁ: ਪਾ: ਨੌਵੀਂ (ਜੀਂਦ) | ੧੩੧ |


## ਹਿਮਾਚਲ ਦੇ ਗੁਰਦੁਆਰੇ


| | |
|---|---|
| ਗੁ: ਕਲਗੀਧਰ ਸਾਹਿਬ (ਬਿਲਾਸਪੁਰ) | ੧੩੨ |
| ਗੁ: ਪਾ: ਦਸਵੀਂ, ਨਾਦੌਣ (ਹਮੀਰਪੁਰ) | ੧੩੩ |


## ਅੰਤਿਕਾ


| | |
|---|---|
| ★ ਤਖ਼ਤ, ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ | ੧੩੪ |
| ★ ਤਖ਼ਤ, ਸੱਚ-ਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ | ੧੩੫ |
| ★ ਨਕਸ਼ਾ ਪੰਜਾਬ | ੧੩੬ |

# ਸੋ ਥਾਨੁ ਸੁਹਾਵਾ...

ਮਨੁੱਖਤਾ ਦੇ ਸਰਬਪੱਖੀ ਕਲਿਆਣ ਲਈ ਦਸ ਗੁਰੂ ਸਾਹਿਬਾਨ ਨੇ ਦੇਸ਼ ਦੇ ਕੋਨੇ-ਕੋਨੇ 'ਚ ਜਾ ਕੇ ਸੱਚ-ਆਚਾਰ, ਧੀਰਜ, ਧਰਮ ਅਤੇ ਸੇਵਾ ਦਾ ਪਾਠ ਪੜ੍ਹਾਇਆ। ਪਹਿਲੀ ਪਾਤਸ਼ਾਹੀ ਗੁਰੂ ਨਾਨਕ ਸਾਹਿਬ ਜੀ ਨੇ ਸਮੁੱਚੇ ਹਿੰਦੁਸਤਾਨ, ਅਰਬ ਦੇਸ਼ ਤੇ ਇਸ ਤੋਂ ਇਲਾਵਾ ਕਈ ਗੁਆਂਢੀ ਮੁਲਕਾਂ 'ਚ ਜਾ ਕੇ ਸੱਚ ਦਾ ਪ੍ਰਚਾਰ ਕੀਤਾ।

**ਜਿਥੈ ਜਾਇ ਬਹੈ ਮੇਰਾ ਸਤਿਗੁਰੂ, ਸੋ ਥਾਨੁ ਸੁਹਾਵਾ ਰਾਮ ਰਾਜੇ** ਦੇ ਪਾਵਨ ਮਹਾਵਾਕ ਅਨੁਸਾਰ ਹਰੇਕ ਸ਼ਰਧਾਵਾਨ ਅਤੇ ਸਿਦਕੀ ਸਿੱਖ ਗੁਰੂ ਪਾਤਸ਼ਾਹਾਂ ਦੇ ਚਰਨ-ਕਮਲਾਂ ਦੀ ਧੂੜ ਆਪਣੇ ਮੱਥੇ ਲਾਉਣੀ ਧੰਨ ਭਾਗ ਸਮਝਦਾ ਹੈ। ਇਹ ਗੁਰਸਿੱਖ ਮਾਈ-ਭਾਈ ਦੀ ਸੱਚੀ-ਸੁੱਚੀ ਸ਼ਰਧਾ ਅਤੇ ਗੁਰੂ ਸਾਹਿਬਾਨ ਪ੍ਰਤੀ ਉਨ੍ਹਾਂ ਦੇ ਅਡੋਲ ਨਿਸਚੇ ਦਾ ਪ੍ਰਤੀਕ ਹੈ। ਅੱਜ ਦੇਸ਼, ਵਿਦੇਸ਼ ਵਿਚ ਸਿੱਖ ਇਤਿਹਾਸ, ਕਲਾ ਅਤੇ ਇਮਾਰਤਸਾਜ਼ੀ ਦਾ ਨਮੂਨਾ ਦਰਸਾਉਂਦੇ ਅਨੇਕਾਂ ਸ਼ਾਨਦਾਰ ਗੁਰਦੁਆਰਾ ਸਾਹਿਬਾਨ ਸਿੱਖੀ ਸ਼ਾਨ ਦੀ ਮਹਿਕ ਪ੍ਰਸਾਰ ਰਹੇ ਹਨ।

ਗੁਰਦੁਆਰਿਆਂ ਦੇ ਦਰਸ਼ਨਾਂ ਦੀ ਲੋਚਾ ਹਰੇਕ ਸੱਚੇ ਸਿੱਖ ਦੀ ਸੁਭਾਵਿਕ ਸੁੱਚੀ ਰੀਝ ਹੈ। ਸਿੱਖ ਸੰਗਤ ਦੀ ਇਹ ਚਿਰੋਕਣੀ ਮੰਗ ਸੀ ਕਿ ਇਨ੍ਹਾਂ ਗੁਰਦੁਆਰਾ ਸਾਹਿਬਾਨ ਬਾਰੇ ਇਤਿਹਾਸਕ ਜਾਣਕਾਰੀ ਪ੍ਰਦਾਨ ਕਰਨ ਵਾਲੀ ਪੁਸਤਕ ਪ੍ਰਕਾਸ਼ਤ ਕੀਤੀ ਜਾਵੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਹ ਕਾਰਜ ਨੌਜਵਾਨ ਗੁਰਸਿੱਖ ਲੇਖਕ ਸ. ਰੂਪ ਸਿੰਘ ਪਾਸੋਂ ਕਰਵਾਇਆ ਹੈ। ਮੇਰਾ ਵਿਸ਼ਵਾਸ ਹੈ ਕਿ **ਸੋ ਥਾਨੁ ਸੁਹਾਵਾ** ਨਾਮ ਦੀ ਇਹ ਪੁਸਤਕ ਸੰਗਤਾਂ ਦੀ ਰੀਝ ਨੂੰ ਪੂਰਾ ਕਰੇਗੀ।

ਇਸ ਪੁਸਤਕ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠਲੇ ਪ੍ਰਮੁੱਖ ਇਤਿਹਾਸਕ ਅਸਥਾਨਾਂ ਬਾਰੇ ਸੰਖੇਪ ਅਤੇ ਭਾਵਪੂਰਤ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਸੰਗਤ ਦੀ ਵਿਹਾਰਕ ਲੋੜ ਨੂੰ ਮੱਦੇਨਜ਼ਰ ਰੱਖਦਿਆਂ ਹਰੇਕ ਗੁਰਦੁਆਰਾ ਸਾਹਿਬ ਦੀ ਇਤਿਹਾਸਕ ਮਹੱਤਤਾ, ਇਤਿਹਾਸਕ ਵਿਵਰਣ ਤੇ ਰੰਗਦਾਰ ਤਸਵੀਰਾਂ ਹੀ ਨਹੀਂ ਦਿੱਤੀਆਂ ਗਈਆਂ ਬਲਕਿ ਉਥੇ ਮਨਾਏ ਜਾਣ ਵਾਲੇ ਵਿਸ਼ੇਸ਼ ਗੁਰਪੁਰਬਾਂ ਅਤੇ ਪੰਥਕ ਦਿਹਾੜਿਆਂ ਦਾ ਜ਼ਿਕਰ ਵੀ ਵਿਸ਼ੇਸ਼ ਤੌਰ 'ਤੇ ਕੀਤਾ ਗਿਆ ਹੈ। ਮੌਜੂਦਾ ਪ੍ਰਬੰਧ, ਰਿਹਾਇਸ਼, ਪਹੁੰਚ ਅਤੇ ਸੰਪਰਕ ਫੋਨ ਨੰਬਰ ਦੇ ਕੇ ਪੁਸਤਕ ਨੂੰ ਉਪਯੋਗੀ ਬਣਾਉਣ ਦਾ ਹਰ ਸੰਭਵ ਯਤਨ ਕੀਤਾ ਗਿਆ ਹੈ। ਇਸ ਪੁਸਤਕ ਦੀ ਪਹਿਲੀ ਐਡੀਸ਼ਨ ਨੂੰ ਪਾਠਕਾਂ ਨੇ ਬੇਹੱਦ ਪਸੰਦ ਕੀਤਾ ਹੈ। ਹੁਣ ਦੂਜੀ ਐਡੀਸ਼ਨ ਦੀ ਪ੍ਰਕਾਸ਼ਨਾ ਸਮੇਂ ਆਸ ਕਰਦਾ ਹਾਂ ਕਿ ਸਿੱਖ ਸੰਗਤਾਂ ਮਿਆਰੀ ਅਤੇ ਵਧੀਆ ਢੰਗ ਨਾਲ ਪ੍ਰਕਾਸ਼ਤ ਕੀਤੀ ਜਾ ਰਹੀ ਇਸ ਪੁਸਤਕ ਦਾ ਭਰਪੂਰ ਸਵਾਗਤ ਕਰਨਗੀਆਂ।

ਗੁਰੂ-ਪੰਥ ਦਾ ਦਾਸ

ਗੁਰਚਰਨ ਸਿੰਘ ਟੌਹੜਾ

ਨਵੰਬਰ, ੨੦੦੩

(ਗੁਰਚਰਨ ਸਿੰਘ ਟੌਹੜਾ)
ਪ੍ਰਧਾਨ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

# ਗੁਰੂ ਦੁਆਰੈ ਹੋਇ ਸੋਝੀ ਪਾਇਸੀ

ਗੁਰਦੁਆਰੇ ਦਾ ਅਰਥ ਭਾਵ ਹੈ ਸਿੱਖੀ ਦਾ ਦਰ-ਘਰ। ਗੁਰਦੁਆਰਾ ਕੇਵਲ ਪੂਜਾ ਸਥਾਨ ਨਹੀਂ ਸਗੋਂ ਸਿੱਖ-ਪੰਥ ਦੇ ਸਮੁੱਚੇ ਜੀਵਨ ਦਾ ਧੁਰਾ ਹੈ। ਪੰਥ ਦੇ ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਜੀ ਨਾਭਾ ਦੇ ਕਥਨ ਅਨੁਸਾਰ, **ਸਿੱਖਾਂ ਦਾ ਗੁਰਦੁਆਰਾ ਵਿਦਿਆਰਥੀਆਂ ਲਈ ਸਕੂਲ, ਆਤਮਿਕ ਜਗਿਆਸੂਆਂ ਲਈ ਗਿਆਨ-ਉਪਦੇਸ਼ਕ, ਰੋਗੀਆਂ ਵਾਸਤੇ ਸ਼ਫ਼ਾਖ਼ਾਨਾ, ਭੁੱਖਿਆਂ ਵਾਸਤੇ ਅੰਨਪੂਰਣਾ, ਮਜ਼ਲੂਮਾਂ ਦੀ ਰਾਖੀ ਲਈ ਲੋਹਮਈ ਦੁਰਗ ਅਤੇ ਮੁਸਾਫਰਾਂ ਵਾਸਤੇ ਵਿਸ਼ਰਾਮ ਘਰ ਹੈ।** ਇਹੀ ਕਾਰਨ ਹੈ ਕਿ ਹਰ ਗੁਰਸਿੱਖ ਦੀ ਗੁਰਦੁਆਰੇ ਨਾਲ ਧਾਰਮਿਕ ਤੇ ਭਾਵਨਾਤਮਕ ਸਾਂਝ ਹੈ। ਸਿੱਖੀ ਦੀ ਪਹਿਚਾਨ, ਹੋਂਦ-ਹਸਤੀ ਗੁਰਦੁਆਰੇ ਨਾਲ ਜੁੜੀ ਹੈ। ਸਿੱਖ ਸਭ ਕੁਝ ਬਰਦਾਸ਼ਤ ਕਰ ਸਕਦਾ ਹੈ ਪਰ ਪ੍ਰਾਣਾਂ ਤੋਂ ਪਿਆਰੇ ਗੁਰੂ-ਘਰਾਂ ਦੀ ਬੇਹੁਰਮਤੀ ਨਹੀਂ ਸਹਾਰ ਸਕਦਾ। ਇਤਿਹਾਸ ਇਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਸਿੱਖਾਂ ਨੇ ਗੁਰਦੁਆਰਿਆਂ ਦੀ ਰਾਖੀ, ਅਦਬ-ਸਤਿਕਾਰ ਤੇ ਆਜ਼ਾਦੀ ਲਈ ਸ਼ਹਾਦਤਾਂ ਦਿੱਤੀਆਂ, ਜੇਲ੍ਹਾਂ ਕੱਟੀਆਂ ਅਤੇ ਤਸੀਹੇ ਝੱਲੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦਾ ਇਤਿਹਾਸ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲੋਕਤੰਤਰੀ ਢੰਗ ਦੁਆਰਾ ਚੁਣੀ ਹੋਈ ਇਕੋ ਇਕ ਸੰਸਥਾ ਹੈ ਜੋ ਪੰਜਾਬ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਦੇ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਕਰ ਰਹੀ ਹੈ। ਹਰ ਗੁਰਸਿੱਖ ਸਵੇਰੇ ਸ਼ਾਮ ਪੰਜਾਂ ਤਖ਼ਤਾਂ, ਸਰਬੱਤ ਗੁਰਦੁਆਰਿਆਂ ਨੂੰ ਯਾਦ ਕਰਦਾ, 'ਵਾਹਿਗੁਰੂ-ਵਾਹਿਗੁਰੂ' ਉਚਾਰਨ ਕਰਦਾ ਹੋਇਆ ਪਾਵਨ ਗੁਰਧਾਮਾਂ ਦੇ ਦਰਸ਼ਨ ਕਰਨ ਦੀ ਕਾਮਨਾ ਕਰਦਾ ਹੈ। ਗੁਰਦੁਆਰਿਆਂ ਦੇ ਦਰਸ਼ਨ ਕਰਨ ਵਾਲੇ ਸ਼ਰਧਾਲੂ ਗੁਰਸਿੱਖਾਂ ਦੀ ਚਿਰੋਕਣੀ ਰੀਝ ਸੀ ਕਿ ਗੁਰਦੁਆਰਿਆਂ ਸੰਬੰਧੀ ਧਾਰਮਿਕ-ਇਤਿਹਾਸਕ ਜਾਣਕਾਰੀ ਦੇਣ ਲਈ ਕੋਈ ਮਿਆਰੀ ਪੁਸਤਕ ਹੋਵੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਹ ਕਾਰਜ ਕਰਨ ਲਈ ਸ. ਰੂਪ ਸਿੰਘ ਨੂੰ ਸੇਵਾ ਸੌਂਪੀ ਸੀ ਜੋ ਉਨ੍ਹਾਂ ਗੁਰੂ ਕਿਰਪਾ ਸਦਕਾ ਸੰਪੂਰਨ ਕੀਤੀ ਹੈ। ਮੈਨੂੰ ਖੁਸ਼ੀ ਹੈ ਕਿ ਸ. ਰੂਪ ਸਿੰਘ ਦੁਆਰਾ ਲਿਖੀ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਤ ਪੁਸਤਕ **ਸੋ ਥਾਨੁ ਸੁਹਾਵਾ** ਦੇ ਪਲੇਠੇ ਐਡੀਸ਼ਨ ਨੂੰ ਪਾਠਕ ਜਗਤ ਨੇ ਬੇਹੱਦ ਪਸੰਦ ਕੀਤਾ। ਪੁਸਤਕ ਦੀ ਪ੍ਰਵਾਨਗੀ ਦਾ ਅੰਦਾਜ਼ਾ ਇਸ ਗੱਲ ਤੋਂ ਸਹਿਜੇ ਹੋ ਜਾਂਦਾ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਤਿੰਨ ਹਜ਼ਾਰ ਦੀ ਗਿਣਤੀ ਵਿਚ ਪ੍ਰਕਾਸ਼ਤ ਪੁਸਤਕ ਸੀਮਤ ਸਮੇਂ ਵਿਚ ਸਮਾਪਤ ਹੋ ਗਈ। ਇਸ ਪੁਸਤਕ ਨੂੰ 'ਰੋਜ਼ਾਨਾ ਅਜੀਤ' ਨੇ ਪੰਜਾਬੀ ਅਤੇ 'ਦੈਨਿਕ ਜਾਗਰਣ' ਨੇ ਹਿੰਦੀ ਵਿਚ ਲੜੀਵਾਰ ਪ੍ਰਕਾਸ਼ਤ ਕਰਨਾ ਵੀ ਸ਼ੁਰੂ ਕੀਤਾ। ਪਾਠਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਣ 'ਤੇ ਮੰਗ ਨੂੰ ਪੂਰਾ ਕਰਨ ਵਾਸਤੇ ਇਸ ਪੁਸਤਕ ਦਾ ਦੂਸਰਾ ਐਡੀਸ਼ਨ ਪੰਜ ਹਜ਼ਾਰ ਦੀ ਗਿਣਤੀ ਵਿਚ ਪ੍ਰਕਾਸ਼ਤ ਕਰਨ ਦੀ ਖੁਸ਼ੀ ਲੈ ਰਹੇ ਹਾਂ। ਆਸ ਕਰਦੇ ਹਾਂ ਕਿ ਪਾਠਕ-ਸੱਜਣ ਸਾਡੇ ਇਸ ਯਤਨ ਨੂੰ ਪ੍ਰਵਾਨ ਕਰਨਗੇ।

ਗੁਰੂ-ਪੰਥ ਦਾ ਦਾਸ,

ਨਵੰਬਰ, ੨੦੦੩

**ਸਕੱਤਰ,**
**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**
**ਸ੍ਰੀ ਅੰਮ੍ਰਿਤਸਰ।**

# ਦੋ ਸ਼ਬਦ

ਆਦਿ ਗੁਰੂ, ਗੁਰੂ ਨਾਨਕ ਦੇਵ ਜੀ ਨੇ ਜਗਤ-ਜਲੰਦੇ ਨੂੰ ਤਾਰਨ ਵਾਸਤੇ **ਨਾਨਕ ਨਿਰਮਲ ਪੰਥ** ਦੀ ਆਧਾਰਸ਼ਿਲਾ ਰੱਖ, ਗੁਰਸਿੱਖਾਂ ਨੂੰ ਧਰਮ ਦੀ ਸੋਝੀ-ਸਿੱਖਿਆ ਦੇਣ ਵਾਸਤੇ ਸੰਗਤਾਂ ਸਥਾਪਤ ਕੀਤੀਆਂ। ਸਿੱਖ ਸੰਗਤਾਂ ਦੇ ਮਿਲ ਬੈਠਣ ਦੇ ਅਸਥਾਨ ਨੂੰ ਧਰਮਸ਼ਾਲ ਕਿਹਾ ਜਾਣ ਲੱਗਾ। ਸਿੱਖ ਧਰਮ ਦੇ ਵਿਕਾਸ ਨਾਲ ਸ਼ਬਦ-ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਹੋਣ 'ਤੇ 'ਧਰਮਸ਼ਾਲ' ਨੂੰ 'ਗੁਰਦੁਆਰਾ' ਕਿਹਾ ਜਾਣਾ ਸ਼ੁਰੂ ਹੋਇਆ। ਇਹ ਸ਼ਬਦ 'ਗੁਰਦੁਆਰ, ਗੁਰਦੁਆਰੁ, ਗੁਰਦੁਆਰਿ, ਗੁਰੂ ਦੁਆਰੈ' ਰੂਪਾਂ ਵਿਚ ਗੁਰਬਾਣੀ ਵਿਚ ਆਇਆ ਹੈ, ਜਿਸ ਦੇ ਅਰਥ 'ਗੁਰੂ ਦਾ ਘਰ', 'ਗੁਰੂ ਦੇ ਰਾਹੀਂ' ਹਨ। ਗੁਰਦੁਆਰੇ 'ਚੋਂ ਗੁਰਸਿੱਖ ਗੁਰੂ ਦੁਆਰਾ ਦਿੱਤੀ ਗਈ ਸਿੱਖਿਆ-ਸੋਝੀ ਪ੍ਰਾਪਤ ਕਰ, ਜੀਵਨ-ਜਾਚ ਸਿੱਖਦੇ ਹੋਏ, ਜੀਵਨ ਸਫਲਾ ਕਰਦੇ ਹਨ। ਸਿੱਖ ਧਰਮ ਸਿਧਾਂਤਕ, ਵਿਚਾਰਧਾਰਕ ਤੇ ਇਤਿਹਾਸਕ ਤੌਰ 'ਤੇ 'ਸ਼ਬਦ-ਗੁਰੂ' 'ਤੇ ਆਧਾਰਿਤ ਹੈ। ਸ਼ਬਦ-ਗੁਰੂ ਦਾ ਸੰਕਲਪ, ਸਿਧਾਂਤ ਜਿੱਥੇ ਸਮੇਂ-ਸਥਾਨ ਤੇ ਵਿਅਕਤੀਵਾਦ ਤੋਂ ਸੁਤੰਤਰ ਹੈ, ਉਥੇ ਸਰਬਕਾਲੀ ਤੇ ਅਬਿਨਾਸੀ ਵੀ ਹੈ। ਗੁਰਦੁਆਰਾ ਕੇਵਲ ਇਮਾਰਤ ਜਾਂ ਪੂਜਾ ਸਥਾਨ ਹੀ ਨਹੀਂ, ਇਹ ਤਾਂ ਗੁਰਮਤਿ ਗਿਆਨ ਦੇ ਅਮੁੱਕ ਸਰੋਤ, ਅਧਿਆਤਮਕ, ਮਾਨਸਿਕ ਤੇ ਸਰੀਰਕ ਲੋੜਾਂ ਦੀ ਪੂਰਤੀ ਦਾ ਵੀ ਕੇਂਦਰ ਹੈ। ਗੁਰਸਿੱਖਾਂ ਵਾਸਤੇ ਗੁਰਦੁਆਰੇ 'ਗੁਰੂ-ਘਰ' ਹੋਣ ਕਰਕੇ ਜਿੰਦ-ਜਾਨ ਤੋਂ ਵੀ ਪਿਆਰੇ ਹਨ। ਪ੍ਰੋ. ਪੂਰਨ ਸਿੰਘ ਦੇ ਕਥਨ ਅਨੁਸਾਰ **ਸਿੱਖ ਬ੍ਰਹਮੰਡੀ ਸ਼ਹਿਰੀ ਹਨ** ਜਿਸ ਦਾ ਭਾਵ ਹੈ, ਸਿੱਖ ਵਿਸ਼ਵ ਦੇ ਹਰ ਕੋਨੇ ਵਿਚ ਵੱਸੇ ਹੋਏ ਹਨ। ਸੰਸਾਰ ਦੇ ਜਿਸ ਹਿੱਸੇ ਵਿਚ ਸਿੱਖਾਂ ਨੇ ਆਪਣੇ ਨਿਵਾਸ ਵਾਸਤੇ ਰਿਹਾਇਸ਼ ਦਾ ਪ੍ਰਬੰਧ ਕੀਤਾ, ਉਥੇ ਹੀ ਸ਼ਬਦ-ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਵਾਸਤੇ, ਪ੍ਰਕਾਸ਼ ਅਸਥਾਨ **ਗੁਰਦੁਆਰੇ** ਵੀ ਉਸਾਰੇ। ਇਹੀ ਕਾਰਨ ਹੈ ਕਿ ਅੱਜ ਵਿਸ਼ਵ ਦੇ ਹਰ ਹਿੱਸੇ ਵਿਚ ਗੁਰਦੁਆਰੇ 'ਤੇ ਝੂਲਦੇ ਕੇਸਰੀ ਪਰਚਮ ਸਿੱਖਾਂ ਦੀ ਹੋਂਦ-ਹਸਤੀ ਨੂੰ ਪ੍ਰਗਟ ਕਰ ਰਹੇ ਹਨ।

ਇਤਿਹਾਸਕ ਪੱਖ ਤੋਂ ਗੁਰਦੁਆਰਿਆਂ ਨੂੰ ਦੋ ਭਾਗਾਂ ਵਿਚ ਵੰਡ ਕੇ ਵਿਚਾਰਿਆ ਜਾ ਸਕਦਾ ਹੈ। ਇਕ ਉਹ ਗੁਰਦੁਆਰੇ ਹਨ: ਜੋ ਗੁਰੂ ਸਾਹਿਬਾਨ ਤੇ ਗੁਰੂ-ਪਿਆਰੇ ਗੁਰਸਿੱਖਾਂ ਦੀ ਯਾਦ ਵਿਚ 'ਗੁਰੂ-ਪੰਥ' ਵੱਲੋਂ ਉਸਾਰੇ ਗਏ ਅਤੇ ਦੂਸਰੇ ਉਹ ਜੋ ਗੁਰਸਿੱਖਾਂ ਨੇ ਗੁਰੂ ਦੀ ਗੋਦ ਦਾ ਨਿੱਘ ਮਾਣਨ ਵਾਸਤੇ ਵੱਖ-ਵੱਖ ਭੂ-ਖੰਡਾਂ ਵਿਚ ਸਮੇਂ-ਸਮੇਂ ਤਿਆਰ ਕਰਵਾਏ। ਗੁਰਦੁਆਰਿਆਂ ਨੂੰ ਮਹੱਤਤਾ-ਮਹਾਨਤਾ ਦੇ ਪੱਖ ਤੋਂ ਵੰਡ ਕੇ ਨਹੀਂ ਦੇਖਿਆ ਜਾਣਾ ਚਾਹੀਦਾ, ਕਿਉਂਕਿ ਜਿਸ ਸਥਾਨ 'ਤੇ ਵੀ ਸ਼ਬਦ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ਮਾਨ ਹੋ ਗਏ, ਗੁਰਸਿੱਖਾਂ ਵਾਸਤੇ **ਸੋ ਥਾਨੁ ਸੁਹਾਵਾ** ਹੋ ਜਾਂਦਾ ਹੈ। ਗੁਰਦੁਆਰੇ ਇਤਿਹਾਸ, ਪ੍ਰਬੰਧਕੀ ਸਹੂਲਤਾਂ, ਇਮਾਰਤਾਂ ਆਦਿ ਪੱਖ ਤੋਂ ਵੱਖਰੇ-ਵੱਖਰੇ ਹੋ ਸਕਦੇ ਹਨ ਪਰ ਸਿਧਾਂਤਕ-ਵਿਚਾਰਧਾਰਕ ਏਕਤਾ ਹੋਣ ਕਰਕੇ, ਸਾਰੇ ਗੁਰ-ਅਸਥਾਨ ਇਕੋ ਜਿਹੇ ਅਦਬ-ਸਤਿਕਾਰ ਦੇ ਕੇਂਦਰ ਹਨ।

ਪੰਚਮ ਪਾਤਸ਼ਾਹ, ਗੁਰੂ ਅਰਜਨ ਦੇਵ ਜੀ ਨੇ ਆਦਰਸ਼ਕ ਗੁਰਦੁਆਰੇ ਦਾ ਸੰਕਲਪ-ਸਰੂਪ ਤੇ ਪ੍ਰਬੰਧ **ਸ੍ਰੀ ਹਰਿਮੰਦਰ ਸਾਹਿਬ** ਦੀ ਸਿਰਜਣਾ ਕਰਕੇ ਪ੍ਰਗਟ ਕੀਤਾ, ਜਿਸ ਤੋਂ ਸਮੁੱਚੀ ਸਿੱਖ ਕੌਮ ਪ੍ਰੇਰਣਾ-ਉਤਸ਼ਾਹ ਤੇ ਅਗਵਾਈ ਪ੍ਰਾਪਤ ਕਰ ਰਹੀ ਹੈ। ਸਮੇਂ ਦੇ ਬੀਤਣ ਨਾਲ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਨਿਘਾਰ ਆਉਣ ਕਰਕੇ ਗੁਰਸਿੱਖਾਂ ਨੂੰ 'ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ' ਚਲਾਉਣੀ ਪਈ ਅਤੇ ਬੇਅੰਤ ਕੁਰਬਾਨੀਆਂ ਤੇ ਮੁਸ਼ਕਿਲਾਂ ਉਪਰੰਤ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ' ਹੋਂਦ ਵਿਚ ਆਈ ਜੋ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਦੇ ਪ੍ਰਮੁੱਖ ਇਤਿਹਾਸਕ ਅਸਥਾਨਾਂ ਦਾ ਪ੍ਰਬੰਧ 'ਗੁਰੂ-ਪੰਥ' ਦੀ ਪ੍ਰਤੀਨਿਧ ਸੰਸਥਾ ਵਜੋਂ ਕਰਦੀ ਹੈ। ਗੁਰਸਿੱਖਾਂ ਦੀ ਚਿਰੋਕਣੀ ਰੀਝ ਸੀ ਕਿ ਪ੍ਰਮੁੱਖ ਇਤਿਹਾਸਕ ਗੁਰਦੁਆਰਿਆਂ ਬਾਰੇ ਡਾਇਰੈਕਟਰੀ ਹੋਵੇ, ਜਿਸ ਤੋਂ ਲੋਕ ਜਾਣਕਾਰੀ ਪ੍ਰਾਪਤ ਕਰ ਕੇ ਗੁਰਦੁਆਰਿਆਂ ਦੇ ਦਰਸ਼ਨ ਕਰ ਸਕਣ। ਇਸ ਪੁਸਤਕ ਵਿਚ ਗੁਰਦੁਆਰਿਆਂ ਦੀ ਇਤਿਹਾਸਕ ਮਹੱਤਤਾ ਸੰਖੇਪ ਵਿਚ ਦਰਸਾਉਣ ਦਾ ਯਤਨ ਕੀਤਾ ਗਿਆ ਹੈ। ਇਹ

ਗੁਰਦੁਆਰਿਆਂ ਦਾ ਮੁਕੰਮਲ ਇਤਿਹਾਸ ਨਹੀਂ, ਇਹ ਤਾਂ ਕੇਵਲ ਗਾਈਡ ਪੁਸਤਕ ਹੈ, ਜਿਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਸੈਕਸ਼ਨ ੮੫/੮੭ ਦੇ ਪ੍ਰਮੁੱਖ ਗੁਰਦੁਆਰਿਆਂ ਸੰਬੰਧੀ ਜਾਣਕਾਰੀ ਦੇਣ ਦਾ ਯਤਨ ਕੀਤਾ ਗਿਆ ਹੈ।

ਮੂਲ ਰੂਪ ਵਿਚ ਸ਼੍ਰੋਮਣੀ ਗੁ: ਪ੍ਰ: ਕਮੇਟੀ ਵੱਲੋਂ ਇੰਟਰਨੈੱਟ ਵਿਭਾਗ ਸ਼ੁਰੂ ਕਰਨ ਸਮੇਂ, ਇੰਟਰਨੈੱਟ 'ਤੇ ਇਤਿਹਾਸਕ ਗੁਰਦੁਆਰਿਆਂ ਸੰਬੰਧੀ ਜਾਣਕਾਰੀ ਇਕੱਤਰ ਕਰਨ ਲਈ ਮਾਣਯੋਗ ਪ੍ਰਧਾਨ ਸਾਹਿਬ ਵੱਲੋਂ ਮੇਰੇ ਨਾਲ ਸ. ਕੁਲਦੀਪ ਸਿੰਘ ਬਾਵਾ ਸੁਪਰਵਾਈਜ਼ਰ, ਬਾਜਵਾ ਫੋਟੋਗ੍ਰਾਫਰ ਬਟਾਲਾ, ਸ. ਹਰਬੰਸ ਸਿੰਘ ਫੋਟੋਗ੍ਰਾਫਰ ਅੰਮ੍ਰਿਤਸਰ ਦੀ ਡਿਊਟੀ ਲਗਾਈ ਗਈ। ਇਹ ਕਾਰਜ ਕਰਨ ਵਿਚ ਜਿੱਥੇ ਸਾਨੂੰ ਆਪਣੇ ਅਮੀਰ ਵਿਰਸੇ ਸੰਬੰਧੀ ਭਰਪੂਰ ਜਾਣਕਾਰੀ ਪ੍ਰਾਪਤ ਹੋਈ, ਉਥੇ ਬਹੁਤ ਸਾਰੀਆਂ ਮੁਸ਼ਕਲਾਂ ਦਾ ਵੀ ਸਾਹਮਣਾ ਕਰਨਾ ਪਿਆ। ਗੁਰਦੁਆਰਿਆਂ ਸੰਬੰਧੀ ਸੰਖੇਪ ਜਾਣਕਾਰੀ ਤੇ ਤਸਵੀਰਾਂ ਅਸੀਂ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੀ ਵੈਬ ਸਾਈਟ 'ਤੇ ਪਾ ਚੁੱਕੇ ਹਾਂ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਹੋਏ ਫੈਸਲੇ ਅਨੁਸਾਰ ਗੁਰਦੁਆਰਿਆਂ ਸੰਬੰਧੀ ਇਕੱਤਰ ਕੀਤੀ ਜਾਣਕਾਰੀ ਨੂੰ ਸਚਿੱਤਰ ਪੁਸਤਕ ਸੋ ਥਾਨੁ ਸੁਹਾਵਾ ਦੇ ਸਿਰਲੇਖ ਹੇਠ ਦੂਸਰੇ ਐਡੀਸ਼ਨ ਨੂੰ ਪ੍ਰਕਾਸ਼ਤ ਕਰਨ ਦੀ ਖੁਸ਼ੀ ਲੈ ਰਹੇ ਹਾਂ। ਪੁਸਤਕ ਦੀ ਪ੍ਰਵਾਨਗੀ ਦਾ ਅੰਦਾਜ਼ਾ ਇਸ ਗੱਲ ਤੋਂ ਸਹਿਜੇ ਹੀ ਲੱਗ ਜਾਂਦਾ ਹੈ ਕਿ ਇਸ ਨੂੰ ਅਜੀਤ ਅਖ਼ਬਾਰ ਵੱਲੋਂ ਵਿਸ਼ੇਸ਼ ਸਪਲੀਮੈਂਟ ਵਿਚ ਪਹਿਲੇ ਕਾਲਮ ਅਧੀਨ ਲੜੀਵਾਰ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੋਏ ਫੈਸਲੇ ਅਨੁਸਾਰ ਇਸ ਪੁਸਤਕ ਦਾ ਅੰਗਰੇਜ਼ੀ ਅਨੁਵਾਦ ਵੀ ਛੇਤੀ ਹੀ ਪਾਠਕਾਂ ਦੇ ਹੱਥਾਂ ਵਿਚ ਹੋਵੇਗਾ। ਮੈਂ ਵਿਸ਼ੇਸ਼ ਕਰਕੇ ਜਥੇਦਾਰ, ਗੁਰਚਰਨ ਸਿੰਘ ਜੀ ਟੌਹੜਾ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ. ਮਨਜੀਤ ਸਿੰਘ ਸਕੱਤਰ, ਸ਼੍ਰੋਮਣੀ ਕਮੇਟੀ ਦਾ ਰਿਣੀ ਹਾਂ, ਜਿਨ੍ਹਾਂ ਨੇ ਆਪਣੇ ਰੁਝੇਵਿਆਂ ਭਰੇ ਸਮੇਂ ਵਿੱਚੋਂ ਇਸ ਪੁਸਤਕ ਦੇ ਦੂਸਰੇ ਐਡੀਸ਼ਨ ਸੰਬੰਧੀ ਕੁਝ ਸ਼ਬਦ ਲਿਖ ਕੇ ਮੇਰੇ ਉਤਸ਼ਾਹ ਨੂੰ ਵਧਾਇਆ ਹੈ।

ਮੈਂ ਇਸ ਪੁਸਤਕ ਦੇ ਪ੍ਰਕਾਸ਼ਨ ਵਿਚ ਸਹਿਯੋਗੀ ਸੱਜਣ-ਸਨੇਹੀਆਂ (ਖਾਸ ਕਰਕੇ ਸ. ਰਣਵੀਰ ਸਿੰਘ ਐਡੀ. ਸਕੱਤਰ ਤੇ ਸ. ਜੋਗਿੰਦਰ ਸਿੰਘ ਮੀਤ ਸਕੱਤਰ) ਦਾ ਧੰਨਵਾਦੀ ਹਾਂ, ਜਿਨ੍ਹਾਂ ਦੇ ਭਰਵੇਂ ਸਹਿਯੋਗ ਸਦਕਾ ਇਹ ਕਾਰਜ ਸੰਪੂਰਨ ਹੋਇਆ ਹੈ। ਆਸ ਹੈ ਕਿ ਪਾਠਕ ਸੋ ਥਾਨੁ ਸੁਹਾਵਾ ਦੇ ਦੂਸਰੇ ਐਡੀਸ਼ਨ ਨੂੰ ਪਸੰਦ ਕਰਨਗੇ।

ਰੂਪ ਸਿੰਘ

ਨਵੰਬਰ, ੨੦੦੩

ਨੋਟ : ਮੌਜੂਦਾ ਸਮੇਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਜਥੇਦਾਰ ਵਜੋਂ ਸਿੰਘ ਸਾਹਿਬ ਗਿਆਨੀ ਤ੍ਰਿਲੋਚਨ ਸਿੰਘ ਜੀ ਅਤੇ ਸਿੰਘ ਸਾਹਿਬ ਗਿਆਨੀ ਬਲਵੰਤ ਸਿੰਘ ਜੀ ਸੇਵਾ ਕਰ ਰਹੇ ਹਨ। ਪੁਸਤਕ ਦਾ ਇਹ ਐਡੀਸ਼ਨ ਵੀ ਹੂ-ਬ-ਹੂ ਪ੍ਰਕਾਸ਼ਤ ਕੀਤਾ ਗਿਆ ਹੈ। ਇਸ ਕਾਰਨ ਕੁਝ ਨਾਂ ਤੇ ਟੈਲੀਫ਼ੋਨ ਨੰਬਰ ਪਹਿਲੇ ਵਾਲੇ ਹੀ ਪ੍ਰਕਾਸ਼ਤ ਹੋਏ ਹਨ।




ਜਿਥੈ ਜਾਇ ਬਹੈ ਮੇਰਾ ਸਤਿਗੁਰੂ ...

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ

## ਸ੍ਰੀ ਅੰਮ੍ਰਿਤਸਰ (ਪੰਜਾਬ)



ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ, ਸਿੱਖ ਕੌਮ ਦਾ ਪ੍ਰਮੁੱਖ ਕੇਂਦਰੀ ਧਾਰਮਿਕ ਅਸਥਾਨ ਹੈ। ਅੰਮ੍ਰਿਤ ਸਰੋਵਰ ਦੇ ਦਰਮਿਆਨ ਸੁਸ਼ੋਭਿਤ ਹਰਿਮੰਦਰ ਸਾਹਿਬ ਤੋਂ ਇਲਾਹੀ ਬਾਣੀ ਦੀਆਂ ਉਠਦੀਆਂ ਧੁਨਾਂ ਅੰਮ੍ਰਿਤ ਸਰੋਵਰ ਦੀਆਂ ਲਹਿਰਾਂ ਨਾਲ ਮਿਲ ਕੇ ਚੌਗਿਰਦੇ ਦੇ ਵਾਤਾਵਰਨ ਨੂੰ ਅਧਿਆਤਮਕ ਸੁਗੰਧੀ ਨਾਲ ਸਰਸ਼ਾਰ ਕਰਦੀਆਂ ਹਨ। ਪ੍ਰਵੇਸ਼ ਦੁਆਰ ਤੋਂ ਪ੍ਰਕਰਕਮਾਂ ਵਿਚ ਪੈਰ ਧਰਦਿਆਂ ਹੀ ਹਰ ਯਾਤਰੂ ਆਪਣੇ ਆਪ ਨੂੰ 'ਪ੍ਰੀਤਮ ਕੇ ਦੇਸ਼' ਦਾ ਵਾਸੀ ਅਨੁਭਵ ਕਰਦਾ ਹੈ। ਯਾਤਰੂ ਭਾਵੇਂ ਕਿਸੇ ਦੇਸ਼, ਧਰਮ, ਜਾਤੀ, ਨਸਲ ਜਾਂ ਖਿੱਤੇ ਦਾ ਹੋਵੇ ਹਰਿਮੰਦਰ ਸਾਹਿਬ ਦੇ ਚੌਗਿਰਦੇ ਵਿਚ ਆਪਣੇ ਆਪ ਨੂੰ ਅਧਿਆਤਮਕ ਰੰਗਤ ਵਿਚ ਰੰਗਿਆ ਮਹਿਸੂਸ ਕਰਦਾ ਹੈ।

ਹਰਿਮੰਦਰ ਸਾਹਿਬ ਸਮਸਤ ਮਾਨਵਤਾ ਲਈ ਸਰਬ ਸਾਂਝਾ ਧਾਰਮਿਕ ਅਸਥਾਨ ਹੈ, ਜਿੱਥੇ ਹਰ ਧਰਮ, ਜਾਤੀ, ਨਸਲ, ਦੇਸ਼ ਦਾ ਮਾਨਵ ਆਪਣੀ ਅਧਿਆਤਮਕ ਖੁਰਾਕ, ਮਾਨਸਿਕ ਸ਼ਕਤੀ ਤੇ ਆਤਮਕ ਤ੍ਰਿਪਤੀ ਬਿਨਾਂ ਰੋਕ-ਟੋਕ, ਵਿਤਕਰੇ ਦੇ ਪ੍ਰਾਪਤ ਕਰ ਸਕਦਾ ਹੈ। ਹਰਿਮੰਦਰ ਸਾਹਿਬ ਮਾਨਵੀ ਪਿਆਰ, ਇਤਫਾਕ, ਰੱਬੀ-ਏਕਤਾ, ਬਰਾਬਰਤਾ, ਸਰਬ ਸਾਂਝੀਵਾਲਤਾ ਦਾ ਸਦੀਵੀ ਪ੍ਰਗਟਾਅ ਹੈ।



ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥

ਸਿੱਖਾਂ ਵਾਸਤੇ ਹਰਿਮੰਦਰ ਸਾਹਿਬ ਇੱਕ ਧਾਰਮਿਕ ਕੇਂਦਰ ਹੀ ਨਹੀਂ, ਸਗੋਂ ਸਿੱਖ ਕੌਮ ਦੀ ਵਿਲੱਖਣ ਹੋਂਦ-ਹਸਤੀ, ਸਵੈਮਾਣ, ਇਤਿਹਾਸ ਤੇ ਵਿਰਾਸਤ ਦੀ ਜਗਦੀ ਜੋਤ ਹੈ। ਸਿੱਖ ਕੌਮ ਦੀ ਹੋਂਦ-ਹਸਤੀ, ਧਰਮ, ਸਮਾਜ ਤੇ ਰਾਜਨੀਤੀ, ਹਰਿਮੰਦਰ ਸਾਹਿਬ ਦੇ ਸੰਕਲਪ, ਸਿਧਾਂਤ ਤੇ ਇਤਿਹਾਸ ਨਾਲ ਜੁੜੀ ਹੋਈ ਹੈ। ਹਰਿਮੰਦਰ ਸਾਹਿਬ ਦਾ ਸੰਕਲਪ ਸਿਧਾਂਤ ਤੇ ਸਰੂਪ ਪਾਵਨ ਬਾਣੀ ਵਿਚ ਅੰਕਿਤ ਹੈ, ਜਿਸ ਨੂੰ ਸਰਗੁਣ ਸਰੂਪ ਵਿਚ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਪ੍ਰਗਟ ਕਰ, ਮਾਨਵਤਾ ਨੂੰ ਆਦਰਸ਼ਿਕ ਧਰਮ ਮੰਦਰ ਦਾ ਸਾਖਸ਼ਾਤ ਸਰੂਪ ਭੇਟ ਕੀਤਾ। ਹਰਿਮੰਦਰ ਸਾਹਿਬ ਦੇ ਸੰਕਲਪ-ਸਿਧਾਂਤ, ਅੰਦਰੂਨੀ ਤੇ ਬਾਹਰੀ ਸੁੰਦਰਤਾ ਤੇ ਗੌਰਵਮਈ ਇਤਿਹਾਸਿਕ ਵਿਰਸੇ ਨੂੰ ਕਲਮਬੰਦ ਕਰਨਾ ਜੇ ਅਸੰਭਵ ਨਹੀਂ ਤਾਂ ਮੁਸ਼ਕਿਲ ਜ਼ਰੂਰ ਹੈ। ਹਰਿਮੰਦਰ ਸਾਹਿਬ ਤਾਂ ਅਨੁਭਵ ਦਾ ਵਿਸ਼ਾ ਹੈ।

ਸ੍ਰੀ ਗੁਰੂ ਅਮਰਦਾਸ ਜੀ ਦੀ ਪ੍ਰੇਰਨਾਂ ਨਾਲ (ਗੁਰੂ) ਰਾਮਦਾਸ ਜੀ ਨੇ ੧੫੭੭ ਈ: ਵਿਚ "ਅੰਮ੍ਰਿਤ ਸਰੋਵਰ" ਦੀ ਖੁਦਵਾਈ ਆਰੰਭ ਕਰਵਾਈ ਅਤੇ ੧੫੮੮ ਈ: ਵਿਚ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤ ਸਰੋਵਰ ਨੂੰ ਪੱਕਿਆਂ ਕਰਵਾਇਆ। ਪਹਿਲੀ ਮਾਘ, ਸੰਮਤ ੧੬੪੫ (੧੫ ਦਸੰਬਰ, ੧੫੮੮ ਈ:) ਨੂੰ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਦੀ, ਆਰੰਭਤਾ ਕਰਵਾਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਦਿ ਸਰੂਪ ਸੰਪੂਰਨ ਹੋਣ ਤੇ ਭਾਦਰੋਂ ਸੁਦੀ ਏਕਮ, ਸੰਮਤ ੧੬੬੧ (੧੬ ਅਗਸਤ, ੧੬੦੪) ਨੂੰ ਪਹਿਲੀ ਵਾਰ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ਮਾਨ ਕਰ, ਹਰਿਮੰਦਰ ਸਾਹਿਬ ਦੇ ਆਦਰਸ਼ ਨੂੰ ਸੰਪੂਰਨਤਾ ਪ੍ਰਦਾਨ ਕਰ ਸਰਬ ਸਾਂਝੀ ਗੁਰਬਾਣੀ ਦੇ ਨਿਰੰਤਰ ਜਾਪ ਦੀ ਮਰਿਆਦਾ ਨਿਰਧਾਰਿਤ ਕੀਤੀ। ਗੁਰੂ-ਘਰ ਦੇ ਅਨਿੰਨ ਸੇਵਕ ਬਾਬਾ ਬੁੱਢਾ ਜੀ ਨੂੰ ਪਹਿਲੇ ਮੁੱਖ ਗ੍ਰੰਥੀ ਹੋਣ ਦਾ ਮਾਣ ਸਤਿਕਾਰ ਹਾਸਿਲ ਹੋਇਆ।

ਹਰਿਮੰਦਰ ਸਾਹਿਬ ਦੀ ਨਿਰਮਾਣ ਕਲਾ ਅਦਭੁੱਤ ਤੇ ਅਲੌਕਿਕ ਹੈ। ਧਰਤੀ ਦੇ ਬਾਹਰੀ ਤਲ ਤੋਂ ਕਾਫੀ ਨੀਵਾਣ ਵਿਚ ਬਣੇ ਅੰਮ੍ਰਿਤ ਸਰੋਵਰ ਦਰਮਿਆਨ ਸਿਰਜਤ, ਹਰਿਮੰਦਰ ਸਾਹਿਬ ਮਾਨਵਤਾ ਨੂੰ ਨਿਮਰਤਾ, ਨਿਰਮਾਣਤਾ ਤੇ ਨਿਰਵੈਰਤਾ ਦਾ ਪਹਿਲਾ ਪਾਠ ਪੜ੍ਹਾਉਂਦਾ ਹੈ। ਹਰਿਮੰਦਰ ਸਾਹਿਬ ਦੇ ਚਾਰ ਦਿਸ਼ਾਵਾਂ ਵਿਚ ਬਣੇ ਚਾਰ ਦਰਵਾਜ਼ੇ ਚੌਹ ਵਰਨਾਂ ਦੀ ਲੋਕਾਈ ਨੂੰ ਬਰਾਬਰਤਾ, ਸਾਂਝੀਵਾਲਤਾ ਦਾ ਅਹਿਸਾਸ ਕਰਵਾਉਂਦੇ ਹਨ।

ਮੀਰੀ-ਪੀਰੀ ਦੇ ਮਾਲਿਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਹਰਿਮੰਦਰ ਸਾਹਿਬ ਦੇ ਸਨਮੁਖ ੧੬੦੬ ਈ: ਵਿਚ ਅਕਾਲ ਬੁੰਗੇ ਦਾ ਨਿਰਮਾਣ ਕਾਰਜ ਕਰਵਾਇਆ ਜੋ ਪਿੱਛੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਨਾਮ ਨਾਲ ਵਿਸ਼ਵ ਪ੍ਰਸਿੱਧ ਹੋਇਆ, ਜਿਸ ਬਾਰੇ ਵਿਸ਼ੇਸ਼ ਜਾਣਕਾਰੀ ਅਲੱਗ ਦਿੱਤੀ ਜਾਵੇਗੀ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਅੰਮ੍ਰਿਤਸਰ ਤੋਂ ਕੀਰਤਪੁਰ ਜਾਣ ਉਪਰੰਤ ਹਰਿਮੰਦਰ ਸਾਹਿਬ ਦਾ ਪ੍ਰਬੰਧ ਪ੍ਰਿਥੀ ਚੰਦ, ਮਿਹਰਬਾਨ ਤੇ ਹਰਿ ਜੀ ਪਾਸ ਰਿਹਾ। ਖਾਲਸੇ ਦੀ ਸਿਰਜਣਾਂ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਹਰਿਮੰਦਰ ਸਾਹਿਬ ਜੀ ਦੀ ਸੇਵਾ-ਸੰਭਾਲ ਤੇ ਪ੍ਰਬੰਧ ਲਈ ਉਚੇਚੇ ਤੌਰ 'ਤੇ ਅੰਮ੍ਰਿਤਸਰ ਭੇਜਿਆ। ਸਿੱਖ ਸੰਘਰਸ਼ ਕਾਲ ਦੌਰਾਨ ਹਰਿਮੰਦਰ ਸਾਹਿਬ ਹਮੇਸ਼ਾਂ ਦੁਸ਼ਮਣ ਸ਼ਕਤੀਆਂ ਨੂੰ ਰੜਕਦਾ ਰਿਹਾ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਦੌਰਾਨ ਹਰਿਮੰਦਰ ਸਾਹਿਬ ਦੀ ਇਮਾਰਤ ਦੇ ਨਿਰਮਾਣ ਤੇ ਸੁੰਦਰੀਕਰਨ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ। ਸਰਕਾਰ ਖਾਲਸਾ ਨੇ ਹਰਿਮੰਦਰ ਸਾਹਿਬ 'ਤੇ ਸੋਨੇ ਅਤੇ ਪ੍ਰਕਰਮਾ ਵਿਚ ਸੰਗਮਰਮਰ ਦੀ ਵਿਸ਼ੇਸ਼ ਤੌਰ 'ਤੇ ਸੇਵਾ ਕਰਵਾਈ। ਹਰਿਮੰਦਰ ਸਾਹਿਬ 'ਤੇ ਸੋਨੇ ਦੇ ਸੁਨਹਿਰੀ ਪੱਤਰਿਆਂ ਦੀ ਚਮਕ ਕਰਕੇ ਨਾਂਅ ਵੀ ਗੋਲਡਨ ਟੈਂਪਲ ਪ੍ਰਸਿਧ ਹੋਇਆ। ਸ੍ਰੀ ਹਰਿਮੰਦਰ ਸਾਹਿਬ 'ਤੇ ਬਹੁਤ ਸਮਾਂ ਪਿਤਾ ਪੁਰਖੀ ਮਹੰਤ ਕਾਬਜ਼ ਰਹੇ, ੧੯੨੦ ਈ: ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰੂ-ਪੰਥ ਦੀ

ਪ੍ਰਤੀਨਿਧ ਸੰਸਥਾ ਵਜੋਂ ਸੇਵਾ ਸੰਭਾਲੀ ਅਤੇ ਯਾਤਰੂਆਂ ਦੀ ਸਹੂਲਤ ਵਾਸਤੇ ਬਹੁਤ ਸਾਰੀਆਂ ਹੋਰ ਇਮਾਰਤਾਂ ਦੀ ਉਸਾਰੀ ਕਰਵਾਈ।

੧੯੯੫ ਈ: ਵਿਚ ਸੋਨੇ ਦੀ ਚਮਕ ਵਿਚ ਫਰਕ ਆ ਜਾਣ ਕਾਰਣ ਸੋਨੇ ਦੀ ਨਵੇਂ ਸਿਰਿਉਂ ਸੇਵਾ ਕਰਨ ਦਾ ਕਾਰਜ, ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ, ਬਰਮਿੰਘਮ ਨੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਆਰੰਭਿਆ, ਜੋ ੧੯੯੯ ਦੀ ਵਿਸਾਖੀ ਨੂੰ ਬਾਹਰੀ ਰੂਪ ਵਿਚ ਸੰਪੂਰਨ ਹੋਇਆ। ਅੰਮ੍ਰਿਤ ਸਰੋਵਰ ਦਾ ਜਲ ਇੱਕ ਵਿਸ਼ੇਸ਼ ਹੰਸਲੀ ਰਾਹੀਂ ਆਉਂਦਾ ਹੈ । ਜਲ ਦੀ ਸਵੱਛਤਾ ਵਾਸਤੇ ਹੁਣ ਤੱਕ ਕਈ ਵਾਰ ਕਾਰ-ਸੇਵਾ ਹੋ ਚੁੱਕੀ ਹੈ।



ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਆਏ ਯਾਤਰੂ ਆਮ ਕਰਕੇ ਅੰਮ੍ਰਿਤ ਸਰੋਵਰ ਦੀ ਪ੍ਰਕਰਮਾਂ ਕਰਦੇ ਹੋਏ ਦਰਸ਼ਨੀ ਡਿਉਢੀ ਤੋਂ ਪੁਲ ਦੇ ਰਸਤੇ ਸ੍ਰੀ ਹਰਿਮੰਦਰ ਸਾਹਿਬ ਦੇ ਪੱਛਮੀਂ ਦਰਵਾਜ਼ੇ ਰਾਹੀਂ ਪ੍ਰਵੇਸ਼ ਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਦੇ ਸਨਮੁੱਖ ਸ਼ਰਧਾ ਸਤਿਕਾਰ ਭੇਟ ਕਰਦੇ ਹਨ। ਸ੍ਰੀ ਹਰਿਮੰਦਰ ਸਾਹਿਬ ਦੀ ਚਰਨ-ਧੂੜ ਪਰਸ, ਸਾਹ-ਸਤਹੀਣ ਹੋਇਆ ਮਨੁੱਖ ਵੀ ਸਾਹਸ ਅਤੇ ਸ਼ਕਤੀ ਭਰਪੂਰ ਮਹਿਸੂਸ ਕਰਦਾ ਹੈ ਅਤੇ ਦੱਖਣੀਂ ਦਰਵਾਜ਼ੇ ਰਾਹੀਂ ਬਾਹਰ ਨਿਕਲ, ਹਰਿ ਕੀ ਪਉੜੀ ਤੋਂ ਚੂਲ਼ਾ ਲੈ ਕੇ ਜਾਤੀ ਹਉਮੈ-ਅਹੰਕਾਰ ਦੀ ਉੱਚਤਾ ਤੋਂ ਨਿਜਾਤ ਪਾਉਂਦਾ ਹੈ। ਵਾਪਸੀ 'ਤੇ ਕੜਾਹ ਪ੍ਰਸਾਦਿ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਰਸ਼ਨ ਕਰ, ਮੀਰੀ-ਪੀਰੀ ਦੇ ਪ੍ਰਤੀਕ ਨਿਸ਼ਾਨ ਸਾਹਿਬਾਂ ਦੇ ਨਜ਼ਦੀਕ ਲਿਖੇ ਅੰਮ੍ਰਿਤ ਵੇਲੇ ਸ੍ਰੀ ਹਰਿਮੰਦਰ ਸਾਹਿਬ ਤੋਂ ਆਏ ਮਹਾਂਵਾਕ (ਹੁਕਮਨਾਮਾ) ਨੂੰ ਪੜ੍ਹ ਕੇ ਗੁਰੂ ਦੇ ਹੁਕਮ 'ਤੇ ਚੱਲਣ ਦਾ ਨਿਸ਼ਠਾ ਕਰਦੇ ਹਨ।



ਇਤਿਹਾਸਕ ਬੁੰਗੇ

ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਇਸ਼ਨਾਨਾਂ ਨੂੰ ਆਏ ਯਾਤਰੂ ਗੁਰਦੁਆਰਾ ਦੁੱਖ ਭੰਜਨੀ ਬੇਰੀ, ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ, ਗੁ: ਲਾਚੀ ਬੇਰ, ਗੁ: ਸ਼ਹੀਦ ਬਾਬਾ ਗੁਰਬਖਸ਼ ਸਿੰਘ ਜੀ, ਗੁ: ਥੜ੍ਹਾ ਸਾਹਿਬ ਆਦਿ ਅਸਥਾਨਾਂ 'ਤੇ ਵੀ ਸ਼ਰਧਾ ਸਤਿਕਾਰ ਭੇਟ ਕਰ, ਕੇਂਦਰੀ ਸਿੱਖ ਅਜਾਇਬਘਰ ਅਤੇ ਸਿੱਖ ਰੈਫਰੈਂਸ ਲਾਇਬ੍ਰੇਰੀ ਤੋਂ ਗੌਰਵਮਈ ਸਿੱਖ ਵਿਰਸੇ ਦੀ ਜਾਣਕਾਰੀ ਪ੍ਰਾਪਤ ਕਰਦੇ ਹਨ

ਸ੍ਰੀ ਹਰਿਮੰਦਰ ਸਾਹਿਬ ਸਿੱਖ ਜੀਵਨ-ਜਾਚ ਤੇ ਵਿਸ਼ਵਾਸ ਦਾ ਸੋਮਾ ਹੋਣ ਕਰਕੇ ਹਮੇਸ਼ਾਂ ਦੁਸ਼ਮਣ ਤਾਕਤਾਂ ਨੂੰ ਰੜਕਦਾ ਵੀ ਰਿਹਾ। ਇਹੀ ਕਾਰਣ ਹੈ ਕਿ ਕਦੇ ਮੁਗਲ, ਕਦੇ ਅਫ਼ਗਾਨ, ਕਦੇ ਦੁਰਾਨੀ ਤੇ ਕਦੇ ਆਪਣੇ ਅਖਵਾਉਣ ਵਾਲੇ ਅੰਮ੍ਰਿਤ ਦੇ ਇਸ ਅਮੁੱਕ ਸੋਮੇ ਨੂੰ ਸਮਾਪਤ ਕਰਨ ਲਈ ਯਤਨਸ਼ੀਲ ਹੋਏ ਪਰ ਵਿਚਾਰੇ ਆਪਣੀ ਹੀ ਹੋਂਦ-ਹਸਤੀ ਗੁਆ ਬੈਠੇ। ਭਾਵੇਂ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਨੂੰ ਬਰਕਰਾਰ ਰੱਖਣ ਲਈ ਸਮੇਂ-ਸਮੇਂ ਅਨੇਕਾਂ ਸੂਰਬੀਰ-ਬਹਾਦਰ, ਗੁਰਸਿੱਖ-ਸਿਰਲੱਥ ਯੋਧਿਆਂ ਨੂੰ ਸ਼ਹਾਦਤ ਦਾ ਜਾਮ ਪੀਣਾ



ਹਰਿਮੰਦਰ ਸਾਹਿਬ ਵਿਖੇ ਦੀਪਮਾਲਾ ਦਾ ਦ੍ਰਿਸ਼

ਪਿਆ। ਹਰਿਮੰਦਰ ਸਾਹਿਬ ਹਮੇਸ਼ਾਂ ਦੀ ਤਰ੍ਹਾਂ ਪਿਆਰ-ਮੁਹੱਬਤ ਦਾ ਸੰਦੇਸ਼ ਮਾਨਵਤਾ ਨੂੰ ਨਿਰੰਤਰ ਵੰਡ ਰਿਹਾ ਹੈ।

ਹਰਿਮੰਦਰ ਸਾਹਿਬ ਪ੍ਰਮੁੱਖ, ਪਵਿੱਤਰ, ਇਤਿਹਾਸਿਕ ਸ਼ਹਿਰ ਅੰਮ੍ਰਿਤਸਰ ਵਿਖੇ ਸੁਸ਼ੋਭਿਤ ਹੈ। ਜੋ ਦਿੱਲੀ ਤੋਂ ੪੪੦ ਕਿ:ਮੀ:, ਲਾਹੌਰ ਤੋਂ ੪੯, ਜਲੰਧਰ ਤੋਂ ੮੦, ਬਟਾਲਾ ਤੋਂ ੩੯, ਤਰਨਤਾਰਨ ਤੋਂ ੨੪ ਕਿ:ਮੀ: ਦੀ ਦੂਰੀ 'ਤੇ ਸਥਿਤ ਹੈ। ਇਹ ਅੰਤਰ-ਰਾਸ਼ਟਰੀ ਏਅਰਪੋਰਟ ਅੰਮ੍ਰਿਤਸਰ ਤੋਂ ੨੦ ਕਿਲੋਮੀਟਰ, ਉੱਤਰੀ ਭਾਰਤ ਦੇ ਪ੍ਰਸਿੱਧ ਰੇਲਵੇ ਸਟੇਸ਼ਨ ਅੰਮ੍ਰਿਤਸਰ ਤੋ ੩ ਕਿ:ਮੀ: ਤੋਂ ਅੰਤਰਰਾਜੀ ਬਸ ਸਟੈਂਡ ਤੋਂ ਕੇਵਲ ੧.੫ ਕਿ:ਮੀ: ਦੀ ਵਿਥ 'ਤੇ ਹੈ।

ਯਾਤਰੂਆਂ ਦੀ ਸਹੂਲਤ ਵਾਸਤੇ ਰੇਲਵੇ ਸਟੇਸ਼ਨ ਤੇ ਬਸ ਸਟੈਂਡ ਤੋਂ ਹਰਿਮੰਦਰ ਸਾਹਿਬ ਤੱਕ ਸ਼੍ਰੋਮਣੀ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਫ੍ਰੀ ਬਸ ਸੇਵਾ ਦੀ ਸਹੂਲਤ ਦਿੱਤੀ ਜਾ ਰਹੀ ਹੈ। ਦੇਸ਼ ਵਿਦੇਸ਼ ਤੋਂ ਰੋਜ਼ਾਨਾ ਹਜ਼ਾਰਾਂ ਸ਼ਰਧਾਲੂ ਸ਼ਰਧਾ ਸਤਿਕਾਰ ਭੇਂਟ ਕਰਨ ਵਾਸਤੇ ਹਰਿਮੰਦਰ ਸਾਹਿਬ ਆਉਂਦੇ ਹਨ।

ਹਰਿਮੰਦਰ ਸਾਹਿਬ ਆਉਣ ਵਾਲੇ ਯਾਤਰੂਆਂ ਦੀ ਰਿਹਾਇਸ਼ ਅਤੇ ਲੰਗਰ ਪ੍ਰਸਾਦਿ ਦਾ ਬਹੁਤ ਹੀ ਉਚਿੱਤ ਪ੍ਰਬੰਧ ਹੈ। ਗੁਰੂ ਰਾਮਦਾਸ ਲੰਗਰ ਵਿਚ ਰੋਜ਼ਾਨਾਂ ੫੦ ਹਜ਼ਾਰ ਦੇ ਕਰੀਬ ਸ਼ਰਧਾਲੂ ਪ੍ਰਸ਼ਾਦਾ ਛਕਦੇ ਹਨ।

ਹਰਿਮੰਦਰ ਸਾਹਿਬ ਜਿਸ ਨੂੰ ਕਿ ਸ੍ਰੀ ਦਰਬਾਰ ਸਾਹਿਬ ਵੀ ਕਿਹਾ ਜਾਂਦਾ ਹੈ, ਦਾ ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਮੈਨੇਜਰ, ਸ੍ਰੀ ਦਰਬਾਰ ਸਾਹਿਬ ਰਾਹੀਂ ਕਰਦੀ ਹੈ। ਇਸ ਸਮੇਂ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਦੀ ਸੇਵਾ ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਜੀ ਨਿਭਾ ਰਹੇ ਹਨ।



ਅੱਠਸੱਠ ਤੀਰਥ ਤੇ ਹਰਿਮੰਦਰ ਸਾਹਿਬ



## ਸੱਚ-ਖੰਡ ਸ੍ਰੀ ਹਰਿਮੰਦਰ ਸਾਹਿਬ

### ਵਿਖੇ ਰੋਜ਼ਾਨਾ ਦੀ ਪਵਿੱਤਰ ਮਰਯਾਦਾ

| | |
|---|---|
| ਕਿਵਾੜ ਖੁਲ੍ਹਣ ਦਾ ਸਮਾਂ | ੨.੧੫ ਵਜੇ ਅੰਮ੍ਰਿਤ ਵੇਲੇ |
| ਕੀਰਤਨ ਆਰੰਭ ਅੰਮ੍ਰਿਤ ਵੇਲੇ | ੨.੧੫ ਵਜੇ ਅੰਮ੍ਰਿਤ ਵੇਲੇ |
| ਆਸਾ ਦੀ ਵਾਰ ਦਾ ਕੀਰਤਨ ਆਰੰਭ | ੩.੧੫ ਵਜੇ ਸਵੇਰੇ |
| ਪਾਲਕੀ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਚੱਲਣ ਦਾ ਸਮਾਂ | ੪.੧੫ ਵਜੇ ਸਵੇਰੇ |
| ਪਹਿਲਾ ਹੁਕਮਨਾਮਾ | ੪.੪੫ ਵਜੇ ਸਵੇਰੇ |
| ਪਹਿਲੀ ਅਰਦਾਸ | ੫.੧੫ ਵਜੇ ਸਵੇਰੇ |
| ਸ੍ਰੀ ਆਸਾ ਜੀ ਦੀ ਵਾਰ ਦੀ ਸਮਾਪਤੀ | ੬.੧੫ ਵਜੇ ਸਵੇਰੇ |
| ਦੂਸਰੀ ਅਰਦਾਸ ਤੇ ਹੁਕਮਨਾਮਾ | ੬.੩੦ ਵਜੇ ਤੱਕ ਸਵੇਰੇ |
| ਸ਼ਾਮ ਨੂੰ ਸੋਦਰੁ, ਰਹਰਾਸਿ ਸਾਹਿਬ ਦਾ ਪਾਠ ਸੂਰਜ ਛਿਪਣ ਉਪ੍ਰੰਤ ਸ਼ੁਰੂ ਹੁੰਦਾ ਹੈ। | |
| ਹੁਕਮਨਾਮਾ ਰਾਤ ਨੂੰ ਸਮਾਪਤੀ ਸਮੇਂ | ੧੦.੧੫ ਵਜੇ ਰਾਤ |
| ਸ੍ਰੀ ਹਰਿਮੰਦਰ ਸਾਹਿਬ ਤੋਂ ਪਾਲਕੀ ਸਾਹਿਬ ਚੱਲਣ ਦਾ ਸਮਾਂ | ੧੦.੩੦ ਵਜੇ ਰਾਤ |
| ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚਣ ਦਾ ਸਮਾਂ | ੧੦.੪੫ ਵਜੇ ਰਾਤ |

ਸ੍ਰੀ ਹਰਿਮੰਦਰ ਸਾਹਿਬ ਜੀ ਦੇ ਕਿਵਾੜ ਖੁਲ੍ਹਣ ਤੋਂ ਲੈ ਕੇ ਸਮਾਪਤੀ ਤੱਕ ਅਖੰਡ ਕੀਰਤਨ ਨਿਰੰਤਰ ਹੁੰਦਾ ਰਹਿੰਦਾ ਹੈ ।



ਦਰਸਨੁ ਦੇਖਿ ਜੀਵਾ ਗੁਰ ਤੇਰਾ ॥

ਰਾਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਜਾਣ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਵਿਖੇ ਇਕ ਘੰਟਾ ਸੇਵਾ ਤੇ ਸਫਾਈ ਆਦਿ ਉਪਰੰਤ ਇਸ਼ਨਾਨ ਕਰਾਉਣ ਦੀ ਸੇਵਾ ਸ਼ਰਧਾਲੂ, ਸੇਵਾਦਾਰਾਂ ਦੇ ਸਹਿਯੋਗ ਨਾਲ ਕਰਦੇ ਹਨ। ਇਸ਼ਨਾਨ ਸਮੇਂ ਮਿਲ ਕੇ ਪ੍ਰੇਮੀ ਇਸ਼ਨਾਨ ਕਰਾਉਂਦੇ ਹਨ ਅਤੇ ਨਾਲ ਬੜੇ ਹੀ ਪ੍ਰੇਮ ਸਹਿਤ ਰਸ-ਭਿੰਨੀ ਸੁਰ ਵਿਚ ਗੁਰਬਾਣੀ ਦੇ ਸ਼ਬਦ ਗਾਇਨ ਕਰਦੇ ਹਨ। ਇਸ਼ਨਾਨ ਆਦਿ ਦੀ ਸੇਵਾ ਕਰਾਉਣ ਉਪਰੰਤ ਵਿਛਾਈਆਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿੰਘਾਸਨ ਸਜਾ ਕੇ ਅਰਦਾਸ ਹੁੰਦੀ ਹੈ ਤੇ ਕੜਾਹ ਪ੍ਰਸ਼ਾਦਿ ਦੀ ਦੇਗ ਵਰਤਦੀ ਹੈ। ਫਿਰ ਤਿੰਨ-ਪਹਿਰੇ ਦੀ ਚੌਂਕੀ ਦਾ ਕੀਰਤਨ ਆਰੰਭ ਹੁੰਦਾ ਹੈ।

ਸ੍ਰੀ ਹਰਿਮੰਦਰ ਸਾਹਿਬ ਜੀ ਦੀ ਵਿਚਾਲੇ ਦੀ ਛੱਤ ਅਤੇ ਗੁੰਬਦ ਵਿਚ ਹਰ ਵਕਤ ਅਖੰਡ ਪਾਠ ਚਲਦੇ ਹਨ, ਜਿਨ੍ਹਾਂ ਦਾ ਵਾਰੀ ਨਾਲ ਰੋਜ਼ਾਨਾ ਇਕ ਅਖੰਡ ਪਾਠ ਦਾ ਭੋਗ ਪੈਂਦਾ ਹੈ।

ਨੋਟ :- ਸਰਦੀਆਂ ਅਤੇ ਗਰਮੀਆਂ ਦੀ ਰੁੱਤ ਨੂੰ ਮੁੱਖ ਰਖਦਿਆਂ ਸਮੇਂ ਵਿੱਚ ਮਾਮੂਲੀ ਤਬਦੀਲੀ ਹੁੰਦੀ ਹੈ।



ਕੁਰਬਾਣੀ ਤਿਨ੍ਹਾਂ ਗੁਰਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ ।

# ਸੱਚ-ਖੰਡ ਸ੍ਰੀ ਹਰਿਮੰਦਰ ਸਾਹਿਬ

## ਵਿਖੇ ਮਨਾਏ ਜਾਂਦੇ

## ਪ੍ਰਮੁੱਖ ਗੁਰਪੁਰਬ ਤੇ ਦਿਨ ਦਿਹਾਰ

- ਪ੍ਰਕਾਸ਼ ਗੁਰਪੁਰਬ ਗੁਰੂ ਨਾਨਕ ਦੇਵ ਜੀ
- ਪ੍ਰਕਾਸ਼ ਗੁਰਪੁਰਬ ਗੁਰੂ ਰਾਮਦਾਸ ਜੀ
- ਪ੍ਰਕਾਸ਼ ਗੁਰਪੁਰਬ ਗੁਰੂ ਅਰਜਨ ਦੇਵ ਜੀ
- ਪ੍ਰਕਾਸ਼ ਗੁਰਪੁਰਬ ਗੁਰੂ ਹਰਿਗੋਬਿੰਦ ਸਾਹਿਬ ਜੀ
- ਪ੍ਰਕਾਸ਼ ਗੁਰਪੁਰਬ ਗੁਰੂ ਤੇਗ ਬਹਾਦਰ ਸਾਹਿਬ ਜੀ
- ਪ੍ਰਕਾਸ਼ ਗੁਰਪੁਰਬ ਗੁਰੂ ਗੋਬਿੰਦ ਸਿੰਘ ਜੀ
- ਪਹਿਲਾ ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
- ਗੁਰ-ਗੱਦੀ ਦਿਵਸ ਪਾ: ਛੇਵੀਂ
- ਸ਼ਹੀਦੀ ਦਿਹਾੜਾ ਪਾ: ਪੰਜਵੀਂ
- ਸ਼ਹੀਦੀ ਦਿਹਾੜਾ ਪਾ: ਨੌਵੀਂ
- ਜਨਮ ਦਿਨ ਬਾਬਾ ਦੀਪ ਸਿੰਘ ਜੀ ਸ਼ਹੀਦ
- ਸ਼ਹੀਦੀ ਦਿਨ ਬਾਬਾ ਦੀਪ ਸਿੰਘ ਜੀ ਸ਼ਹੀਦ
- ਹੋਲਾ ਮਹੱਲਾ
- ਮੇਲਾ ਵੈਸਾਖੀ (ਸੀਸ ਭੇਟ ਮਹੱਲਾ)
- ਸ਼ਹੀਦੀ ਹਫਤਾ ਜੂਨ,੧੯੮੪
- ਤਖਤ ਸਾਜਣ ਦਾ ਦਿਨ
- ਗੁਰ-ਗੱਦੀ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ
- ਬੰਦੀ ਛੋੜ ਦਿਵਸ (ਦੀਵਾਲੀ)

# ਜਲੌ

## ਸੱਚ-ਖੰਡ ਸ੍ਰੀ ਹਰਿਮੰਦਰ ਸਾਹਿਬ

### ਵਿਖੇ ਨਿਮਨ ਲਿਖਤ ਗੁਰਪੁਰਬਾਂ ਸਮੇਂ ਜਲੌ ਸਜਾਏ ਜਾਂਦੇ ਹਨ

- ਪ੍ਰਕਾਸ਼ ਗੁਰਪੁਰਬ ਪਾਤਸ਼ਾਹੀ ਪਹਿਲੀ
- ਪ੍ਰਕਾਸ਼ ਗੁਰਪੁਰਬ ਪਾਤਸ਼ਾਹੀ ਚੌਥੀ
- ਗੁਰ-ਗੱਦੀ ਦਿਵਸ ਪਾਤਸ਼ਾਹੀ ਛੇਵੀਂ
- ਪ੍ਰਕਾਸ਼ ਗੁਰਪੁਰਬ ਪਾਤਸ਼ਾਹੀ ਨੌਵੀਂ
- ਪ੍ਰਕਾਸ਼ ਗੁਰਪੁਰਬ ਪਾਤਸ਼ਾਹੀ ਦਸਵੀਂ
- ਪਹਿਲਾ ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

# ਰਿਹਾਇਸ਼

ਸ੍ਰੀ ਹਰਿਮੰਦਰ ਸਾਹਿਬ (ਸ੍ਰੀ ਦਰਬਾਰ ਸਾਹਿਬ), ਸ੍ਰੀ ਅੰਮ੍ਰਿਤਸਰ ਕੰਪਲੈਕਸ ਵਿਖੇ ਯਾਤਰੂਆਂ ਦੀ ਰਿਹਾਇਸ਼ ਲਈ ਹੇਠ ਲਿਖੇ ਸਥਾਨਾਂ 'ਤੇ ਪ੍ਰਬੰਧ ਕੀਤਾ ਜਾਂਦਾ ਹੈ:-

- ਸ੍ਰੀ ਗੁਰੂ ਰਾਮਦਾਸ ਨਿਵਾਸ (੨੨੮ ਕਮਰੇ ੧੬ ਹਾਲ) ਇਹ ਫਲੱਸ਼ ਬਾਥਰੂਮ ਕਾਮਨ ਹਨ।
- ਸ੍ਰੀ ਗੁਰੂ ਨਾਨਕ ਨਿਵਾਸ (੮੦ ਕਮਰੇ ੧ ਹਾਲ) ੧੮ ਕਮਰੇ ਫਲੱਸ਼ ਬਾਥਰੂਮ ਅਟੈਚ ਹਨ ਬਾਕੀ ਕਾਮਨ ਬਾਥਰੂਮ
- ਸ੍ਰੀ ਗੁਰੂ ਹਰਿਗੋਬਿੰਦ ਨਿਵਾਸ (੮੮ ਕਮਰੇ ੪ ਹਾਲ) ਸਾਰੇ ਕਮਰੇ ਤੇ ਹਾਲ ਫਲੱਸ਼ ਬਾਥਰੂਮ ਅਟੈਚ ਹਨ।
- ਸ੍ਰੀ ਗੁਰੂ ਅਰਜਨ ਦੇਵ ਨਿਵਾਸ (੯੦ ਕਮਰੇ) ਸਾਰੇ ਕਮਰੇ ਫਲੱਸ਼ ਬਾਥਰੂਮ ਅਟੈਚ ਹਨ।
- ਅਕਾਲ ਰੈਸਟ ਹਾਊਸ (੨੦ ਕਮਰੇ) ਸਾਰੇ ਕਮਰੇ ਫਲੱਸ਼ ਬਾਥਰੂਮ ਅਟੈਚ ਹਨ।
- ਮਾਤਾ ਗੰਗਾ ਜੀ ਨਿਵਾਸ (ਉਸਾਰੀ ਅਧੀਨ ਹੈ)।
- ਭਾਈ ਗੁਰਦਾਸ ਹਾਲ (੬ ਕਮਰੇ ੨ ਹਾਲ) ਫਲੱਸ਼ ਬਾਥਰੂਮ ਅਟੈਚ ਹਨ।
- ਵਿਸ਼ੇਸ਼ ਸਮਾਗਮਾਂ ਸਮੇਂ ਰਿਹਾਇਸ਼ ਦਾ ਪ੍ਰਬੰਧ ਸ੍ਰੀ ਗੁਰੂ ਨਾਨਕ ਗਰਲਜ਼ ਸੀ: ਸੈ: ਸਕੂਲ ਤੇ ਸ੍ਰੀ ਗੁਰੂ ਰਾਮਦਾਸ ਖਾ: ਸੀ: ਸੈ: ਸਕੂਲ ਵਿਖੇ ਵੀ ਕੀਤਾ ਜਾਂਦਾ ਹੈ।



ਹਰਿਮੰਦਰ ਸਾਹਿਬ ਵਿਖੇ ਜਲੌ ਦਾ ਦ੍ਰਿਸ਼

# ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ ਨਾਲ ਸਬੰਧਤ ਕੁਝ ਅਸਥਾਨ


ਗੁ: ਬਾਬਾ ਦੀਪ ਸਿੰਘ ਜੀ ਸ਼ਹੀਦ


ਗੁ: ਬਾਬਾ ਅਟੱਲ ਰਾਇ


ਗੁ: ਰਾਮਸਰ ਸਾਹਿਬ


ਗੁ: ਸੰਤੋਖ ਸਰ (ਟਾਹਲੀ ਸਾਹਿਬ)


ਗੁ: ਕਿਲ੍ਹਾ ਭੰਗੀਆਂ


ਗੁ: ਸ਼ਹੀਦ ਗੰਜ ਸਾਹਿਬ


ਗੁ: ਦਰਸ਼ਨੀ ਡਿਓੜੀ


ਗੁ: ਟੋਭਾ ਭਾਈ ਸਾਲੋ ਜੀ



ਗੁ: ਚੁਰਸਤੀ ਅਟਾਰੀ



ਗੁ: ਦੁੱਖ ਭੰਜਨੀ ਸਾਹਿਬ



ਗੁ: ਬੇਰ ਬਾਬਾ ਬੁੱਢਾ ਜੀ



ਗੁ: ਥੜਾ ਸਾਹਿਬ



ਗੁ: ਇਲਾਚੀ ਬੇਰ ਸਾਹਿਬ



ਗੁ: ਸਾਰਾ ਗੜ੍ਹੀ ਸਾਹਿਬ



ਗੁ: ਪਲਾਹ ਸਾਹਿਬ (ਖੈਰਾਬਾਦ)



ਗੁ: ਸ਼ਹੀਦ ਬਾ: ਗੁਰਬਖਸ਼ ਸਿੰਘ



ਗੁ: ਪਿਪਲੀ ਸਾਹਿਬ



ਗੁ: ਬਾਬਾ ਬੋਤਾ ਸਿੰਘ ਜੀ



ਗੁ: ਮਾਤਾ ਕੌਲਾਂ (ਕੌਲਸਰ)



ਗੁ: ਮੰਜੀ ਸਾਹਿਬ (ਦੀਵਾਨ ਹਾਲ)



ਗੁ: ਬਿਬੇਕ ਸਰ ਸਾਹਿਬ

## ਸ੍ਰੀ ਹਰਿਮੰਦਰ ਸਾਹਿਬ

### ਨਾਲ ਸਬੰਧਤ ਗੁਰਦੁਆਰੇ ਸਾਹਿਬਾਨ

ਗੁ: ਸ਼ਹੀਦ ਗੰਜ ਸਾਹਿਬ
ਗੁ: ਬਾਬਾ ਬੋਤਾ ਸਿੰਘ ਜੀ
ਗੁ: ਰਾਮਸਰ ਸਾਹਿਬ
ਗੁ: ਬਿਬੇਕ ਸਰ ਸਾਹਿਬ
ਗੁ: ਬਾਬਾ ਅਟੱਲ ਰਾਇ
ਗੁ: ਮਾਤਾ ਕੌਲਾਂ (ਕੌਲਸਰ)
ਗੁ: ਗੁਰੂ ਕੇ ਮਹਿਲ
ਗੁ: ਸਾਰਾ ਗੜ੍ਹੀ ਸਾਹਿਬ
ਗੁ: ਦਰਸ਼ਨੀ ਡਿਉੜੀ
ਗੁ: ਸੰਤੋਖ ਸਰ (ਟਾਹਲੀ ਸਾਹਿਬ)
ਗੁ: ਟੋਭਾ ਭਾਈ ਸਾਲੋ ਜੀ
ਗੁ: ਲੋਹਗੜ੍ਹ ਸਾਹਿਬ
ਗੁ: ਚੁਰਸਤੀ ਅਟਾਰੀ
ਗੁ: ਮਾਤਾ ਹਰਨਾਮ ਕੌਰ ਜੀ
ਗੁ: ਪਿਪਲੀ ਸਾਹਿਬ
ਗੁ: ਦਮਦਮਾ ਸਾਹਿਬ
ਗੁ: ਧਰਮਸ਼ਾਲਾ ਜਰਗਰਾਂ
ਗੁ: ਕਿਲ੍ਹਾ ਭੰਗੀਆਂ
ਗੁ: ਬਾਬਾ ਬਸੰਤ ਸਿੰਘ ਜੀ
ਗੁ: ਮੰਜੀ ਸਾਹਿਬ (ਦੀਵਾਨ ਹਾਲ)
ਗੁ: ਪਲਾਹ ਸਾਹਿਬ (ਖੈਰਾਬਾਦ)
ਗੁ: ਤਿਰਲੋਕਪੁਰ (ਕਾਂਗੜਾ)
ਗੁ: ਦੁੱਖ ਭੰਜਨੀ ਸਾਹਿਬ
ਗੁ: ਥੜਾ ਸਾਹਿਬ/ ਅਠਸਠ ਤੀਰਥ
ਗੁ: ਸ਼ਹੀਦ ਬੁੰਗਾ ਸਾਹਿਬ
ਗੁ: ਇਲਾਚੀ ਬੇਰ ਸਾਹਿਬ
ਗੁ: ਸ਼ਹੀਦ ਬਾ: ਗੁਰਬਖਸ਼ ਸਿੰਘ
ਗੁ: ਥੜਾ ਸਾਹਿਬ
ਗੁ: ਬੇਰ ਬਾਬਾ ਬੁੱਢਾ ਜੀ
ਗੁ: ਬਾਉਲੀ ਆਸਾ ਸਿੰਘ
ਗੁ: ਦਮਦਮਾ ਸਾਹਿਬ, ਮਾਲ ਮੰਡੀ

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਬਾਰੇ ਹੋਰ ਜਾਣਕਾਰੀ

**ਸੱਚ-ਖੰਡ ਸ੍ਰੀ ਹਰਿਮੰਦਰ ਸਾਹਿਬ**
**ਸਬੰਧੀ ਹੋਰ ਜਾਣਕਾਰੀ ਹੇਠ ਲਿਖੇ ਨੰਬਰਾਂ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ :**

| | | |
|---|---|---|
| ਸਕੱਤਰ | : ਸ਼੍ਰੋਮਣੀ ਗੁ:ਪ੍ਰ:ਕਮੇਟੀ, ਸ੍ਰੀ ਅੰਮ੍ਰਿਤਸਰ | ੦੧੮੩-੫੫੩੯੫੧-੫੬-੫੭-੫੮-੫੯ |
| ਮੈਨੇਜਰ | : ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ | ੦੧੮੩-੫੫੩੯੫੩-੫੭-੫੮-੫੯,੫੩੪੭੪੬ |
| ਸੂਚਨਾ ਕੇਂਦਰ | : ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ | ੦੧੮੩-੫੫੩੯੫੪-੫੭-੫੮-੫੯ |
| ਫੈਕਸ | : ੦੧੮੩-੫੫੩੯੧੯ | |
| ਈ ਮੇਲ | : sgpc@vsnl.com | |
| ਵੈਬਸਾਈਟ | : www.sgpc.net | |

**ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ-ਇਸ਼ਨਾਨ ਨੂੰ ਆਉਣ ਵਾਲੀਆਂ ਸੰਗਤਾਂ ਲਈ**
**ਧਿਆਨ ਰੱਖਣ ਯੋਗ ਗੱਲਾਂ**

- ਜੋੜੇ ਅਤੇ ਜੁਰਾਬਾਂ ਬਾਹਰ ਜਮ੍ਹਾਂ ਕਰਵਾ ਕੇ ਪੈਰ ਧੋ ਕੇ ਪ੍ਰਵੇਸ਼ ਦੁਆਰ ਰਾਹੀਂ ਪ੍ਰਵੇਸ਼ ਕਰੋ।
- ਸਿਗਰੇਟ, ਬੀੜੀ, ਤਮਾਕੂ, ਅਫੀਮ, ਸ਼ਰਾਬ ਆਦਿ ਨਸ਼ਾ ਸੇਵਨ ਕਰਕੇ ਜਾਂ ਅੰਦਰ ਲੈ ਕੇ ਜਾਣਾ ਸਖਤ ਮਨ੍ਹਾਂ ਹੈ । ਇਹ ਨਿਯਮ ਨਿਵਾਸਾਂ ਸਮੇਤ ਸਾਰੇ ਕੰਪਲੈਕਸ ਵਿਚ ਸਖਤੀ ਨਾਲ ਲਾਗੂ ਹੈ ।
- ਸਰੋਵਰ ਵਿਚ ਇਸ਼ਨਾਨ ਕਰਨ ਤੋਂ ਪਹਿਲਾਂ ਬਰਾਂਡਿਆਂ ਵਿਚ ਬਣੇ ਗੁਸਲਖਾਨਿਆਂ ਵਿੱਚ ਇਸ਼ਨਾਨ ਕਰਨਾ ਚਾਹੀਦਾ ਹੈ ।
- ਸਰੋਵਰ ਵਿੱਚ ਇਸ਼ਨਾਨ ਕਰਦੇ ਸਮੇਂ ਸਿਰ ਢੱਕ ਕੇ ਰੱਖਣਾ ਚਾਹੀਦਾ ਹੈ । ਸਰੋਵਰ ਵਿਚ ਤੈਰਨਾ ਅਤੇ ਕੋਈ ਚੀਜ਼ ਸੁੱਟਣਾ ਸਖ਼ਤ ਮਨ੍ਹਾ ਹੈ ।
- ਗਿੱਲੇ ਕਪੜੇ ਸਰੋਵਰ ਤੋਂ ਬਾਹਰ ਲਿਆ ਕੇ ਨਾਲੀ ਵਿੱਚ ਨਿਚੋੜੇ ਜਾਣ ਅਤੇ ਪ੍ਰਕਰਮਾਂ ਵਿੱਚ ਬਣੇ ਸਟੋਰ ਵਿੱਚ ਜਮ੍ਹਾਂ ਕਰਵਾਏ ਜਾਣ ।
- ਕਿਸੇ ਅਣਜਾਣ ਵਿਅਕਤੀ ਕੋਲੋਂ ਖਾਣ ਵਾਲੀ ਚੀਜ਼ ਜਾਂ ਪ੍ਰਸ਼ਾਦ ਆਦਿਕ ਨਹੀਂ ਲੈਣਾ ਚਾਹੀਦਾ ।
- ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਫੋਟੋਗ੍ਰਾਫੀ ਕਰਨ ਵਾਸਤੇ ਮੈਨੇਜਰ ਸ੍ਰੀ ਦਰਬਾਰ ਸਾਹਿਬ ਜੀ ਪਾਸੋਂ ਆਗਿਆ ਲੈਣੀ ਜ਼ਰੂਰੀ ਹੈ ।
- ਪ੍ਰਕਰਮਾਂ ਵਿੱਚ ਲੰਗਰ ਜਾਂ ਹੋਰ ਖਾਣ ਵਾਲੀਆਂ ਵਸਤਾਂ ਵਰਤਾਉਣੀਆਂ, ਬੈਠ ਕੇ ਖਾਣਾ ਅਤੇ ਗੱਲਾਂ ਕਰਨੀਆਂ ਮਨ੍ਹਾਂ ਹਨ ।
- ਪ੍ਰਕਰਮਾਂ ਵਿਚ ਮੋਬਾਈਲ ਫ਼ੋਨ ਦੀ ਵਰਤੋਂ ਕਰਨਾ ਸਖਤ ਮਨ੍ਹਾਂ ਹੈ ।
- ਲੰਗਰ ਅਤੇ ਹੋਰ ਸੇਵਾਵਾਂ ਵਾਸਤੇ ਮਾਇਆ ਦਰਸ਼ਨੀ ਡਿਊੜੀ ਵਿਚ ਬਣੇ ਦਫ਼ਤਰ ਵਿਚ ਜਮ੍ਹਾਂ ਕਰਵਾ ਕੇ ਰਸੀਦ ਲੈ ਲੈਣੀ ਚਾਹੀਦੀ ਹੈ।
- ਸ੍ਰੀ ਦਰਬਾਰ ਸਾਹਿਬ ਦੀ ਹਦੂਦ ਅੰਦਰ ਕਿਸੇ ਕਿਸਮ ਦਾ ਹਾਦਸਾ ਹੋਣ ਦੀ ਸੂਰਤ ਵਿੱਚ ਮੈਨੇਜਰ ਸ੍ਰੀ ਦਰਬਾਰ ਸਾਹਿਬ, ਇੰਚਾਰਜ ਪ੍ਰਕਰਮਾ ਜਾਂ ਇੰਨਫਰਮੇਸ਼ਨ ਦਫ਼ਤਰ ਵਿੱਚ ਸੂਚਨਾ ਦਿਓ ।

**ਯਾਤਰੂਆਂ ਵਾਸਤੇ ਹੋਰ ਸਹੂਲਤਾਂ**

- ਸ੍ਰੀ ਹਰਿਮੰਦਰ ਸਾਹਿਬ ਅੰਦਰ ਜਾਣ ਆਉਣ ਵਾਲੇ ਹਰ ਰਸਤੇ/ਡਿਊੜੀ ਦੇ ਬਾਹਰ ਜੋੜੇਘਰ ਅਤੇ ਦੂਸਰਾ ਸਮਾਨ ਰੱਖਣ ਲਈ ਗੱਠੜੀ ਘਰ ਬਣੇ ਹੋਏ ਹਨ ।
- ਗੁਰੂ ਰਾਮਦਾਸ ਲੰਗਰ ਵਿੱਚ ਸੰਗਤਾਂ ਵਾਸਤੇ ੨੪ ਘੰਟੇ ਲੰਗਰ ਵਰਤਾਇਆ ਜਾਂਦਾ ਹੈ ।
- ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾਂ ਵਿੱਚ ਸਥਿਤ ਚਾਰੇ ਕੋਨਿਆਂ 'ਤੇ ਸੰਗਤਾਂ ਦੇ ਪੀਣ ਵਾਸਤੇ ਤਾਜ਼ੇ ਅਤੇ ਸ਼ੀਤਲ ਜਲ ਦੀਆਂ ਛਬੀਲਾਂ ਹਨ ।
- ਗੁਰੂ ਰਾਮਦਾਸ ਨਿਵਾਸ ਦੇ ਪਿਛਲੇ ਪਾਸੇ ਯਾਤਰੂਆਂ ਵਾਸਤੇ ਵੱਖਰੇ ਇਸ਼ਨਾਨ ਘਰ ਅਤੇ ਪਖਾਨੇ ਵੀ ਬਣੇ ਹੋਏ ਹਨ ।
- ਘੰਟਾ ਘਰ ਵਾਲੇ ਪਾਸੇ ਬੈਂਕ ਆਫ ਪੰਜਾਬ ਅਤੇ ਪੰਜਾਬ ਐਂਡ ਸਿੰਧ ਬੈਂਕ ਸਥਿਤ ਹਨ ।
- ਰੇਲਵੇ ਬੁਕਿੰਗ ਅਤੇ ਡਾਕਘਰ ਦੀ ਸਹੂਲਤ ਵੀ ਉਪਲੱਬਧ ਹੈ।
- ਗੁਰੂ ਰਾਮਦਾਸ ਨਿਵਾਸ ਵਿਖੇ ਯਾਤਰੂਆਂ ਦੇ ਦਵਾ-ਦਾਰੂ ਲਈ ਡਿਸਪੈਂਸਰੀ ਹੈ ।



ਹਰਿਮੰਦਰ ਸਾਹਿਬ ਦਾ ਸੁਨਹਿਰੀ ਗੁੰਬਦ

# ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ





ਇਤਿਹਾਸਕ ਸ਼ਸਤਰਾਂ ਦੀ ਸੰਭਾਲ

ਤਖ਼ਤ ਸ਼ਬਦ ਦੇ ਅਰਥ ਬੈਠਣ ਦੀ ਚੌਕੀ ਜਾਂ ਰਾਜ-ਸਿੰਘਾਸਨ ਹੈ- ਭਾਵ ਉਹ ਥਾਂ ਜਿਥੇ ਬੈਠਕੇ ਰਾਜਾ, ਰਾਜ ਦੀ ਕਾਰਵਾਈ ਚਲਾਉਂਦਾ ਹੈ। ਇਸ ਅਰਥ ਵਾਲੇ ਬਹੁਤ ਸਾਰੇ ਤਖ਼ਤ ਦੁਨੀਆਂ 'ਤੇ ਹੋਏ ਤੇ ਸਮੇਂ ਦੀ ਗਲਵੱਕੜੀ ਵਿੱਚ ਆ ਕੇ ਆਪਣਾ ਨਾਮੋ-ਨਿਸ਼ਾਨ ਮਿਟਾ ਚੁੱਕੇ ਹਨ। ਜਿਸ ਰੂਪ ਵਿੱਚ ਤਖ਼ਤ ਸ਼ਬਦ ਦੀ ਵਰਤੋਂ ਗੁਰਮਤਿ ਵਿਚਾਰਧਾਰਾ ਵਿੱਚ ਹੋਈ ਹੈ, ਉਹ ਤਖ਼ਤ ਨਾਸ਼ਮਾਨ ਨਹੀਂ, ਸਦੀਵੀ ਹੈ। ਭਾਵ ਸਮੇਂ-ਸਥਾਨ ਦੇ ਪ੍ਰਭਾਵ ਤੋਂ ਸੁਤੰਤਰ ਹੈ। ਤਖ਼ਤ ਦੇ ਅਜਿਹੇ ਸਦੀਵੀ ਸਿਧਾਂਤ ਨੂੰ ਆਪ ਗੁਰੂ ਸਾਹਿਬਾਨ ਨੇ ਰੂਪਮਾਨ ਕੀਤਾ ਤੇ ਅਮਲੀ ਜਾਮਾ ਪਹਿਨਾਇਆ ਅਤੇ ਇਹ ਸਾਬਤ ਕਰ ਦਿੱਤਾ ਕਿ ਤਖ਼ਤ ਕਿਸੇ ਵਿਅਕਤੀ ਸਮੂਹ ਦੀਆਂ ਗਤੀਵਿਧੀਆਂ ਦਾ ਕੇਂਦਰ ਨਹੀਂ ਸਗੋਂ ਗੁਰੂ-ਪੰਥ ਦੀ ਨਿਰਪੱਖ-ਸੁਤੰਤਰ, ਪ੍ਰਭੂਸੱਤਾ ਸੰਪੰਨ ਸੰਸਥਾ ਹੈ। ਗੁਰਦੁਆਰੇ ਸਭ ਦੇ ਸਾਂਝੇ ਹਨ ਪਰ ਤਖ਼ਤ ਸਾਹਿਬਾਨ ਦਾ ਸਬੰਧ ਵਿਸ਼ੇਸ਼ ਤੌਰ 'ਤੇ ਗੁਰਸਿੱਖਾਂ ਨਾਲ ਹੈ।

ਧੰਨ ਧੰਨ ਗੁਰੂ ਰਾਮ ਦਾਸ ਵੱਲੋਂ ਵਰਸਾਈ ਪਾਵਨ, ਪਵਿੱਤਰ, ਇਤਿਹਾਸਕ ਨਗਰੀ ਸ੍ਰੀ ਅੰਮ੍ਰਿਤਸਰ ਦੀ ਧਰਤ ਸੁਹਾਵੀ 'ਤੇ ਸੱਚਖੰਡ ਸ੍ਰੀ ਹਰਿਮੰਦਿਰ ਸਾਹਿਬ ਦੇ ਸਨਮੁਖ ਮੀਰੀ-ਪੀਰੀ ਦੇ ਮਾਲਕ, ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਵੱਲੋਂ ੧੬੦੬ ਈ: ਵਿੱਚ ਸਿਰਜਤ, ਸੁਤੰਤਰ ਸਿੱਖ-ਸੋਚ ਨੂੰ ਰੂਪਮਾਨ ਕਰਦੀ ਪ੍ਰਭੂਸੱਤਾ-ਸੰਪੰਨ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਸੁਭਾਇਮਾਨ ਹੈ।

ਵੱਡ ਯੋਧੇ ਬਹੁ ਪਰਉਪਕਾਰੀ ਸਤਿਗੁਰੂ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਸਿਰਜਤ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ-ਪੰਥ ਦੀ ਸ਼ਕਤੀ ਦਾ ਸਿਰਮੌਰ ਕੇਂਦਰ ਹੈ, ਜਿਸ ਦੀ ਉਸਾਰੀ ਵਿੱਚ "ਕਿਸੀ ਰਾਜ ਨਹਿ ਹਾਥ ਲਗਾਯੋ-ਬੁਢੇ ਔ ਗੁਰਦਾਸ ਬਨਾਯੋ" ਦੇ ਵਾਕ ਅਨੁਸਾਰ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਹੀ ਆਪਣੇ ਕਰ-ਕਮਲਾਂ ਨਾਲ ਉਸਾਰੀ ਕੀਤੀ। ਰਾਜਨੀਤੀ ਤੇ ਧਰਮ, ਜਿਸ ਨੂੰ ਸਿੱਖ ਸ਼ਬਦਾਵਲੀ ਵਿੱਚ ਮੀਰੀ-ਪੀਰੀ, ਭਗਤੀ-ਸ਼ਕਤੀ ਦਾ ਨਾਮ ਦਿੱਤਾ ਗਿਆ ਹੈ, ਦੇ ਦੈਵੀ ਸੁਮੇਲ ਦਾ ਪ੍ਰਤੀਕ ਹੈ ਸ੍ਰੀ ਅਕਾਲ ਤਖ਼ਤ ਸਾਹਿਬ। ਸ੍ਰੀ ਅਕਾਲ ਤਖ਼ਤ ਸਾਹਿਬ ਮਨੁੱਖੀ ਸਵੈਮਾਣ, ਅਜ਼ਾਦੀ ਅਤੇ ਨਿਰੈਭਤਾ ਦਾ ਜਜ਼ਬਾ ਲੋਕਾਈ ਵਿਚ ਉਜਾਗਰ ਕਰਨ ਲਈ 'ਹਰਿ ਸਚੇ' ਨੇ ਦੈਵੀ ਸੱਚੇ ਤਖ਼ਤ ਦੀ ਸਥਾਪਨਾ ਕੀਤੀ ਤਾਂ ਜੋ ਕੋਈ ਮਨੁੱਖ ਕਿਸੇ ਮਨੁੱਖ ਨੂੰ, ਕੋਈ ਜਾਤ ਕਿਸੇ ਜਾਤ ਨੂੰ, ਕੋਈ ਮਜ਼ਹਬ ਕਿਸੇ ਮਜ਼ਹਬ ਨੂੰ, ਕੋਈ ਦੇਸ਼ ਕਿਸੇ ਦੇਸ਼ ਨੂੰ ਆਪਣਾ ਦੁਬੇਲ ਨਾ ਬਣਾ ਸਕੇ ਅਤੇ ਹਰੇਕ ਨੂੰ ਨਿਰਮਲ ਵਿਚਾਰਧਾਰਾ ਅਨੁਸਾਰ ਜੀਵਨ ਜੀਉਣ ਦਾ ਹੱਕ ਹੋਵੇ।

ਇਸ ਪਾਵਨ ਸਥਾਨ ਤੋਂ ਗੁਰਸਿੱਖਾਂ ਨੂੰ ਸ਼ਸਤਰ-ਬੱਧ ਹੋਣ, ਗੁਰੂ-ਦਰਬਾਰ ਵਿਚ ਵਧੀਆ ਸ਼ਸਤਰ ਤੇ ਜੁਆਨੀਆਂ ਭੇਟ ਕਰਨ ਦਾ ਪਹਿਲਾ ਹੁਕਮਨਾਮਾ ਜਾਰੀ ਹੋਇਆ। ਸੰਧਿਆ ਸਮੇਂ ਬੀਰ-ਰਸੀ ਵਾਰਾਂ ਦਾ ਗਾਇਨ ਕਰਵਾਇਆ ਜਾਂਦਾ ਤਾਂ ਜੋ ਕੌਮ ਵਿਚ ਜਬਰ-ਜ਼ੁਲਮ ਦੇ ਵਿਰੁੱਧ ਲੜਨ ਲਈ ਜੋਸ਼ ਪੈਦਾ ਹੋ ਸਕੇ। ਅਠਾਰਵੀਂ ਸਦੀ ਵਿਚ ਸਿੱਖ, ਮੁਗ਼ਲ ਅਤੇ ਅਫਗਾਨ ਸੰਘਰਸ਼ ਕਾਲ ਦੌਰਾਨ ਗੁਰਸਿੱਖ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰੇਰਨਾ, ਉਤਸ਼ਾਹ ਅਤੇ ਅਗਵਾਈ ਪ੍ਰਾਪਤ ਕਰਦੇ ਰਹੇ। ਹੰਨੇ-ਹੰਨੇ ਦੀ ਮੀਰੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਹਮੇਸ਼ਾ ਇਕਸੁਰਤਾ ਅਤੇ ਇੱਕਸਾਰਤਾ ਬਖਸ਼ੀ।

ਇਤਿਹਾਸ ਸਾਖੀ ਹੈ ਕਿ ਉਪਰੋਕਤ ਮੰਤਵਾਂ ਦੀ ਪੂਰਤੀ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿਚ ਆਰੰਭ ਹੋਈ ਜਦੋ-ਜਹਿਦ ਨਿਰੰਤਰ ਜਾਰੀ ਹੈ। ਜਦੋਂ ਜਦੋਂ ਵੀ ਮਨੁੱਖੀ ਅਜ਼ਾਦੀ ਤੇ ਸਵੈ-ਮਾਣ ਖਤਰੇ ਵਿੱਚ ਪਏ ਤਾਂ ਸੱਚ-ਧਰਮ ਦਾ ਜਜ਼ਬਾ ਲੈ ਕੇ ਉਸ ਦੀ ਰਾਖੀ ਲਈ 'ਗੁਰੂ ਕੇ ਸਿੱਖਾਂ' ਨੇ ਸਦਾ ਪ੍ਰੇਰਣਾ-ਅਗਵਾਈ ਇਥੋਂ ਪ੍ਰਾਪਤ ਕੀਤੀ। 'ਖ਼ਾਲਸਾ ਜੀ ਕੇ ਬੋਲਬਾਲੇ ਤੇ ਰਾਜ ਕਰੇਗਾ ਖਾਲਸਾ' ਦੇ ਬੋਲਿਆਂ ਦੀ ਗੂੰਜ ਵੀ ਇਥੋਂ ਹੀ ਪੈਂਦੀ ਹੈ। ਸਮੇਂ ਦੀਆਂ ਸਰਕਾਰਾਂ ਇਸ ਅਵਾਜ਼ ਤੋਂ ਹਮੇਸ਼ਾਂ ਡਰਦੀਆਂ ਤੇ ਤ੍ਰਬਕਦੀਆਂ ਰਹੀਆਂ। ਇਸੇ ਕਰਕੇ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ, ਆਦਰਸ਼ਾਂ, ਜਜ਼ਬਿਆਂ ਨੂੰ ਕੁਚਲਣ ਲਈ ਹਰ ਹਰਬਾ ਵਰਤਿਆ ਗਿਆ ਪਰ ਸਮੇਂ ਦੀਆਂ ਸਰਕਾਰਾਂ ਮਿਟ ਜਾਂਦੀਆਂ ਰਹੀਆਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕੇਸਰੀ ਪਰਚਮ ਝੂਲਦੇ ਰਹੇ।

ਜੂਨ, ੧੯੮੪ ਦੇ ਘੱਲੂਘਾਰੇ ਦੌਰਾਨ ਸਮੇਂ ਦੀ ਜਾਬਰ ਸਰਕਾਰ ਨੇ ਇਸ ਪਾਵਨ ਅਸਥਾਨ ਦੀ ਪਵਿੱਤਰ ਇਤਿਹਾਸਿਕ ਇਮਾਰਤ ਨੂੰ ਬੁਰੀ ਤਰ੍ਹਾਂ ਤਹਿਸ ਨਹਿਸ ਕਰ ਦਿੱਤਾ ਤਾਂ ਕਿ ਸੁਤੰਤਰ ਸਿੱਖ ਸੋਚ ਦੇ ਪ੍ਰੇਰਨਾ ਸਰੋਤ ਦੀ ਹੋਂਦ-ਹਸਤੀ ਖਤਮ ਹੋ ਸਕੇ। ਹਮਲਾਵਰਾਂ ਦੀ ਹੋਂਦ ਹਸਤੀ ਤਾਂ ਖਤਮ ਹੋ ਗਈ ਪਰ ਭਗਤੀ-ਸ਼ਕਤੀ ਦਾ ਕੇਂਦਰੀ ਅਸਥਾਨ ਹਮੇਸ਼ਾਂ ਗੁਰਸਿੱਖਾਂ ਲਈ ਪ੍ਰੇਰਨਾ, ਸ਼ਕਤੀ ਤੇ ਉਤਸ਼ਾਹ ਪ੍ਰਦਾਨ ਕਰਦਾ ਰਹੇਗਾ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੰਕਲਪ, ਸਿਧਾਂਤ ਤੇ ਇਤਿਹਾਸ ਤੋਂ ਪ੍ਰੇਰਤ ਹੋ ਕੇ ਹੀ 'ਜਹਾਂ ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰੱਛਿਆ ਰਿਆਇਤ' ਅਤੇ 'ਪੰਥ ਦੀ ਚੜ੍ਹਦੀ ਕਲਾ', 'ਸਰਬੱਤ ਦਾ ਭਲਾ' ਹਰ ਰੋਜ਼ ਹਰ ਗੁਰਸਿੱਖ ਮੰਗਦਾ ਹੈ



ਜੂਨ, ੧੯੮੪ ਦੇ ਘੱਲੂਘਾਰੇ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤਹਿਸ-ਨਹਿਸ ਹੋਈ ਇਮਾਰਤ



ਬਾਰੀ, ਸੁਖ-ਆਸਨ ਅਸਥਾਨ

## ਸ੍ਰੀ ਅਕਾਲ ਤਖ਼ਤ ਸਾਹਿਬ ਜੀ

### ਦੀ ਰੋਜ਼ਾਨਾ ਦੀ ਮਰਯਾਦਾ

ਤਿੰਨ ਪਹਿਰਾ ਇਸ਼ਨਾਨ ਦੀ ਸੇਵਾ ਉਪ੍ਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵਿਖੇ ਕੜਾਹ ਪ੍ਰਸ਼ਾਦਿ ਦੀ ਦੇਗ ਵਰਤਾਈ ਜਾਂਦੀ ਹੈ ਅਤੇ ਸੱਚ-ਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਪ੍ਰਕਾਸ਼ ਕਰਨ ਲਈ ਸਤਿਗੁਰੂ ਜੀ ਦਾ ਸਰੂਪ ਸੁਨਹਿਰੀ ਪਾਲਕੀ ਵਿੱਚ ਸੁਸ਼ੋਭਿਤ ਕਰ ਕੇ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਲਿਜਾਇਆ ਜਾਂਦਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵਿਖੇ ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਅਤੇ ਹੁਕਮਨਾਮੇ ਉਪ੍ਰੰਤ ਤਖ਼ਤ ਸਾਹਿਬ 'ਤੇ ਸ਼ਸਤਰ ਸਜਾਏ ਜਾਂਦੇ ਹਨ।

ਆਸਾ ਦੀ ਵਾਰ ਦਾ ਕੀਰਤਨ, ਅਰਦਾਸ, ਹੁਕਮਨਾਮਾ ਅਤੇ ਸਮਾਪਤੀ ਉਪ੍ਰੰਤ ਕੜਾਹ ਪ੍ਰਸ਼ਾਦਿ ਦੀ ਦੇਗ ਵਰਤਾਈ ਜਾਂਦੀ ਹੈ।

ਸ਼ਾਮ ਨੂੰ ਫਿਰ ਤਖ਼ਤ ਸਾਹਿਬ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਹੈ ਅਤੇ ਕੀਰਤਨ ਹੁੰਦਾ ਹੈ। ਸੋ ਦਰੁ ਦੀ ਚੌਂਕੀ ਉਪ੍ਰੰਤ ਰਹਰਾਸਿ ਸਾਹਿਬ ਜੀ ਦਾ ਪਾਠ ਹੁੰਦਾ ਹੈ ਉਪ੍ਰੰਤ ਅਰਦਾਸ, ਹੁਕਮਨਾਮਾ ਅਤੇ ਗੁਰੂ ਸਾਹਿਬ ਜੀ ਅਤੇ ਸ਼ਹੀਦ ਸਿੰਘਾਂ ਦੇ ਇਤਿਹਾਸਕ ਸ਼ਸਤਰਾਂ ਦੇ ਸੰਗਤਾਂ ਨੂੰ ਰੋਜ਼ਾਨਾ ਦਰਸ਼ਨ ਕਰਾਏ ਜਾਂਦੇ ਹਨ ਅਤੇ ਫਿਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁੱਖ-ਆਸਨ ਦੇ ਨਾਲ-ਨਾਲ 'ਸੋਹਿਲਾ ਸਾਹਿਬ' ਜੀ ਦਾ ਪਾਠ ਕੀਤਾ ਜਾਂਦਾ ਹੈ ਉਪ੍ਰੰਤ ਅਰਦਾਸ ਹੁੰਦੀ ਹੈ ਅਤੇ ਸਤਿਗੁਰਾਂ ਦਾ ਪਵਿੱਤਰ ਸਰੂਪ ਕੋਠਾ ਸਾਹਿਬ ਜੀ ਵਿਖੇ ਸੁਸ਼ੋਭਿਤ ਕੀਤਾ ਜਾਂਦਾ ਹੈ।

ਸੱਚ-ਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਪ੍ਰਕਾਸ਼ ਕੀਤਾ ਹੋਇਆ ਪਵਿੱਤਰ ਸਰੂਪ ਸਮਾਪਤੀ ਉਪ੍ਰੰਤ ਸੁਨਹਿਰੀ ਪਾਲਕੀ ਵਿਚ ਸਜਾ ਕੇ ਸੰਗਤਾਂ ਸ਼ਬਦ ਕੀਰਤਨ ਕਰਦੀਆਂ ਹੋਈਆਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵਿਖੇ ਕੋਠਾ ਸਾਹਿਬ ਜੀ ਵਿਖੇ ਸੁਸ਼ੋਭਿਤ ਕਰਦੀਆਂ ਹਨ। ਸਤਿਗੁਰਾਂ ਦਾ ਪਵਿੱਤਰ ਸਰੂਪ ਸੁਸ਼ੋਭਿਤ ਕਰਨ ਉਪ੍ਰੰਤ ਕਿਵਾੜ ਬੰਦ ਕੀਤੇ ਜਾਂਦੇ ਹਨ।



ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹਰ ਹੁਕਮ ਨੂੰ ਰਾਜਾ-ਰੰਕ, ਅਮੀਰ-ਗਰੀਬ, ਹਰ ਗੁਰਸਿੱਖ, ਗੁਰੂ-ਪੰਥ ਦਾ ਹੁਕਮ ਜਾਣ ਸੀਸ ਝੁਕਾਅ, ਪ੍ਰਵਾਨ ਚੜ੍ਹਾਉਂਦਾ ਹੋਇਆ ਗੁਰੂ-ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕਰਦਾ ਹੈ। ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਦੀ ਇਸ ਸਮੇਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਿੰਘ ਸਾਹਿਬ ਗਿਆਨੀ ਭਗਵਾਨ ਸਿੰਘ ਜੀ ਮੁੱਖ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ ਵਜੋਂ ਸੇਵਾ ਨਿਭਾਅ ਰਹੇ ਹਨ।

ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸੇਵਾ ਅਤੇ ਇਸ਼ਨਾਨ ਕਰਾਉਣ ਉਪ੍ਰੰਤ ਸਮੇਂ ਅਨੁਸਾਰ (ਸਰਦੀਆਂ-ਗਰਮੀਆਂ) ਅੰਮ੍ਰਿਤ ਵਲੇ ਕਿਵਾੜ ਖੋਲ੍ਹ ਦਿਤੇ ਜਾਂਦੇ ਹਨ।

ਨੋਟ :- ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵਿਖੇ ਹਰ ਬੁੱਧਵਾਰ ਅਤੇ ਹਰ ਐਤਵਾਰ ਨੂੰ ਦਿਨ ਦੇ ੧੨-੦੦ ਵਜੇ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਜਾਂਦਾ ਹੈ।

ਦੀਵਾਲੀ-ਵੈਸਾਖੀ ਨੂੰ ਰੋਜ਼ਾਨਾ ਚਾਰ ਦਿਨ ਲਗਾਤਾਰ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਜਾਂਦਾ ਹੈ।



ਪੰਜ ਪਿਆਰੇ ਅੰਮ੍ਰਿਤ ਦਾ ਬਾਟਾ ਤਿਆਰ ਕਰਦੇ ਹੋਏ

## ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮਨਾਏ ਜਾਂਦੇ ਗੁਰਪੁਰਬ ਅਤੇ ਦਿਨ-ਦਿਹਾਰ

- ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ ।
- ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਰਾਮਦਾਸ ਜੀ ।
- ਗੱਦੀ ਨਸ਼ੀਨੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ।
- ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਤਖ਼ਤ ਸਾਜਣਾ ਅਤੇ ਮੀਰੀ-ਪੀਰੀ ਦੀਆਂ ਕ੍ਰਿਪਾਨਾਂ ਪਹਿਨਣ ਦਾ ਦਿਵਸ।
- ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ।
- ਪਹਿਲਾ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।
- ਦੀਵਾਲੀ-ਵਿਸਾਖੀ ਅਤੇ ਮੱਸਿਆ-ਸੰਗ੍ਰਾਂਦ ਨੂੰ ਢਾਡੀ ਦੀਵਾਨ ਸੱਜਦੇ ਹਨ ।

ਨੋਟ:- ਦੀਵਾਲੀ 'ਤੇ ਸਮੂੰਹ ਨਿਹੰਗ ਸਿੰਘਾਂ ਦੀਆਂ ਸੰਪ੍ਰਦਾਵਾਂ ਨੂੰ ਸਿਰੋਪਾਉ ਭੇਟ ਕੀਤੇ ਜਾਂਦੇ ਹਨ।



ਅਸਿ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ
ਸੈਫ ਸਿਰੋਹੀ ਸੈਹਥੀ ਯਹੈ ਹਮਾਰੇ ਪੀਰ ।

## ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਇਤਿਹਾਸਕ ਸ਼ਸਤਰਾਂ ਦਾ ਵੇਰਵਾ

ਸ੍ਰੀ ਸਾਹਿਬ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਮੀਰੀ ਦੀ
ਸ੍ਰੀ ਸਾਹਿਬ, ਪੀਰੀ ਦੀ
ਸ੍ਰੀ ਸਾਹਿਬ, ਪੰਥ ਦੇ ਵਾਲੀ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ
ਸ੍ਰੀ ਸਾਹਿਬ, ਬਾਬਾ ਬੁੱਢਾ ਜੀ
ਸ੍ਰੀ ਸਾਹਿਬ, ਭਾਈ ਸਾਹਿਬ ਭਾਈ ਜੇਠਾ ਜੀ
ਸ੍ਰੀ ਸਾਹਿਬ, ਭਾਈ ਬਿਧੀ ਚੰਦ ਜੀ
ਸ੍ਰੀ ਸਾਹਿਬ, ਭਾਈ ਕਰਮ ਸਿੰਘ ਜੀ ਸ਼ਹੀਦ
ਸ੍ਰੀ ਸਾਹਿਬ, ਭਾਈ ਉਦੈ ਸਿੰਘ ਜੀ।
ਦੋ ਧਾਰਾ ਖੰਡਾ, ਬਾਬਾ ਦੀਪ ਸਿੰਘ ਜੀ ਸ਼ਹੀਦ
ਦੋ ਧਾਰਾ ਖੰਡਾ, ਬਾਬਾ ਨੌਧ ਸਿੰਘ ਜੀ ਸ਼ਹੀਦ
ਦੋ ਧਾਰਾ ਖੰਡਾ, ਬਾਬਾ ਗੁਰਬਖਸ਼ ਸਿੰਘ ਜੀ ਸ਼ਹੀਦ
ਦੋ ਧਾਰਾ ਖੰਡਾ, ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ ਸ਼ਹੀਦ
ਤੇਗਾ, ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ ਸ਼ਹੀਦ
ਤੇਗਾ, ਭਾਈ ਬਚਿੱਤਰ ਸਿੰਘ ਜੀ ਬਹਾਦਰ
ਗੁਰਜ, ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ
ਸੁਨਹਿਰੀ ਦਸਤੇ ਵਾਲਾ ਸਫਾਜੰਗ, ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ
(ਇਸ ਅੰਦਰ ਛੋਟਾ ਗੁਪਤ ਸ਼ਸਤਰ)
ਕਟਾਰ, ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ।
ਕਟਾਰ, ਸੁਨਹਿਰੀ ਦਸਤੇ ਵਾਲਾ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਕਟਾਰ, ਸਾਹਿਬਜ਼ਾਦਾ ਸਾਹਿਬ ਅਜੀਤ ਸਿੰਘ ਜੀ
ਕਟਾਰ, ਸਾਹਿਬਜ਼ਾਦਾ ਸਾਹਿਬ ਜੁਝਾਰ ਸਿੰਘ ਜੀ
ਕਟਾਰ, ਜਥੇਦਾਰ ਅਕਾਲੀ ਫੂਲਾ ਸਿੰਘ ਜੀ ਸ਼ਹੀਦ
ਛੋਟੀ ਕ੍ਰਿਪਾਨ, ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ
ਛੋਟਾ ਸ਼ਸ਼ਤਰ, ਬਾਬਾ ਦੀਪ ਸਿੰਘ ਜੀ ਸ਼ਹੀਦ (ਛੋਟੀ ਕ੍ਰਿਪਾਨ)
ਤਿੰਨ ਖੰਡੇ ਇਕ ਛੋਟੀ ਕ੍ਰਿਪਾਨ, ਬਾਬਾ ਦੀਪ ਸਿੰਘ ਜੀ ਸ਼ਹੀਦ
ਛੋਟੇ ਚਾਰ ਚੱਕਰ, ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਦੁਮਾਲੇ ਸਜਾਉਣ ਵਾਲੇ
ਵੱਡਾ ਚੱਕਰ, ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਗਲੇ ਸਜਾਉਣ ਵਾਲਾ
ਦਸ ਚੱਕਰ, ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਦੁਮਾਲੇ ਸਜਾਉਣ ਵਾਲੇ
ਸ੍ਰੀ ਸਾਹਿਬ ਇਕ ਨਗ ਬਾਬਾ ਬੁੱਢਾ ਜੀ ਦੀ ਚੌਕੀ ਸਾਹਿਬ ਵਾਲੀ
ਪਿਸਤੌਲ, ਬਾਬਾ ਦੀਪ ਸਿੰਘ ਜੀ ਸ਼ਹੀਦ
ਪਿਸਤੌਲ, ਬਾਬਾ ਗੁਰਬਖਸ਼ ਸਿੰਘ ਜੀ ਸ਼ਹੀਦ
ਤੀਰਾਂ ਦਾ ਜੋੜਾ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਛੋਟਾ ਖੰਡਾ, ਬਾਬਾ ਦੀਪ ਸਿੰਘ ਜੀ ਸ਼ਹੀਦ
ਪੇਸ਼ ਕਬਜ਼, ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ
ਪੇਸ਼ ਕਬਜ਼, ਬਾਬਾ ਦੀਪ ਸਿੰਘ ਜੀ ਸ਼ਹੀਦ

ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਬਣੀ ਹੋਈ ਪੁਰਾਤਨ ਕਲਾ ਕ੍ਰਿਤੀ



## ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵਿਖੇ ਸਜਾਏ ਜਾਣ ਵਾਲੇ ਜਲੌ ਦੇ ਸਮਾਨ ਦਾ ਵੇਰਵਾ :

- ਦੋ ਥਮਲੇ ਸੁਨਹਿਰੀ।
- ਦੋ ਕਮਾਨੀਆਂ ਸੁਨਹਿਰੀ।
- ਇਕ ਛਤਰ ਸੁਨਹਿਰੀ (ਸੋਨੇ ਦਾ)।
- ਇਕ ਕਲਗਾ ਸੁਨਹਿਰੀ।
- ਇਕ ਛੱਬਾ ੧ੴ ਵਾਲਾ ਸੁਨਹਿਰੀ (ਸੋਨੇ ਦਾ)।
- ਦੋ ਛੱਬੇ ਸੋਨੇ ਦੇ ਛੋਟੇ।
- ਇਕੀ ਛੱਬੇ ਮੁਕੈਸ਼ੀ (ਇਕ ਚਾਂਦੀ ਦਾ ਕੰਡਮ)।
- ਇਕ ਚੌਰ ਸਾਹਿਬ ਚੰਦਨ ਦਾ।
- ਤਿਲੇ ਦੀ ਝਾਲਰ (ਕੰਡਮ)।
- ਇਕ ਚੇਨੀ ਸੋਨੇ ਦੀ (ਟੁੱਟੀ ਹੋਈ)।



# ਗੁਰਦੁਆਰਾ ਰਾਮਸਰ ਸਾਹਿਬ

## (ਸ੍ਰੀ ਅੰਮ੍ਰਿਤਸਰ) ਪੰਜਾਬ



ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਆਪਣੇ ਗੁਰੂ ਪਿਤਾ, ਗੁਰੂ ਰਾਮਦਾਸ ਜੀ ਦੇ ਪਵਿੱਤਰ ਨਾਮ 'ਤੇ 'ਰਾਮਸਰ ਸਾਹਿਬ' ਦੇ ਪਾਵਨ ਸਰੋਵਰ ਦੀ ਸਿਰਜਣਾ ਸੰਮਤ ੧੬੫੯-੬੦ ਵਿਚ ਕੀਤੀ। ਗੁਰੂ-ਘਰ ਦੇ ਪ੍ਰੀਤਵਾਨ ਬਜ਼ੁਰਗਵਾਰ ਗੁਰਸਿੱਖ ਬਾਬਾ ਬੁੱਢਾ ਜੀ ਨੇ ਅਰਦਾਸ ਕੀਤੀ ਤੇ ਗੁਰੂ ਜੀ ਨੇ ਸਰੋਵਰ ਦੀ ਆਰੰਭਤਾ ਕੀਤੀ। ਇਹ ਅਸਥਾਨ ਉਸ ਸਮੇਂ ਕੁਦਰਤੀ ਵਾਤਾਵਰਨ ਨਾਲ ਭਰਪੂਰ, ਸ਼ਾਂਤ ਜੰਗਲ-ਨੁਮਾ ਸੀ। ਇਸ ਰਮਣੀਕ ਅਸਥਾਨ 'ਤੇ ਗੁਰੂ ਅਰਜਨ ਦੇਵ ਜੀ ਨੇ ਪਹਿਲਾਂ 'ਸੁਖਮਨੀ ਸਾਹਿਬ' ਦੀ ਪਵਿੱਤਰ ਬਾਣੀ ਦੀ ਰਚਨਾ ਕੀਤੀ ਤੇ ਫਿਰ ਇਸ ਅਸਥਾਨ 'ਤੇ ਹੀ ਭਾਈ ਗੁਰਦਾਸ ਜੀ ਤੋਂ ਲਿਖਵਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਸੰਪੂਰਨ ਕੀਤਾ। ਗੁਰੂ ਅਰਜਨ ਦੇਵ ਜੀ ਵੱਲੋਂ ਸਿਰਜਤ ਇਸ ਇਤਿਹਾਸਕ ਸਰੋਵਰ ਦੇ ਕਿਨਾਰੇ ਛੋਟਾ ਜਿਹਾ ਗੁਰਦੁਆਰਾ ਬਣਾਇਆ ਗਿਆ। ਗੁਰਦੁਆਰਾ ਪ੍ਰਬੰਧ ਲਹਿਰ ਸਮੇਂ ਇਸ ਅਸਥਾਨ ਦਾ ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਆਇਆ। ਸ਼੍ਰੋਮਣੀ ਗੁ:ਪ੍ਰ: ਕਮੇਟੀ ਨੇ ਇਸ ਅਸਥਾਨ ਦੀ ਪਵਿੱਤਰਤਾ ਤੇ ਇਤਿਹਾਸਕਤਾ ਨੂੰ ਸਨਮੁਖ ਰੱਖਦਿਆਂ ਇਸ ਅਸਥਾਨ 'ਤੇ ਬਹੁਮੰਜ਼ਲੀ ਯਾਦਗਾਰੀ ਗੁਰਦੁਆਰੇ ਨੂੰ ਉਸਾਰਨ ਦਾ ਇਤਿਹਾਸਕ ਫੈਸਲਾ ਕੀਤਾ ਜਿਸ ਸਦਕਾ ੧੯੯੨ ਈ: ਵਿਚ ਗੁਰਦੁਆਰਾ ਰਾਮਸਰ ਸਾਹਿਬ ਦੀ ਆਧੁਨਿਕ ਵਿਸ਼ਾਲ ਇਮਾਰਤ ਦੀ ਆਰੰਭਤਾ ਹੋਈ। ਗੁਰਦੁਆਰਾ ਰਾਮਸਰ ਸਾਹਿਬ ਦੀ ਬਹੁ-ਮੰਜ਼ਲੀ ਇਮਾਰਤ ਦੂਰ ਤੋਂ ਦਿਖਾਈ ਦਿੰਦੀ ਹੈ। ਇਸ ਅਸਥਾਨ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਗੁਰਪੁਰਬ ਅਤੇ ਸ਼ਹੀਦੀ ਦਿਹਾੜਾ ਗੁਰੂ ਅਰਜਨ ਦੇਵ ਜੀ ਵਿਸ਼ੇਸ਼ ਰੂਪ ਵਿਚ ਮਨਾਇਆ ਜਾਂਦਾ ਹੈ।

ਸ਼੍ਰੋਮਣੀ ਗੁ: ਪ੍ਰ: ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀ ਛਪਾਈ ਮਰਯਾਦਾ ਅਨੁਸਾਰ ਕਰਨ ਲਈ ਇਸ ਇਤਿਹਾਸਕ ਗੁਰਦੁਆਰੇ ਦੇ ਤਹਿਖਾਨੇ ਵਿਚ 'ਗੋਲਡਨ ਆਫਸੈਟ ਪ੍ਰੈਸ' ਲਗਾਈ ਹੈ, ਜਿਥੇ ਗੁਰਮਤਿ ਸਾਹਿਤ ਦੀ ਛਪਾਈ ਵੱਡੀ ਪੱਧਰ 'ਤੇ ਕੀਤੀ ਜਾਂਦੀ ਹੈ। ਇਸ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁ: ਪ੍ਰ: ਕਮੇਟੀ ਮੈਨੇਜਰ, ਸ੍ਰੀ ਦਰਬਾਰ ਸਾਹਿਬ ਰਾਹੀਂ ਕਰਦੀ ਹੈ।

ਵਧੇਰੇ ਜਾਣਕਾਰੀ ਫ਼ੋਨ ਨੰਬਰ ੦੧੮੩-੫੫੩੯੫੩, ੫੫੩੯੫੭,੫੮,੫੯ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਗੁਰਦੁਆਰਾ 'ਸ਼ਹੀਦ ਗੰਜ' ਬਾਬਾ ਦੀਪ ਸਿੰਘ ਜੀ ਸ਼ਹੀਦ

## (ਸ੍ਰੀ ਅੰਮ੍ਰਿਤਸਰ) ਪੰਜਾਬ



ਇਹ ਪਵਿੱਤਰ ਅਸਥਾਨ, ਪਹੂਵਿੰਡ ਦੇ ਜੰਮ-ਪਲ, ਮਿਸਲ ਸ਼ਹੀਦਾਂ ਦੇ ਮੁਖੀ, ਤਖਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਦੇ ਪਹਿਲੇ ਜਥੇਦਾਰ, ਗੁਰਬਾਣੀ ਲਿਖਣ ਲਿਖਾਉਣ/ਵਿਆਖਿਆ ਦੀ ਅਮੋਲਕ ਸੇਵਾ ਕਰਾਉਣ, ਅਨੇਕਾਂ ਧਰਮ ਯੁੱਧਾਂ ਵਿਚ ਜਾਨ ਹਥੇਲੀ 'ਤੇ ਰੱਖ ਕੇ ਲੜਨ ਵਾਲੇ, ਸਿਰਲੱਥ ਯੋਧੇ ਬਾਬਾ ਦੀਪ ਸਿੰਘ ਜੀ ਸ਼ਹੀਦ ਦੀ ਅਮਰ ਯਾਦਗਾਰ ਵਜੋਂ ਸੁਭਾਇਮਾਨ ਹੈ। ਧਰਮਵੀਰ, ਸ਼ਹੀਦ ਬਾਬਾ ਦੀਪ ਸਿੰਘ ਜੀ, ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਦੀ ਪਵਿੱਤਰਤਾ ਤੇ ਇਤਿਹਾਸਕਤਾ ਨੂੰ ਕਾਇਮ ਰੱਖਣ ਲਈ ੧੧ ਨਵੰਬਰ, ੧੭੫੭ ਨੂੰ ਅਹਿਮਦ ਸ਼ਾਹ ਦੁਰਾਨੀ ਦੇ ਫ਼ੌਜਦਾਰ ਜਹਾਨ ਖਾਂ ਨਾਲ ਘਮਸਾਨ ਦਾ ਯੁੱਧ ਕਰਦੇ ਹੋਏ, ਆਪਣੇ ਸੈਂਕੜੇ ਸਿਰਲੱਥ ਯੋਧਿਆਂ ਸਮੇਤ ਸ਼ਹੀਦ ਹੋਏ ਤੇ ਸ੍ਰੀ ਅੰਮ੍ਰਿਤਸਰ ਨੂੰ ਦੁਰਾਨੀ ਹਮਲਾਵਰ ਤੋਂ ਮੁਕਤ ਕਰਵਾਇਆ।

ਪੰਥ ਦੀ ਵਡਮੁੱਲੀ ਸੇਵਾ ਕਰਨ ਵਾਲੇ ਸਿਰਲੱਥ ਯੋਧੇ ਬਾਬਾ ਦੀਪ ਸਿੰਘ ਸ਼ਹੀਦ ਦੀ ਯਾਦ ਵਿਚ ਸ੍ਰ: ਜੱਸਾ ਸਿੰਘ ਰਾਮਗੜ੍ਹੀਏ ਨੇ 'ਸ਼ਹੀਦ ਗੰਜ' ਦੀ ਸਿਰਜਣਾ ਕਰਵਾਈ, ਜਿਥੇ ਬਾਬਾ ਦੀਪ ਸਿੰਘ ਦਾ ਅੰਤਮ ਸਸਕਾਰ ਕੀਤਾ ਗਿਆ ਸੀ। ਪੰਥ ਦੇ ਮਹਾਨ ਜਰਨੈਲ, ਜਥੇਦਾਰ ਅਕਾਲੀ ਫੂਲਾ ਸਿੰਘ ਜੀ ਨੇ 'ਸ਼ਹੀਦ ਗੰਜ' ਨੂੰ ਯਾਦਗਾਰੀ ਗੁਰਦੁਆਰੇ ਦੇ ਰੂਪ ਵਿਚ ਵਿਕਸਤ ਕੀਤਾ, ਜਿਸ ਦਾ ਪਹਿਲਾਂ ਪ੍ਰਬੰਧ ਸ਼ਹੀਦ ਮਿਸਲ ਦਾ ਸਿਰਦਾਰ ਕਰਦੇ।

੩੧ ਅਕਤੂਬਰ, ੧੯੨੪ ਈ: ਨੂੰ ਇਸ ਇਤਿਹਾਸਕ ਅਸਥਾਨ ਦਾ ਪ੍ਰਬੰਧ, ਸਿੱਖ-ਪੰਥ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਆਇਆ, ਜਿਸ ਨੇ ਸਿੱਖ ਸੰਗਤਾਂ ਦੇ ਸਹਿਯੋਗ ਸਦਕਾ 'ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ' ਦੀ ਇਮਾਰਤ ਨੂੰ ਆਧੁਨਿਕ ਸਰੂਪ ਪ੍ਰਦਾਨ ਕੀਤਾ। ਇਹ ਇਤਿਹਾਸਕ ਯਾਦਗਾਰੀ ਅਸਥਾਨ ਚਾਟੀਵਿੰਡ ਗੇਟ ਦੇ ਨਜ਼ਦੀਕ ਪਵਿੱਤਰ ਤੇ ਇਤਿਹਾਸਕ ਸ਼ਹਿਰ ਸ੍ਰੀ ਅੰਮ੍ਰਿਤਸਰ ਵਿਖੇ ਸਥਿਤ ਹੈ। ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰ: ਕਮੇਟੀ, ਮੈਨੇਜਰ ਸ੍ਰੀ ਦਰਬਾਰ ਸਾਹਿਬ ਰਾਹੀਂ ਕਰਦੀ ਹੈ। ਇਸ ਅਸਥਾਨ 'ਤੇ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਵਸ ਤੇ ਸ਼ਹੀਦੀ ਦਿਹਾੜਾ ਹਰ ਸਾਲ ਵਿਸ਼ੇਸ਼ ਰੂਪ ਵਿਚ ਮਨਾਇਆ ਜਾਂਦਾ ਹੈ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਰੋਜ਼ਾਨਾ ਇਸ ਅਸਥਾਨ 'ਤੇ ਸ਼ਰਧਾ-ਸਤਿਕਾਰ ਸਹਿਤ ਆਉਂਦੀਆਂ ਹਨ। ਹਰ ਐਤਵਾਰ ਵਿਸ਼ੇਸ਼ ਸਮਾਗਮ ਹੁੰਦਾ ਹੈ।

ਵਧੇਰੇ ਜਾਣਕਾਰੀ ਮੈਨੇਜਰ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ੦੧੮੩-੫੫੩੯੫੩, ੫੪੫੪੭੪, ੫੫੩੯੫੭,੫੮,੫੯ ਫੋਨ ਨੰਬਰਾਂ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਗੁਰਦੁਆਰਾ ਮੰਜੀ ਸਾਹਿਬ, ਦੀਵਾਨ ਅਸਥਾਨ

(ਸ੍ਰੀ ਅੰਮ੍ਰਿਤਸਰ) ਪੰਜਾਬ



ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਨਜ਼ਦੀਕ ਇਕ ਬਾਗ ਲਗਵਾਇਆ ਜਿਸ ਨੂੰ 'ਗੁਰੂ ਕਾ ਬਾਗ' ਕਿਹਾ ਜਾਂਦਾ ਸੀ। ਗੁਰੂ ਕੇ ਬਾਗ ਵਿਚ ਜਿਸ ਅਸਥਾਨ 'ਤੇ ਬੈਠ ਕੇ, ਗੁਰੂ ਅਰਜਨ ਦੇਵ ਜੀ ਸਰੋਵਰ ਦੀ ਕਾਰ ਸੇਵਾ ਸਮੇਂ ਦੀਵਾਨ ਸਜਾਉਂਦੇ ਸਨ ਉਸ ਨੂੰ 'ਗੁਰਦੁਆਰਾ ਮੰਜੀ ਸਾਹਿਬ' ਕਿਹਾ ਜਾਂਦਾ ਹੈ। ਥੜੇ ਉਪਰ ਸੰਗਮਰਮਰ ਦੀ ਸੁੰਦਰ ਮੰਜੀ ਬਣੀ ਹੋਈ ਹੈ। ਸਵੇਰੇ-ਸ਼ਾਮ ਦੀਵਾਨ ਅਸਥਾਨ 'ਤੇ ਦੀਵਾਨ ਸਜਾਉਣ ਦੀ ਪਰੰਪਰਾ ਬਾਖ਼ੂਬੀ ਜਾਰੀ ਹੈ। ਗੁਰਦੁਆਰਾ ਮੰਜੀ ਸਾਹਿਬ 'ਤੇ ਸਵੇਰੇ, ਸ੍ਰੀ ਹਰਿਮੰਦਰ ਸਾਹਿਬ ਵਿਖੇ ਆਏ ਮਹਾਂਵਾਕ ਤੇ ਸ਼ਾਮ ਨੂੰ ਕੀਰਤਨ ਉਪਰੰਤ ਇਤਿਹਾਸ ਦੀ ਕਥਾ ਹੁੰਦੀ ਹੈ। ਗੁਰਪੁਰਬਾਂ, ਸਾਲਾਨਾ ਜੋੜਮੇਲਿਆਂ, ਪੰਥਕ ਸੰਮੇਲਨਾਂ ਸਮੇਂ ਇਥੇ ਵਿਸ਼ੇਸ਼ ਦੀਵਾਨ ਸਜਦੇ ਹਨ। ਲੋੜ ਨੂੰ ਸਨਮੁਖ ਰੱਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ੧੯੭੦ ਈ: ਵਿਚ ਗੁਰਦੁਆਰਾ ਸਾਹਿਬ ਦੇ ਨਜ਼ਦੀਕ ਬਹੁਤ ਵੱਡਾ ਦੀਵਾਨ ਹਾਲ ਉਸਾਰਿਆ ਗਿਆ, ਜਿਥੇ ਹਜ਼ਾਰਾਂ ਦੀ ਗਿਣਤੀ ਵਿਚ ਗੁਰਸਿੱਖ ਮਿਲ-ਬੈਠ ਕੇ ਸੰਗਤ ਦਾ ਅਨੰਦ ਮਾਣ ਸਕਦੇ ਹਨ। ਪ੍ਰਬੰਧ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਮੈਨੇਜਰ ਸ੍ਰੀ ਦਰਬਾਰ ਸਾਹਿਬ ਰਾਹੀਂ ਕਰਦੀ ਹੈ। ਵਧੇਰੇ ਜਾਣਕਾਰੀ ਮੈਨੇਜਰ ਸ੍ਰੀ ਦਰਬਾਰ ਸਾਹਿਬ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਗੁਰਦੁਆਰਾ ਬਿਬੇਕਸਰ

## (ਸ੍ਰੀ ਅੰਮ੍ਰਿਤਸਰ) ਪੰਜਾਬ



ਸ੍ਰੀ ਅੰਮ੍ਰਿਤਸਰ ਦੀ ਪਵਿੱਤਰ ਤੇ ਇਤਿਹਾਸਕ ਧਰਤ 'ਤੇ ਸੁਭਾਇਮਾਨ ਹੈ, ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਸਿਰਜਤ ਅਸਥਾਨ 'ਗੁਰਦੁਆਰਾ ਬਿਬੇਕਸਰ'। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸੰਨ ੧੬੨੮ ਈ: ਵਿਚ ਭਾਈ ਗੁਰਦਾਸ ਜੀ ਪਾਸੋਂ ਅਰਦਾਸ ਕਰਵਾ ਇਸ ਅਸਥਾਨ ਦੀ ਨੀਂਹ ਆਪਣੇ ਕਰ-ਕਮਲਾਂ ਨਾਲ ਰੱਖੀ। ਗੁਰੂ ਜੀ ਰੋਜ਼ਾਨਾ ਇਸ ਅਸਥਾਨ 'ਤੇ ਦੀਵਾਨ ਸਜਾ ਕੇ ਸੰਗਤਾਂ ਨੂੰ ਗੁਰਮਤਿ ਗਿਆਨ ਦ੍ਰਿੜ੍ਹ ਕਰਵਾਇਆ ਕਰਦੇ ਸਨ ਜਿਸ ਕਰਕੇ ਨਾਮ 'ਬਿਬੇਕਸਰ' ਪ੍ਰਸਿੱਧ ਹੋਇਆ।

ਸਿੱਖ ਧਰਮ ਦੇ ਨਿਯਮਾਂ ਨੂੰ ਦ੍ਰਿੜ੍ਹਤਾ ਨਾਲ ਧਾਰਨ ਕਰਨ ਨੂੰ 'ਬਿਬੇਕ' ਕਿਹਾ ਜਾਂਦਾ ਹੈ। ਪਹਿਲਾਂ ਇਹ ਅਸਥਾਨ ਸ਼ਾਂਤ ਵਾਤਾਵਰਣ ਵਿਚ ਇਕ ਸਰੋਵਰ ਦੇ ਰੂਪ ਵਿਚ ਸੀ। ਮਹਾਰਾਜਾ ਰਣਜੀਤ ਸਿੰਘ ਨੇ ੧੮.੩੩ ਈ: ਵਿਚ ਇਸ ਅਸਥਾਨ 'ਤੇ ਗੁਰਦੁਆਰੇ ਦਾ ਨਿਰਮਾਣ ਕਾਰਜ ਕਰਵਾਇਆ। ੧੯੦੫-੦੬ ਈ: ਵਿਚ ਗੁਰਦੁਆਰਾ ਸਾਹਿਬ ਦੀ ਨਵ-ਉਸਾਰੀ ਹੋਈ।

ਇਸ ਗੁਰਦੁਆਰੇ ਦਾ ਪ੍ਰਬੰਧ ਪਹਿਲਾ ਉਦਾਸੀ ਕਰਦੇ ਸਨ ਫਿਰ ਕੁਝ ਸਮਾਂ ਨਿਹੰਗ ਸਿੰਘ ਕਰਦੇ ਰਹੇ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਸਮੇਂ ਇਸ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਆਇਆ। ਸ਼੍ਰੋਮਣੀ ਗੁ: ਪ੍ਰ: ਕਮੇਟੀ ਵੱਲੋਂ ੧੧ ਜੁਲਾਈ, ੧੯੯੩ ਈ: ਨੂੰ ਗੁਰਦੁਆਰਾ ਸਾਹਿਬ ਦੀ ਇਮਾਰਤ ਤੇ ਸਰੋਵਰ ਦੀ ਕਾਰ ਸੇਵਾ ਸ਼ੁਰੂ ਕਰਵਾਈ ਗਈ ਜਿਸ ਸਦਕਾ ਵਰਤਮਾਨ ਸੁੰਦਰ ਇਮਾਰਤ ਤੇ ਸਰੋਵਰ ਬਣਿਆ। ਪ੍ਰਬੰਧ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਮੈਨੇਜਰ ਸ੍ਰੀ ਦਰਬਾਰ ਸਾਹਿਬ ਰਾਹੀਂ ਕਰਦੀ ਹੈ।

ਇਸ ਅਸਥਾਨ 'ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰ-ਗੱਦੀ ਦਿਵਸ ਵਿਸ਼ੇਸ਼ ਰੂਪ ਵਿਚ ਮਨਾਇਆ ਜਾਂਦਾ ਹੈ।

ਵਧੇਰੇ ਜਾਣਕਾਰੀ ਮੈਨੇਜਰ ਸ੍ਰੀ ਦਰਬਾਰ ਸਾਹਿਬ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਗੁਰਦੁਆਰਾ ਪ੍ਰਕਾਸ਼ ਅਸਥਾਨ, ਪਾਤਸ਼ਾਹੀ ਛੇਵੀਂ

## ਗੁਰੂ ਕੀ ਵਡਾਲੀ (ਸ੍ਰੀ ਅੰਮ੍ਰਿਤਸਰ) ਪੰਜਾਬ



ਗੁਰਦੁਆਰਾ ਪ੍ਰਕਾਸ਼ ਅਸਥਾਨ ਪਾਤਸ਼ਾਹੀ ਛੇਵੀਂ, ਗੁਰੂ ਕੀ ਵਡਾਲੀ, ਉਹ ਪਵਿੱਤਰ ਪਾਵਨ ਅਸਥਾਨ ਹੈ, ਜਿਥੇ ਮੀਰੀ-ਪੀਰੀ ਦੇ ਮਾਲਕ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਪ੍ਰਕਾਸ਼ ੨੧ ਹਾੜ, ਸੰਮਤ ੧੬੫੨ (੧੪ ਜੂਨ, ੧੫੯੫) ਨੂੰ ਪੰਚਮ ਪਾਤਸ਼ਾਹ, ਗੁਰੂ ਅਰਜਨ ਦੇਵ ਜੀ ਦੇ ਘਰ, ਮਾਤਾ ਗੰਗਾ ਜੀ ਦੇ ਉਦਰ ਤੋਂ ਹੋਇਆ । ਗੁਰੂ ਅਰਜਨ ਦੇਵ ਜੀ ਆਪਣੇ ਵੱਡੇ ਭਾਈ ਪ੍ਰਿਥੀ ਚੰਦ ਦੀ ਵਿਰੋਧਤਾ ਕਾਰਨ, ਗੁਰੂ ਕੀ ਵਡਾਲੀ ਨਗਰ ਵਿਖੇ ਪਰਿਵਾਰ ਸਮੇਤ ਕੁਝ ਸਮੇਂ ਤੋਂ ਨਿਵਾਸ ਰੱਖ ਰਹੇ ਸਨ। ਗੁਰੂ ਹਰਿਗੋਬਿੰਦ ਸਾਹਿਬ ਗੁਰੂ ਅਰਜਨ ਦੇਵ ਜੀ ਦੇ ਇਕਲੌਤੇ ਸਪੁੱਤਰ ਸਨ। ਬਾਲ ਹਰਿਗੋਬਿੰਦ ਜੀ ਦੇ ਪ੍ਰਗਟ ਹੋਣ ਨਾਲ ਪਰਿਵਾਰ ਤੇ ਸਿੱਖ ਸੰਗਤਾਂ ਨੇ ਅਕਾਲ ਪੁਰਖ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ। ਪ੍ਰਿਥੀ ਚੰਦ, ਬਾਲ ਹਰਿਗੋਬਿੰਦ ਦੇ ਪ੍ਰਕਾਸ਼ ਨੂੰ ਆਪਣੇ ਸੁਆਰਥਾਂ ਦੇ ਰਸਤੇ ਵਿਚ ਰੋੜਾ ਸਮਝਦਾ ਸੀ। ਉਸ ਨੇ ਆਪਣੀ ਲਾਲਚੀ ਬਿਰਤੀ ਦੀ ਪੂਰਤੀ ਲਈ ਬਾਲ ਹਰਿਗੋਬਿੰਦ ਜੀ ਦੀ ਜੀਵਨ ਲੀਲ੍ਹਾ ਨੂੰ ਸਮਾਪਤ ਕਰਨ ਲਈ ਹਰ ਸੰਭਵ ਯਤਨ ਕੀਤਾ ਤਾਂ ਜੋ ਉਹ ਆਪਣੇ ਸਪੁੱਤਰ ਨੂੰ ਗੁਰਗੱਦੀ ਦਾ ਵਾਰਸ ਸਾਬਤ ਕਰ ਸਕੇ ਪਰ ਬਾਲਕ ਹਰਿਗੋਬਿੰਦ ਅਕਾਲ ਪੁਰਖ ਦੀ ਬਖਸ਼ਿਸ਼ ਸਦਕਾ ਨਵੇਂ ਨਰੋਏ ਰਹੇ।

ਗੁਰੂ ਹਰਿਗੋਬਿੰਦ ਜੀ ਨੇ ਆਪਣੇ ਬਾਲ-ਵਰੇਸ ਦੇ ਪਹਿਲੇ ਦਿਨ 'ਗੁਰੂ ਕੀ ਵਡਾਲੀ' ਦੀ ਧਰਤੀ 'ਤੇ ਵਿਚਰ ਕੇ ਸੁਕਾਰਥ ਕੀਤੇ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ 'ਗੁਰਗੱਦੀ' 'ਤੇ ਬਿਰਾਜਮਾਨ ਹੋਣ ਪਿੱਛੋਂ ਵੀ ਆਪਣੇ ਮੁਬਾਰਕ ਚਰਨ ਇਸ ਧਰਤੀ 'ਤੇ ਪਾਏ। ਯਾਦਗਾਰ ਵਜੋਂ ਗੁਰਦੁਆਰਾ ਦਮਦਮਾ ਸਾਹਿਬ ਸ਼ੋਭਨੀਕ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਅਸਥਾਨ 'ਤੇ ਅਮਰ ਯਾਦਗਾਰ ਵਜੋਂ ਸੁੰਦਰ ਗੁਰਦੁਆਰਾ ਸੁਸ਼ੋਭਿਤ ਹੈ। ਇਸ ਗੁਰਦੁਆਰੇ ਨੂੰ ਗੁਰਦੁਆਰਾ ਅਟਾਰੀ ਸਾਹਿਬ ਵੀ ਕਿਹਾ ਜਾਂਦਾ ਹੈ। ਗੁਰਦੁਆਰਾ ਸਾਹਿਬ ਦੀ ਮੌਜੂਦਾ ਪੰਜ-ਮੰਜ਼ਲੀ ਸ਼ਾਨਦਾਰ ਇਮਾਰਤ ਦਾ ਨਿਰਮਾਣ ਬਾਬਾ ਖੜਕ ਸਿੰਘ ਜੀ ਕਾਰ ਸੇਵਾ ਵਾਲਿਆਂ ਨੇ ਸੰਗਤਾਂ ਦੇ ਭਰਵੇਂ ਸਹਿਯੋਗ ਨਾਲ ਕਰਵਾਇਆ। ਗੁਰਦੁਆਰਾ ਸਾਹਿਬ ਦੇ ਪ੍ਰਵੇਸ਼ ਦੁਆਰ 'ਤੇ 'ਮੀਰੀ-ਪੀਰੀ' ਦੇ ਪ੍ਰਤੀਕ ਦੋ ਕੇਸਰੀ ਪਰਚਮ ਝੂਲਦੇ ਦੂਰੋਂ ਦਿਖਾਈ ਦਿੰਦੇ ਹਨ। ਇਸ ਇਤਿਹਾਸਕ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਪਾਸ ਹੈ। ਗੁਰਦੁਆਰਾ ਗੁਰੂ ਕੀ ਵਡਾਲੀ ਤੇ ਗੁਰਦੁਆਰਾ ਛੇਹਰਟਾ ਸਾਹਿਬ ਦਾ ਪ੍ਰਬੰਧ ਇਕ ਹੀ ਮੈਨੇਜਰ ਅਧੀਨ ਹੈ।

ਇਸ ਪਾਵਨ ਅਸਥਾਨ 'ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਗੁਰਪੁਰਬ ਵਿਸ਼ੇਸ਼ ਰੂਪ ਵਿਚ ਮਨਾਇਆ ਜਾਂਦਾ ਹੈ। ਹਜ਼ਾਰਾਂ ਸੰਗਤਾਂ ਗੁਰੂ-ਚਰਨਾਂ ਦੀ ਛੋਹ ਪ੍ਰਾਪਤ ਕਰਨ ਲਈ ਹਾਜ਼ਰ ਹੁੰਦੀਆਂ ਹਨ। ਲੰਗਰ-ਪ੍ਰਸ਼ਾਦਿ ਦਾ ਪ੍ਰਬੰਧ ਸੁਚੱਜਾ ਹੈ।

ਸ੍ਰੀ ਅੰਮ੍ਰਿਤਸਰ ਲਾਹੌਰ ਸ਼ਾਹ ਰਾਹ 'ਤੇ 'ਛੇਹਰਟਾ' ਬੱਸ ਸਟੈਂਡ ਤੋਂ ਇਹ ਇਤਿਹਾਸਕ ਅਸਥਾਨ ਦੋ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਛੇਹਰਟਾ ਅੰਮ੍ਰਿਤਸਰ-ਲਾਹੌਰ ਰੇਲਵੇ ਲਾਈਨ ਤੋਂ ਪਹਿਲਾ ਸਟੇਸ਼ਨ ਹੈ ਜੋ ਬੱਸ ਸਟੈਂਡ ਅੰਮ੍ਰਿਤਸਰ ਤੋਂ ੯ ਕਿਲੋਮੀਟਰ ਦੀ ਦੂਰੀ 'ਤੇ ਹੈ।

ਵਧੇਰੇ ਜਾਣਕਾਰੀ ਲਈ ੦੧੮੩-੨੫੮੧੪੭ ਫ਼ੋਨ ਨੰਬਰ ਦੀ ਸਹੂਲਤ ਪ੍ਰਾਪਤ ਹੈ।

# ਗੁਰਦੁਆਰਾ ਛੇਹਰਟਾ ਸਾਹਿਬ, ਪਾਤਸ਼ਾਹੀ ਛੇਵੀਂ

## (ਸ੍ਰੀ ਅੰਮ੍ਰਿਤਸਰ) ਪੰਜਾਬ

ਗੁਰੂ ਵਰਸਾਏ ਪਵਿੱਤਰ ਪਾਵਨ ਇਤਿਹਾਸਕ ਸ਼ਹਿਰ ਸ੍ਰੀ ਅੰਮ੍ਰਿਤਸਰ ਦੀ ਹਦੂਦ ਅੰਦਰ ਹੀ ਹੈ, ਧਾਰਮਿਕ-ਸਮਾਜਿਕ-ਇਤਿਹਾਸਕ ਮਹੱਤਤਾ ਵਾਲਾ ਨਗਰ ਛੇਹਰਟਾ। ਪ੍ਰਿਥੀ ਚੰਦ ਦੇ ਨਿੱਤ ਦੇ ਕਲੇਸ਼ ਨੂੰ ਖਤਮ ਕਰਨ ਲਈ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਕੁਝ ਸਮਾਂ ਗੁਰੂ ਕੀ ਵਡਾਲੀ ਵਿਖੇ ਪਰਿਵਾਰ ਸਮੇਤ ਨਿਵਾਸ ਕੀਤਾ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਇਸ ਸੁਹਾਵੀ ਧਰਤ 'ਤੇ ਹੀ ੨੧ ਹਾੜ, ਸੰਮਤ ੧੬੫੨ (ਜੂਨ, ੧੫੯੫) ਨੂੰ ਪ੍ਰਗਟ ਹੋਏ ਤੇ ਇਥੇ ਹੀ ਉਨ੍ਹਾਂ ਦੀ ਬਾਲ ਵਰੇਸ ਪ੍ਰਵਾਨ ਚੜ੍ਹੀ।



ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਕੀ ਵਡਾਲੀ ਦੇ ਨਜ਼ਦੀਕ, ਸੰਗਤਾਂ ਦੀ ਮੰਗ ਨੂੰ ਸਨਮੁੱਖ ਰੱਖਦਿਆਂ ਪਾਣੀ ਦੀ ਘਾਟ ਨੂੰ ਪੂਰਿਆਂ ਕਰਨ ਲਈ ਸੰਮਤ ੧੬੫੪ ਬਿਕਰਮੀ (੧੫੯੭ ਈ:) ਵਿਚ ਬਹੁਤ ਚੌੜੇ ਖੂਹ ਦਾ ਨਿਰਮਾਣ ਕਰਵਾਇਆ, ਜਿਸ ਵਿਚ ਛੇ-ਹਰਟ ਇਕ ਸਮੇਂ ਚਲ ਸਕਦੇ ਸਨ। ਛੇ-ਹਰਟ ਚੱਲਣ ਕਰਕੇ ਹੀ ਛੇਹਰਟਾ ਨਗਰ ਆਬਾਦ ਹੋਇਆ। ਗੁਰੂ ਜੀ ਵੱਲੋਂ ਕੀਤੇ ਇਸ ਬਹੁ-ਉਪਕਾਰੀ ਕਾਰਜ ਦੀ ਯਾਦ ਵਿਚ 'ਗੁਰਦੁਆਰਾ ਛੇਹਰਟਾ ਸਾਹਿਬ' ਸੁਭਾਇਮਾਨ ਹੈ। ਗੁਰਦੁਆਰਾ ਛੇਹਰਟਾ ਸਾਹਿਬ ਦੀ ਪੁਰਾਤਨ ਇਮਾਰਤ ਦੀ ਥਾਂ ਨਵੀਂ ਇਮਾਰਤ ਦੀ ਉਸਾਰੀ ਮਈ, ੧੯੯੯ ਤੋਂ ਚਲ ਰਹੀ ਹੈ। ਛੇਹਰਟਾ ਕਸਬਾ ਹੁਣ ਸ੍ਰੀ ਅੰਮ੍ਰਿਤਸਰ ਨਾਲ ਇਕਮਿੱਕ ਹੋ ਚੁੱਕਾ ਹੈ।

ਛੇਹਰਟਾ ਸ੍ਰੀ ਅੰਮ੍ਰਿਤਸਰ ਤੋਂ ਲਾਹੌਰ ਦੇ ਰਾਹ 'ਤੇ ਅੰਮ੍ਰਿਤਸਰ ਬੱਸ ਸਟੈਂਡ ਤੋਂ ਕੇਵਲ ੮ ਕਿਲੋਮੀਟਰ ਦੀ ਦੂਰੀ 'ਤੇ ਵੱਸਿਆ ਹੈ ਜੋ ਅੰਮ੍ਰਿਤਸਰ-ਲਾਹੌਰ ਰੇਲਵੇ ਸਟੇਸ਼ਨ ਦਾ ਪਹਿਲਾ ਸਟੇਸ਼ਨ ਹੈ। ਛੇਹਰਟਾ ਰੇਲਵੇ ਸਟੇਸ਼ਨ ਤੋਂ ਇਹ ਧਾਰਮਿਕ ਅਸਥਾਨ ਕੇਵਲ ੦.੫ ਕਿਲੋਮੀਟਰ ਤੇ ਬੱਸ ਸਟੈਂਡ ਛੇਹਰਟਾ ਤੋਂ ਇਕ ਕਿਲੋਮੀਟਰ ਦੀ ਦੂਰੀ 'ਤੇ ਹੈ।

ਗੁਰੂ ਸਾਹਿਬਾਨ ਦੇ ਆਗਮਨ ਗੁਰਪੁਰਬ ਵਿਸ਼ੇਸ਼ ਤੌਰ 'ਤੇ ਗੁਰਦੁਆਰਾ ਛੇਹਰਟਾ ਸਾਹਿਬ ਵਿਖੇ ਮਨਾਏ ਜਾਂਦੇ ਹਨ। ਬਸੰਤ ਪੰਚਮੀ ਨੂੰ ਭਾਰੀ ਮੇਲਾ ਹੁੰਦਾ ਹੈ ਤੇ ਲੋਕ ਸਰੋਵਰ ਵਿਚ ਇਸ਼ਨਾਨ ਕਰਨ ਲਈ ਦੂਰੋਂ-੨ ਆਉਂਦੇ ਹਨ।

ਇਸ ਧਾਰਮਿਕ ਅਸਥਾਨ ਦੇ ਨਜ਼ਦੀਕ ਹੀ ਗੁ: ਗੁਰੂ ਕੀ ਵਡਾਲੀ , ਗੁ: ਦਮਦਮਾ ਸਾਹਿਬ ਦਰਸ਼ਨ ਕਰਨ ਯੋਗ ਹਨ। ਸ਼੍ਰੋਮਣੀ ਗੁ: ਪ੍ਰ: ਕਮੇਟੀ ਵੱਲੋਂ ਪ੍ਰਕਾਸ਼ਤ ਧਾਰਮਿਕ ਸਾਹਿਤ ਇਸ ਗੁਰਦੁਆਰਾ ਸਾਹਿਬ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

ਯਾਤਰੂਆਂ ਦੀ ਸਹੂਲਤ ਵਾਸਤੇ ਲੰਗਰ-ਪ੍ਰਸ਼ਾਦਿ-ਰਹਾਇਸ਼ ਦਾ ਪ੍ਰਬੰਧ ਸੁਚੱਜਾ ਹੈ। ਵਧੇਰੇ ਜਾਣਕਾਰੀ ੦੧੮੩-੨੫੮੧੪੭ ਫੋਨ ਨੰ: ਤੋਂ ਪ੍ਰਾਪਤ ਕਰੋ ਜੀ।

# ਸ੍ਰੀ ਦਰਬਾਰ ਸਾਹਿਬ, ਤਰਨ ਤਾਰਨ

(ਸ੍ਰੀ ਅੰਮ੍ਰਿਤਸਰ) ਪੰਜਾਬ



ਪੁਰਾਤਨ ਦਿੱਲੀ-ਲਾਹੌਰ ਸ਼ਾਹ ਰਾਹ 'ਤੇ ਹੈ ਪੰਚਮ ਪਾਤਸ਼ਾਹ, ਗੁਰੂ ਅਰਜਨ ਦੇਵ ਜੀ ਦਾ ਵਸਾਇਆ ਹੋਇਆ ਪਵਿੱਤਰ ਧਾਰਮਿਕ-ਇਤਿਹਾਸਕ ਸ਼ਹਿਰ 'ਤਰਨ ਤਾਰਨ'। ਗੁਰੂ ਅਰਜਨ ਦੇਵ ਜੀ ਨੇ ਖਾਰਾ ਤੇ ਪਲਾਸੌਰ ਦੇ ਪਿੰਡਾਂ ਦੀ ਜ਼ਮੀਨ ਖਰੀਦ ਕੇ ੧੭ ਵੈਸਾਖ, ਸੰਮਤ ੧੬੪੭ ਬਿ: (੧੫੯੦ ਈ:) ਨੂੰ ਇਕ ਧਾਰਮਿਕ ਕੇਂਦਰ ਦੇ ਸਰੋਵਰ ਦੀ ਖੁਦਵਾਈ ਸ਼ੁਰੂ ਕਰਵਾਈ ਅਤੇ ੪ ਚੇਤ, ਸੰਮਤ ੧੬੫੩ ਬਿ: (੧੫੯੬ ਈ:) ਨੂੰ ਇਤਿਹਾਸਕ ਨਗਰ ਦੀ ਨੀਂਹ ਰੱਖੀ । ਮੀਰੀ-ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਪਾਤਸ਼ਾਹ ਨੇ ਵੀ ਇਸ ਅਸਥਾਨ 'ਤੇ ਆਪਣੇ ਮੁਬਾਰਕ ਚਰਨ ਪਾਏ ਸਨ । ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦੀ ਉਸਾਰੀ ਅਜੇ ਚਲ ਹੀ ਰਹੀ ਸੀ ਕਿ ਸਰਾਇ ਨੂਰਦੀਨ ਦੀ ਉਸਾਰੀ ਸਰਕਾਰੀ ਤੌਰ 'ਤੇ ਸ਼ੁਰੂ ਹੋਈ, ਜਿਸ ਕਰਕੇ ਜ਼ਬਰਨ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦੀ ਉਸਾਰੀ ਰੋਕ ਦਿੱਤੀ ਗਈ। ਉਸਾਰੀ ਵਾਸਤੇ ਇਕੱਠੀਆਂ ਕੀਤੀਆਂ ਇੱਟਾਂ ਵੀ ਨੂਰਦੀਨ ਦਾ ਪੁਤਰ ਅਮੀਰੁੱਦੀਨ ਚੁੱਕ ਕੇ ਲੈ ਗਿਆ। ਸੰ: ੧੮੩੫ ਬਿ: (੧੭੭੮ ਈ:) ਵਿਚ ਸਰਦਾਰ ਬੁੱਧ ਸਿੰਘ ਫੈਜ਼ਲਪੁਰੀਏ ਨੇ ਪੱਟੀ ਪਰਗਣੇ 'ਤੇ ਕਬਜ਼ਾ ਕੀਤਾ ਤੇ ਨੂਰਦੀਨ ਦੀ ਸਰਾਇ ਨੂੰ ਢਵਾ ਕੇ ਗੁਰੂ-ਘਰ ਦੀਆਂ ਇੱਟਾਂ ਵਾਪਸ ਲਿਆਂਦੀਆਂ ਤੇ ਗੁਰੂ-ਨਗਰੀ ਤਰਨ ਤਾਰਨ ਦਾ ਨਿਰਮਾਣ ਕਾਰਜ ਦੋਬਾਰਾ ਸ਼ੁਰੂ ਕਰਵਾਇਆ।

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਨੇ ਆਪਣੇ ਰਾਜ-ਕਾਲ ਦੌਰਾਨ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦੀ ਇਤਿਹਾਸਕ ਇਮਾਰਤ ਨੂੰ ਨਵੀਨ ਰੂਪ ਪ੍ਰਦਾਨ ਕੀਤਾ ਤੇ ਸੋਨੇ ਦੀ ਮੀਨਾਕਾਰੀ ਦਾ ਇਤਿਹਾਸਕ ਕਾਰਜ ਕਰਵਾਇਆ। ਵਿਸ਼ਾਲ ਸਰੋਵਰ ਦੀ ਪਰਕਰਮਾ ਪੱਕੀ ਵੀ ਸ਼ੇਰੇ ਪੰਜਾਬ ਦੇ ਰਾਜ ਕਾਲ ਸਮੇਂ ਹੋਈ।ਸਮੇਂ ਦੀ ਲੋੜ ਨੂੰ ਮੁੱਖ ਰੱਖਦਿਆਂ ਸਿੱਖ ਸੰਗਤਾਂ ਦੇ ਆਰਾਮ ਵਾਸਤੇ ਬਹੁਤ ਸਾਰੇ ਬੁੰਗੇ ਵੀ ਬਣਾਏ ਗਏ। ਅੰਗਰੇਜ਼ ਰਾਜ ਸਮੇਂ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦਾ ਪ੍ਰਬੰਧ ਉਦਾਸੀ ਮਹੰਤਾਂ ਪਾਸ ਰਿਹਾ ਜੋ ਸਮੇਂ ਦੇ ਗੇੜ ਨਾਲ ਅਤਿ ਦਰਜੇ ਦੇ ਨੀਚ ਸਾਬਤ (...36...) ਹੋਏ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਸਮੇਂ ੨੬ ਜਨਵਰੀ, ੧੯੨੦ ਨੂੰ ਉਦਾਸੀਆਂ ਨਾਲ ਸੰਘਰਸ਼ ਕਰਕੇ ਸਿੰਘਾਂ ਨੇ ਪ੍ਰਬੰਧ ਆਪਣੇ ਹੱਥਾਂ ਵਿਚ ਲਿਆ। ੧੯੩੦ ਈ: ਨੂੰ ਸ੍ਰੀ ਦਰਬਾਰ ਤਰਨ ਤਾਰਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਆਇਆ । ਸ੍ਰੀ ਦਰਬਾਰ ਸਾਹਿਬ, ਤਰਨ ਤਾਰਨ ਦੀ ਅਤਿ ਸੁੰਦਰ ਆਲੀਸ਼ਾਨ ਇਮਾਰਤ, ਵਿਸ਼ਾਲ ਸਰੋਵਰ ਦੇ ਇਕ ਕਿਨਾਰੇ ਸੁਸ਼ੋਭਿਤ ਹੈ। ਇਸ ਪਵਿੱਤਰ ਇਤਿਹਾਸਕ ਅਸਥਾਨ 'ਤੇ ਸਾਰੇ ਗੁਰਪੁਰਬ, ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਜੋੜ ਮੇਲਾ ਤੇ ਖਾਲਸੇ ਦਾ ਸਿਰਜਣਾ ਦਿਹਾੜਾ ਵੱਡੀ ਪੱਧਰ 'ਤੇ ਮਨਾਏ ਜਾਂਦੇ ਹਨ।

ਸ੍ਰੀ ਦਰਬਾਰ ਸਾਹਿਬ ਤਰਨ ਤਾਰਨ, ਤਰਨ ਤਾਰਨ ਰੇਲਵੇ ਸਟੇਸ਼ਨ ਤੋਂ ਇਕ ਕਿਲੋਮੀਟਰ ਤੇ ਬੱਸ ਸਟੈਂਡ ਤਰਨ ਤਾਰਨ ਤੋਂ ਅੱਧਾ ਕਿਲੋਮੀਟਰ ਦੂਰੀ 'ਤੇ ਸ਼ੋਭਨੀਕ ਹੈ। ਤਰਨ ਤਾਰਨ ਸ਼ਹਿਰ ਅੰਮ੍ਰਿਤਸਰ ਜ਼ਿਲ੍ਹੇ ਦਾ ਪ੍ਰਮੁੱਖ ਧਾਰਮਿਕ ਕੇਂਦਰ ਹੈ ਜੋ ਅੰਮ੍ਰਿਤਸਰ ਤੋਂ ਕੇਵਲ ੨੪ ਕਿਲੋਮੀਟਰ ਦੀ ਦੂਰੀ 'ਤੇ ਅੰਮ੍ਰਿਤਸਰ-ਫਿਰੋਜ਼ਪੁਰ ਰੋਡ 'ਤੇ ਸਥਿਤ ਹੈ। ਤਰਨ ਤਾਰਨ ਗੋਇੰਦਵਾਲ, ਝਬਾਲ, ਫਿਰੋਜ਼ਪੁਰ ਆਦਿ ਸ਼ਹਿਰਾਂ ਨਾਲ ਸੜਕੀ ਮਾਰਗ ਰਾਹੀਂ ਜੁੜਿਆ ਹੈ।

ਸ੍ਰੀ ਦਰਬਾਰ ਸਾਹਿਬ ਤੋਂ ਇਲਾਵਾ ਤਰਨ ਤਾਰਨ ਵਿਚ ਗੁਰਦੁਆਰਾ ਗੁਰੂ ਦਾ ਖੂਹ, ਗੁ: ਮੰਜੀ ਸਾਹਿਬ, ਗੁਰਦੁਆਰਾ ਟੱਕਰ ਸਾਹਿਬ, ਬੀਬੀ ਭਾਨੀ ਦਾ ਖੂਹ ਆਦਿ ਧਾਰਮਿਕ-ਇਤਿਹਾਸਕ ਅਸਥਾਨ ਦੇਖਣ ਯੋਗ ਹਨ।

ਯਾਤਰੂਆਂ ਦੀ ਰਿਹਾਇਸ਼, ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਸੁਚੱਜਾ ਪ੍ਰਬੰਧ ਹੈ। ੧੨ ਬਾਥਰੂਮ ਸਮੇਤ ਤੇ ੧੨ ਆਮ ਕਮਰੇ ਰਿਹਾਇਸ਼ ਵਾਸਤੇ ਬਣੇ ਹੋਏ ਹਨ। ਵਧੇਰੇ ਜਾਣਕਾਰੀ ਲਈ ੦੧੮੫੨-੨੨੭੦੭ ਨੰ: 'ਤੇ ਫੋਨ ਕੀਤਾ ਜਾ ਸਕਦਾ ਹੈ।

# ਗੁਰਦੁਆਰਾ ਬੀੜ ਬਾਬਾ ਬੁੱਢਾ ਜੀ, ਠੱਠਾ

## (ਸ੍ਰੀ ਅੰਮ੍ਰਿਤਸਰ) ਪੰਜਾਬ



ਗੁਰਦੁਆਰਾ ਬੀੜ ਸਾਹਿਬ, ਠੱਠਾ, ਗੁਰੂ-ਘਰ ਦੇ ਪ੍ਰੀਤਵਾਨ, ਪਰਮ-ਸੇਵਕ, ਪ੍ਰਮੁੱਖ ਸਿੱਖ, ਬਾਬਾ ਬੁੱਢਾ ਜੀ ਦੀ ਯਾਦ ਵਿਚ ਸਸ਼ੋਭਿਤ ਹੈ। ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਅਕਬਰ ਬਾਦਸ਼ਾਹ ਨੇ ਚਿਤੌੜ ਦਾ ਕਿਲ੍ਹਾ ਫ਼ਤਹਿ ਹੋਣ ਦੀ ਖ਼ੁਸ਼ੀ ਵਿਚ ਬਹੁਤ ਸਾਰੀ ਜ਼ਮੀਨ ਗੁਰੂ-ਘਰ ਨੂੰ ਭੇਂਟ ਕੀਤੀ। (ਸ੍ਰ: ਕਰਮ ਸਿੰਘ ਹਿਸਟੋਰੀਅਨ ਅਨੁਸਾਰ ਇਹ ਜ਼ਮੀਨ ਪੱਟੀ ਪਰਗਨੇ ਦੇ ਚੌਧਰੀ ਲੰਗਾਹ ਨੇ ਗੁਰੂ-ਘਰ ਨੂੰ ਪਸ਼ੂ ਚਾਰਨ ਲਈ ਭੇਂਟ ਕੀਤੀ ਸੀ) ਸ੍ਰੀ ਗੁਰੂ ਅਮਰਦਾਸ ਜੀ ਨੇ ਇਹ ਜ਼ਮੀਨ (ਬੀੜ) ਬਾਬਾ ਬੁੱਢਾ ਜੀ ਦੇ ਸਪੁਰਦ ਕਰ ਦਿੱਤੀ। ਬਾਬਾ ਬੁੱਢਾ ਜੀ ਗੁਰੂ-ਘਰ ਦੇ ਸਭ ਤੋਂ ਵੱਧ ਸਤਿਕਾਰਤ, ਬਜ਼ੁਰਗਵਾਰ-ਗੁਰਸਿੱਖ ਸਨ। ਬਾਬਾ ਬੁੱਢਾ ਜੀ ਨੇ ਬੀੜ ਸਾਹਿਬ ਦੇ ਅਸਥਾਨ 'ਤੇ ਬਹੁਤ ਚਿਰ ਨਿਵਾਸ ਕੀਤਾ। ਸ੍ਰੀ ਗੁਰੂ ਅਰਜਨ ਦੇਵ ਜੀ ਵੀ ਇਸ ਸਮੇਂ ਦੌਰਾਨ ਬਾਬਾ ਬੁੱਢਾ ਜੀ ਨੂੰ ਮਿਲਣ ਬੀੜ ਸਾਹਿਬ ਆਉਂਦੇ ਰਹੇ।

ਮਨੌਤ ਹੈ ਕਿ ਮਾਤਾ ਗੰਗਾ ਜੀ ਨੇ ਆਪਣੇ ਮਨ ਦੀ ਮੁਰਾਦ ਪੂਰੀ ਕਰਨ ਲਈ, ਬਾਬਾ ਬੁੱਢਾ ਜੀ ਤੋਂ ਅਸ਼ੀਰਵਾਦ ਦੀ ਮੰਗ ਕੀਤੀ। ਬਾਬਾ ਬੁੱਢਾ ਜੀ ਨੇ ਅਸ਼ੀਰਵਾਦ ਦਿੱਤਾ ਕਿ, ਸਰਬ-ਸ਼ਕਤੀਮਾਨ, ਅਕਾਲ ਪੁਰਖ ਵਾਹਿਗੁਰੂ ਤੁਹਾਡੀ ਅਰਦਾਸ ਪੂਰੀ ਕਰੇਗਾ।

ਬਾਬਾ ਬੁੱਢਾ ਜੀ ਦੀ ਯਾਦ ਵਿਚ ਆਲੀਸ਼ਾਨ ਗੁਰਦੁਆਰਾ ਸੁਭਾਇਮਾਨ ਹੈ, ਜਿਥੇ ਹਜ਼ਾਰਾਂ ਸ਼ਰਧਾਲੂ ਗੁਰੂ-ਘਰ ਦੀ ਚਰਨ-ਛੋਹ ਪ੍ਰਾਪਤ ਕਰਨ ਆਉਂਦੇ ਹਨ। ਇਹ ਇਤਿਹਾਸਕ ਅਸਥਾਨ ਬੀੜ ਬਾਬਾ ਬੁੱਢਾ ਜੀ, ਠੱਠਾ (ਝਬਾਲ) ਦੇ ਨਾਮ ਨਾਲ ਪ੍ਰਸਿੱਧ ਹੈ। ਗੁਰਦੁਆਰਾ ਸਾਹਿਬ ਦੇ ਨਾਲ ਵਿਸ਼ਾਲ ਸੁੰਦਰ ਸਰੋਵਰ ਵੀ ਹੈ।

ਇਸ ਅਸਥਾਨ 'ਤੇ ਪਹਿਲੀ-ਦਸਵੀਂ ਪਾਤਸ਼ਾਹੀ ਦੇ ਆਗਮਨ ਗੁਰਪੁਰਬ, ਸ਼ਹੀਦੀ ਦਿਹਾੜਾ ਪੰਚਮ ਪਾਤਸ਼ਾਹੀ ਤੇ ਸਾਲਾਨਾ ਜੋੜ ਮੇਲਾ ਵੱਡੀ ਪੱਧਰ 'ਤੇ ਮਨਾਏ ਜਾਂਦੇ ਹਨ। ਇਸ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਹੈ।

ਇਹ ਪਵਿੱਤਰ ਅਸਥਾਨ ਪਿੰਡ ਠੱਠਾ ਤਹਿਸੀਲ ਤਰਨ-ਤਾਰਨ, ਜ਼ਿਲ੍ਹਾ ਅੰਮ੍ਰਿਤਸਰ ਵਿਚ ਰੇਲਵੇ ਸਟੇਸ਼ਨ, ਸ੍ਰੀ ਅੰਮ੍ਰਿਤਸਰ ਤੋਂ ੨੨ ਕਿਲੋਮੀਟਰ, ਬੱਸ ਸਟੈਂਡ ਠੱਠਾ ਤੋਂ ਦੋ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਅੰਮ੍ਰਿਤਸਰ, ਖੇਮਕਰਨ, ਤਰਨ ਤਾਰਨ ਆਦਿ ਤੋਂ ਬੱਸ ਸਰਵਿਸ ਵੀ ਇਸ ਅਸਥਾਨ ਲਈ ਬਹੁਤ ਹੈ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਸੁਚੱਜਾ ਪ੍ਰਬੰਧ ਹੈ। ਰਿਹਾਇਸ਼ ਲਈ ੧੫ ਕਮਰੇ ਹਨ।

ਵਧੇਰੇ ਜਾਣਕਾਰੀ ਲਈ ੦੧੯੫੨-੭੭੩੨੬ ਨੰਬਰ 'ਤੇ ਫੋਨ ਦੀ ਸਹੂਲਤ ਹੈ।

# ਗੁਰਦੁਆਰਾ 'ਗੁਰੂ ਕਾ ਬਾਗ' ਘੁਕੇਵਾਲੀ

(ਸ੍ਰੀ ਅੰਮ੍ਰਿਤਸਰ) ਪੰਜਾਬ



ਪੰਚਮ ਪਾਤਸ਼ਾਹ, ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਚਰਨ-ਛੋਹ ਪ੍ਰਾਪਤ ਧਰਤ ਸੁਹਾਵੀ 'ਤੇ ਸਸ਼ੋਭਿਤ ਹੈ ਗੁਰਦੁਆਰਾ 'ਗੁਰੂ ਕਾ ਬਾਗ' ਘੁਕੇਵਾਲੀ। ਗੁਰੂ ਅਰਜਨ ਦੇਵ ਜੀ, ਸਹਿੰਸਰੇ ਦੀ ਸੰਗਤ ਦੀ ਪ੍ਰੇਮ ਭਾਵਨਾ ਤੇ ਬੇਨਤੀ ਨੂੰ ਸਵੀਕਾਰਦੇ ਹੋਏ ੧੫੯੫ ਈ: ਵਿਚ ਇਸ ਅਸਥਾਨ 'ਤੇ ਆਏ ਅਤੇ ਕੁਝ ਦਿਨ ਇਥੇ ਨਿਵਾਸ ਕਰ ਕੇ ਨਾਮ-ਬਾਣੀ ਦਾ ਪ੍ਰਵਾਹ ਚਲਾਇਆ। ਗੁਰੂ ਤੇਗ ਬਹਾਦਰ ਜੀ ੧੬੬੪ ਈ: ਵਿਚ ਇਸ ਅਸਥਾਨ 'ਤੇ ਆਏ ਅਤੇ ਖਾਲੀ ਜ਼ਮੀਨ 'ਤੇ ਬਾਗ ਲਾਉਣ ਦੀ ਤਾਕੀਦ ਕੀਤੀ ਜਿਸ 'ਤੇ ਇਹ ਅਸਥਾਨ 'ਗੁਰੂ ਕੇ ਬਾਗ' ਵਜੋਂ ਪ੍ਰਸਿੱਧ ਹੋਇਆ। ਪਹਿਲਾਂ ਇਸ ਅਸਥਾਨ ਨੂੰ 'ਗੁਰੂ ਕੀ ਰੌੜ' ਕਿਹਾ ਜਾਂਦਾ ਸੀ। ਮਹਾਰਾਜਾ ਰਣਜੀਤ ਸਿੰਘ ਨੇ 'ਗੁਰੂ-ਘਰ ਦੇ ਨਿਰਮਾਣ' ਕਾਰਜ ਤੇ ਬਾਗ ਦੇ ਵਿਕਾਸ ਕਾਰਜ ਵਿਚ ਚੋਖਾ ਯੋਗਦਾਨ ਪਾਇਆ। ਪਹਿਲਾਂ ਇਸ ਅਸਥਾਨ ਦਾ ਪ੍ਰਬੰਧ ਪਿਤਾ-ਪੁਰਖੀ ਮਹੰਤਾਂ ਪਾਸ ਸੀ। ਅਕਾਲੀ ਲਹਿਰ ਸਮੇਂ ਮਹੰਤ ਸੁੰਦਰ ਦਾਸ ਨੇ ੧੯੨੧ ਈ: ਵਿਚ 'ਗੁਰੂ-ਘਰ' ਦਾ ਪ੍ਰਬੰਧ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤਾ ਪਰ ਸਰਕਾਰੀ ਸ਼ਹਿ 'ਤੇ 'ਗੁਰੂ ਕੇ ਬਾਗ' ਦੀ ਜ਼ਮੀਨ 'ਤੇ ਆਪਣਾ ਅਧਿਕਾਰ ਜਮਾਈ ਰੱਖਿਆ। 'ਗੁਰੂ ਕੇ ਬਾਗ' ਵਿਚੋਂ ਗੁਰੂ ਕੇ ਲੰਗਰ ਵਾਸਤੇ ਲੱਕੜਾਂ ਕੱਟਣ ਗਏ ੫ ਸੇਵਾਦਾਰਾਂ ਨੂੰ ਪੁਲਿਸ ਨੇ ਮਹੰਤ ਦੇ ਕਹਿਣ 'ਤੇ ੯ ਅਗਸਤ, ੧੯੨੨ ਨੂੰ ਗ੍ਰਿਫਤਾਰ ਕਰ ਲਿਆ ਤੇ ਛੇ-ਛੇ ਮਹੀਨੇ ਦੀ ਸਖਤ ਕੈਦ ਦੀ ਸਜ਼ਾ ਦਿੱਤੀ ਗਈ, ਜਿਸ 'ਤੇ ੧੨ ਅਗਸਤ, ੧੯੨੨ ਈ: ਨੂੰ ਸ਼੍ਰੋਮਣੀ ਅਕਾਲੀ ਦਲ ਨੇ ਮੋਰਚਾ ਲਾ ਦਿੱਤਾ। ਹਰ ਰੋਜ਼ ਜਥੇ ਜਾਣੇ ਸ਼ੁਰੂ ਹੋ ਗਏ। ਸਰਕਾਰ ਨੇ ਜਥਿਆਂ ਨੂੰ ਗ੍ਰਿਫਤਾਰ ਕਰਨਾ ਸ਼ੁਰੂ ਕਰ ਦਿੱਤਾ। ਸ਼ਾਂਤਮਈ ਜਥਿਆਂ 'ਤੇ ਜੋ ਪੁਲਿਸ ਨੇ ਜ਼ੁਲਮ ਢਾਹੇ ਉਨ੍ਹਾਂ ਨੂੰ ਸ਼ਬਦਾਂ ਵਿਚ ਬਿਆਨ ਕਰਨਾ ਮੁਸ਼ਕਲ ਹੈ। ਪੁਲਿਸ ਦੇ ਜ਼ੁਲਮਾਂ ਨੂੰ ਅੱਖੀਂ ਤੱਕ ਅੰਗਰੇਜ਼ ਪਾਦਰੀ ਸੀ.ਐਫ.ਐਡਰੀਊ ਨੇ ੧੨ ਸਤੰਬਰ, ੧੯੨੨ ਨੂੰ ਲਿਖਿਆ ਕਿ ਮੈਂ ਰੋਜ਼ਾਨਾ ਸੈਂਕੜੇ 'ਮਸੀਹਾਂ' ਨੂੰ ਸੂਲੀ ਚੜ੍ਹਦਿਆਂ ਤੱਕਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਹੁਤ ਸਾਰੇ ਮੈਂਬਰਾਂ ਨੂੰ ਸਰਕਾਰ ਨੇ ਗ੍ਰਿਫਤਾਰ ਕਰ ਲਿਆ। ਅਖੀਰ ਅੰਗਰੇਜ਼ ਸਾਮਰਾਜ ਨੂੰ ਪੰਥਕ ਸ਼ਕਤੀ ਅੱਗੇ ਝੁਕਣਾ ਪਿਆ। ੧੭ ਨਵੰਬਰ, ੧੯੨੨ ਨੂੰ ਮਹੰਤ ਸੁੰਦਰ ਦਾਸ ਨੇ 'ਗੁਰੂ ਕੇ ਬਾਗ' ਦੀ ਜ਼ਮੀਨ ਦਾ ਪ੍ਰਬੰਧ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੂੰ ਸੌਂਪ ਦਿੱਤਾ। ੨੧ ਅਪ੍ਰੈਲ, ੧੯੨੩ ਈ: ਨੂੰ ਕੁੱਲ ਗ੍ਰਿਫਤਾਰ ਹੋਏ ੫੬੦੫ ਅਕਾਲੀਆਂ ਨੂੰ ਸਰਕਾਰ ਨੇ ਰਿਹਾਅ ਕਰ ਦਿੱਤਾ। ਇਸ ਇਤਿਹਾਸਕ ਅਸਥਾਨ 'ਤੇ ਗੁਰੂ ਸਾਹਿਬਾਨ ਦੇ ਗੁਰਪੁਰਬ ਤੇ ਸਾਲਾਨਾ ਜੋੜ ਮੇਲਾ ਵੱਡੀ ਪੱਧਰ 'ਤੇ ਮਨਾਇਆ ਜਾਂਦਾ ਹੈ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਵਧੀਆ ਪ੍ਰਬੰਧ ਹੈ। ਰਿਹਾਇਸ਼ ਵਾਸਤੇ ੧੦ ਕਮਰੇ ਹਨ। ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁ: ਪ੍ਰ: ਕਮੇਟੀ ਲੋਕਲ ਕਮੇਟੀ ਰਾਹੀਂ ਚਲਾਉਂਦੀ ਹੈ। ਇਹ ਅਸਥਾਨ ਅੰਮ੍ਰਿਤਸਰ ਤੋਂ ੨੨ ਕਿਲੋਮੀਟਰ ਦੀ ਦੂਰੀ 'ਤੇ ਅੰਮ੍ਰਿਤਸਰ-ਅਜਨਾਲਾ ਰੋਡ 'ਤੇ ਲਿੰਕ ਰੋਡ ਕੁੱਕੜਾਂਵਾਲੀ-ਫਤਹਿਗੜ੍ਹ ਚੂੜੀਆਂ 'ਤੇ ਸਥਿਤ ਹੈ।

# ਗੁਰਦੁਆਰਾ ਸ੍ਰੀ ਬਾਉਲੀ ਸਾਹਿਬ, ਗੋਇੰਦਵਾਲ

## (ਸ੍ਰੀ ਅੰਮ੍ਰਿਤਸਰ) ਪੰਜਾਬ



ਸ੍ਰੀ ਗੁਰੂ ਅੰਗਦ ਦੇਵ ਜੀ ਦੇ ਹੁਕਮ ਨਾਲ ਸ੍ਰੀ ਗੁਰੂ ਅਮਰਦਾਸ ਜੀ ਨੇ ਪਵਿੱਤਰ ਇਤਿਹਾਸਕ ਨਗਰ ਸ੍ਰੀ ਗੋਇੰਦਵਾਲ ਸਾਹਿਬ ਨੂੰ ਸਿੱਖ ਧਰਮ ਦਾ ਪ੍ਰਚਾਰ-ਪ੍ਰਸਾਰ ਕੇਂਦਰ ਸਥਾਪਤ ਕੀਤਾ। ਗੁਰੂ ਅਮਰਦਾਸ ਜੀ ਨੇ ਸੰਗਤਾਂ ਦੀ ਆਤਮਿਕ ਤੇ ਸੰਸਾਰਕ-ਤ੍ਰਿਪਤੀ, ਤਨ-ਮਨ ਦੀ ਪਵਿੱਤਰਤਾ, ਉਚ-ਨੀਚ, ਜਾਤ-ਪਾਤ ਦੇ ਭੇਦ-ਭਾਵ ਨੂੰ ਦੂਰ ਕਰਨ ਲਈ ੮੪ ਪੌੜੀਆਂ ਵਾਲੀ ਬਾਉਲੀ ਸਾਹਿਬ ਦੀ ਰਚਨਾ ਕਰਵਾਈ। ਇਹ ਇਤਿਹਾਸਕ ਸਥਾਨ ਜਿਥੇ ਕੁਦਰਤੀ ਨਜ਼ਾਰਿਆਂ ਨਾਲ ਭਰਪੂਰ, ਅਤਿ ਸੁੰਦਰ ਤੇ ਰਮਣੀਕ ਹੈ, ਉਥੇ ਪ੍ਰਬੰਧ ਪੱਖੋਂ ਵੀ ਆਦਰਸ਼ਕ ਹੈ। ਇਤਿਹਾਸਕ ਮਹੱਤਤਾ ਦਾ ਅੰਦਾਜ਼ਾ ਸਹਿਜੇ ਹੀ ਹੋ ਸਕਦਾ ਹੈ ਕਿ ਅੱਜ ਵੀ ਗੋਇੰਦਵਾਲ ਸਿੱਖੀ ਦਾ ਧੁਰਾ ਹੈ, ਲੋਕ ਕਥਨ ਪ੍ਰਸਿੱਧ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੀ ਬਾਣੀ ਦਾ ਸੰਗ੍ਰਹਿ ਵੀ ਇਥੇ ਹੀ ਬਾਬਾ ਮੋਹਨ ਜੀ ਵਾਲੀਆਂ ਪੋਥੀਆਂ ਨਾਲ ਹੁੰਦਾ ਹੈ। 'ਦੋਹਿਤਾ ਬਾਣੀ ਦਾ ਬੋਹਿਥਾ' ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ ਵੀ ਇਸ ਸੁਹਾਵਣੀ ਧਰਤ 'ਤੇ ਹੋਇਆ। ਗੁਰੂ ਅਮਰਦਾਸ ਜੀ ੧੫੫੨ ਈ: ਵਿਚ ਇੱਥੇ ਹੀ ਗੁਰ-ਗੱਦੀ 'ਤੇ ਬਿਰਾਜਮਾਨ ਹੋਏ। ਅਕਬਰ ਬਾਦਸ਼ਾਹ ਵੀ ਆਤਮਿਕ-ਤ੍ਰਿਪਤੀ ਵਾਸਤੇ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਨੂੰ ਉਚੇਚਾ ਹਾਜ਼ਰ ਹੋਇਆ। ਪੰਜਾਬ ਦਾ ਮੌਸਮੀ ਤਿਉਹਾਰ ਵਿਸਾਖੀ, ਇਤਿਹਾਸਕ ਤੌਰ 'ਤੇ ਸਿੱਖ ਜੋੜ ਮੇਲੇ ਵਜੋਂ ਇੱਥੇ ਮਨਾਉਣੀ ਸ਼ੁਰੂ ਹੋਇਆ।

ਗੋਇੰਦਵਾਲ ਸਾਹਿਬ ਦੀ ਬਾਉਲੀ ਸਾਹਿਬ ਤੇ ਹੋਰ ਗੁਰ ਅਸਥਾਨਾਂ ਦੀ ਸੇਵਾ ਪਹਿਲਾਂ ਮਿਸਲਾਂ ਦੇ ਸਰਦਾਰਾਂ ਤੇ ਫਿਰ ਮਹਾਰਾਜਾ ਰਣਜੀਤ ਸਿੰਘ ਨੇ ਕਰਵਾਈ। ਗੁਰਦੁਆਰਾ ਬਾਉਲੀ ਸਾਹਿਬ ਗੋਇੰਦਵਾਲ ਦਾ ਮੁੱਖ ਅਸਥਾਨ ਹੈ। ਦਰਸ਼ਨ ਇਸ਼ਨਾਨ ਲਈ ਦੇਸ਼-ਵਿਦੇਸ਼ ਤੋਂ ਸੰਗਤਾਂ ਭਾਰੀ ਗਿਣਤੀ ਵਿਚ ਆਉਂਦੀਆਂ ਹਨ। ਪ੍ਰਕਾਸ਼ ਅਸਥਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਚਾਰ-ਮੰਜ਼ਲੀ ਸ਼ਾਨਦਾਰ ਇਮਾਰਤ ੧੯੩੮-੪੪ ਵਿਚ ਬਣਾਈ ਗਈ।

ਯਾਤਰੂਆਂ ਦੀ ਸਹੂਲਤ ਵਾਸਤੇ ਸ੍ਰੀ ਗੁਰੂ ਅਮਰਦਾਸ ਤੇ ਸ੍ਰੀ ਗੁਰੂ ਅਰਜਨ ਦੇਵ ਨਿਵਾਸ, ਬਾਥਰੂਮਾਂ ਸਮੇਤ ੫੫ ਕਮਰੇ ਹਨ। ਸ੍ਰੀ ਗੁਰੂ ਅਮਰਦਾਸ ਲੰਗਰ ਦਾ ਪ੍ਰਬੰਧ ਆਦਰਸ਼ਕ ਹੈ।

ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਗੋਇੰਦਵਾਲ ਸਾਹਿਬ ਤਹਿਸੀਲ ਖਡੂਰ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਦਾ ਪ੍ਰਮੁੱਖ ਧਾਰਮਿਕ ਤੇ ਇਤਿਹਾਸਕ ਕੇਂਦਰ ਹੈ ਜੋ ਰੇਲਵੇ ਸਟੇਸ਼ਨ ਤਰਨ-ਤਾਰਨ ਤੋਂ ੨੪ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਬਿਆਸ-ਗੋਇੰਦਵਾਲ ਰੇਲਵੇ ਅਤੇ ਤਰਨ-ਤਾਰਨ, ਕਪੂਰਥਲਾ, ਜੰਡਿਆਲਾ ਆਦਿ ਸ਼ਹਿਰਾਂ ਨਾਲ ਸੜਕੀ ਮਾਰਗ ਨਾਲ ਜੁੜਿਆ ਹੈ। ਬੱਸ ਸਟੈਂਡ ਗੋਇੰਦਵਾਲ ਤੋਂ ਕੇਵਲ ੪੦੦ ਮੀਟਰ ਦੀ ਦੂਰੀ 'ਤੇ ਗੁਰਦੁਆਰਾ ਸਾਹਿਬ ਸੁਭਾਇਮਾਨ ਹੈ।

ਇਸ ਪਾਵਨ ਅਸਥਾਨ ਦੇ ਨਾਲ ਖੂਹ ਗੁਰੂ ਅਮਰਦਾਸ ਜੀ, ਗੁਰਦੁਆਰਾ ਚੁਬਾਰਾ ਸਾਹਿਬ ਆਦਿ ਦੇਖਣ ਯੋਗ ਹਨ। ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਗੁਰਪੁਰਬ ਤੇ ਜੋਤੀ-ਜੋਤਿ ਸਮਾਉਣ ਦਾ ਦਿਹਾੜਾ ਵੱਡੀ ਪੱਧਰ 'ਤੇ ਮਨਾਏ ਜਾਂਦੇ ਹਨ। ਪਹਿਲੀ, ਦੂਜੀ, ਪੰਜਵੀਂ ਤੇ ਦਸਵੀਂ ਪਾਤਸ਼ਾਹੀ ਦਾ ਆਗਮਨ ਗੁਰਪੁਰਬ ਪੰਥਕ ਸ਼ਾਨੋ-ਸ਼ੌਕਤ ਨਾਲ ਮਨਾਏ ਜਾਂਦੇ ਹਨ।

ਵਧੇਰੇ ਜਾਣਕਾਰੀ ਲਈ ੦੧੮੫੯-੨੨੦੩੪, ੨੨੧੬੦ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਗੁਰਦੁਆਰਾ ਬਾਬਾ ਬੁੱਢਾ ਜੀ, ਰਮਦਾਸ

(ਸ੍ਰੀ ਅੰਮ੍ਰਿਤਸਰ) ਪੰਜਾਬ



'ਗੁਰਦੁਆਰਾ ਬਾਬਾ ਬੁੱਢਾ ਜੀ' ਰਮਦਾਸ, ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਪਹਿਲੇ ਮੁੱਖ ਗ੍ਰੰਥੀ, ਗੁਰੂ-ਘਰ ਦੇ ਪ੍ਰੀਤਵਾਨ-ਅਨਿਨ ਸੇਵਕ-ਸਿਦਕੀ ਸਿੱਖ, ਬਾਬਾ ਬੁੱਢਾ ਜੀ ਦੀ ਅਮਰ ਯਾਦਗਾਰ ਵਜੋਂ ਸ਼ੋਭਨੀਕ ਹੈ। ਬਾਬਾ ਬੁੱਢਾ ਜੀ ਨੇ ਆਪਣੀ ਸੰਸਾਰਕ ਯਾਤਰਾ ਦਾ ਪਹਿਲਾ ਤੇ ਅੰਤਮ ਪੜਾਅ ਇਸ ਸੁਹਾਵੀ ਧਰਤ 'ਤੇ ਸੁਕਾਰਥ ਕੀਤਾ। ਆਦਿ ਗੁਰੂ, ਗੁਰੂ ਨਾਨਕ ਦੇਵ ਜੀ ਨਾਲ ਬਾਬਾ ਬੁੱਢਾ ਜੀ ਦਾ ਮਿਲਾਪ ਵੀ ਇਸ ਪਵਿੱਤਰ ਧਰਤੀ 'ਤੇ ਹੋਇਆ। ਫਿਰ ਐਸੀ ਸਿੱਖੀ ਪ੍ਰੇਮ ਦੀ ਚਿਣਗ ਜਾਗੀ ਕਿ ੧੪ ਮੱਘਰ, ਸੰਮਤ ੧੬੯੮ ਬਿਕਰਮੀ ਨੂੰ ਅੰਤਮ ਸਵਾਸ ਵੀ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਮੁਬਾਰਕ ਗੋਦ ਵਿਚ ਇਸ ਧਰਤੀ 'ਤੇ ਹੀ ਲਏ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਹੱਥੀਂ ਅੰਤਮ ਸਸਕਾਰ ਕੀਤਾ। ਅੰਤਮ ਸਸਕਾਰ ਵਾਲੀ ਥਾਂ 'ਤੇ ਪ੍ਰੇਮੀਆਂ ਨੇ ਅਲੱਗ ਸੁੰਦਰ ਗੁਰਦੁਆਰਾ ਬਣਾ ਦਿੱਤਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਆਪਣੇ ਮੁਬਾਰਕ ਚਰਨ ਰਮਦਾਸ ਦੀ ਇਤਿਹਾਸਕ ਧਰਤੀ 'ਤੇ ਪਾਏ।

ਬਾਬਾ ਬੁੱਢਾ ਜੀ ਦੇ ਅਸਥਾਨ (ਜਿਸ ਨੂੰ ਤਪ ਅਸਥਾਨ ਵੀ ਕਿਹਾ ਜਾਂਦਾ ਹੈ) 'ਤੇ ਪਹਿਲਾਂ ਉਦਾਸੀ ਸੰਪਰਦਾਇ ਦੇ ਸਾਧੂ ਸੇਵਾ-ਸੰਭਾਲ ਕਰਦੇ ਸਨ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਸਮੇਂ ਉਦਾਸੀ ਸਾਧੂਆਂ ਨੇ ਆਪ ਹੀ ਇਸ ਇਤਿਹਾਸਕ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਨੂੰ ਸੌਂਪ ਦਿੱਤਾ, ਜੋ ਨਿਰੰਤਰ ਜਾਰੀ ਹੈ।

'ਨਗਰ ਰਮਦਾਸ' ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਦਾ ਅਜਨਾਲਾ-ਡੇਰਾ ਬਾਬਾ ਨਾਨਕ ਰੋਡ 'ਤੇ ਪ੍ਰਮੁੱਖ ਨਗਰ ਹੈ, ਜੋ ਸ੍ਰੀ ਅੰਮ੍ਰਿਤਸਰ ਤੋਂ ੪੨ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਅੰਮ੍ਰਿਤਸਰ ਸ਼ਹਿਰ ਤੋਂ ਰਮਦਾਸ ਨੂੰ ਸਿੱਧੀ ਰੇਲਵੇ ਲਾਈਨ ਹੈ। ਰਮਦਾਸ ਰੇਲਵੇ ਸਟੇਸ਼ਨ ਤੋਂ ਇਹ ਧਾਰਮਿਕ ਅਸਥਾਨ ੧.੫ ਕਿਲੋਮੀਟਰ ਦੀ ਦੂਰੀ 'ਤੇ ਹੈ। ਸੜਕੀ ਮਾਰਗ ਰਾਹੀਂ ਇਹ ਅਸਥਾਨ ਸ੍ਰੀ ਅੰਮ੍ਰਿਤਸਰ, ਅਜਨਾਲਾ, ਡੇਰਾ ਬਾਬਾ ਨਾਨਕ, ਬਟਾਲਾ ਆਦਿ ਸ਼ਹਿਰਾਂ ਨਾਲ ਜੁੜਿਆ ਹੋਇਆ ਹੈ।

ਸਾਰੇ ਗੁਰਪੁਰਬ ਤੇ ਬਾਬਾ ਬੁੱਢਾ ਜੀ ਦਾ ਜੋੜ-ਮੇਲਾ ਵਿਸ਼ਾਲ ਰੂਪ ਵਿਚ ਮਨਾਏ ਜਾਂਦੇ ਹਨ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਸੁਚੱਜਾ ਪ੍ਰਬੰਧ ਹੈ। ਰਿਹਾਇਸ਼ ਵਾਸਤੇ ੭ ਕਮਰੇ ਹਨ।

ਵਧੇਰੇ ਜਾਣਕਾਰੀ ੦੧੮੫੮-੨੨੩੯ ਫੋਨ ਨੰਬਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਗੁਰਦੁਆਰਾ 'ਸ੍ਰੀ ਦਰਬਾਰ ਸਾਹਿਬ' ਖਡੂਰ ਸਾਹਿਬ

(ਸ੍ਰੀ ਅੰਮ੍ਰਿਤਸਰ) ਪੰਜਾਬ



ਖਡੂਰ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਦਾ ਪ੍ਰਸਿੱਧ ਇਤਿਹਾਸਕ ਨਗਰ ਹੈ। ਆਦਿ ਗੁਰੂ, ਗੁਰੂ ਨਾਨਕ ਦੇਵ ਜੀ ਨੇ ੧੫੩੯ ਈ: ਵਿਚ ਗੁਰੂ ਅੰਗਦ ਦੇਵ ਜੀ ਨੂੰ ਗੁਰ-ਗੱਦੀ 'ਤੇ ਬਿਰਾਜਮਾਨ ਕਰ, ਖਡੂਰ ਸਾਹਿਬ ਨੂੰ ਸਿੱਖ ਵਿਸ਼ਵਾਸ ਦੇ ਨਵੇਂ ਕੇਂਦਰ ਵਜੋਂ ਸਥਾਪਤ ਕਰਨ ਦਾ ਆਦੇਸ਼ ਕੀਤਾ। ਗੁਰੂ ਅੰਗਦ ਦੇਵ ਜੀ ਨੇ ੧੫੩੯ ਈ: ਤੋਂ ੧੫੫੨ ਈ: ਤਕ ਵਿਸ਼ੇਸ਼ ਰੂਪ ਵਿਚ ਖਡੂਰ ਸਾਹਿਬ ਨੂੰ ਸਿੱਖੀ ਦੇ ਪ੍ਰਚਾਰ-ਕੇਂਦਰ ਵਜੋਂ ਵਿਕਸਤ ਕੀਤਾ। ਸੰਗਤ-ਪੰਗਤ ਦੇ ਸਿਧਾਂਤ ਨੂੰ ਅਮਲੀ ਰੂਪ ਵਿਚ ਪ੍ਰਗਟ ਕਰਨ ਲਈ ਲੰਗਰ ਪ੍ਰਥਾ ਨੂੰ ਵਿਸ਼ੇਸ਼ ਰੂਪ ਦੇਣ ਲਈ ਮਾਤਾ ਖੀਵੀ ਨੂੰ ਇਸ ਸੇਵਾ ਦੀ ਜ਼ਿੰਮੇਵਾਰੀ ਸੌਂਪੀ ਗਈ। ਗੁਰਮਤਿ ਗਿਆਨ ਦੇ ਪ੍ਰਚਾਰ ਲਈ ਗੁਰਮੁਖੀ ਲਿੱਪੀ ਦਾ ਪ੍ਰਚਾਰ-ਪ੍ਰਸਾਰ ਤੇ ਵਿਕਾਸ ਕੀਤਾ ਗਿਆ। ਸਰੀਰਕ ਅਰੋਗਤਾ ਲਈ ਮੱਲ ਅਖਾੜੇ ਦਾ ਨਿਰਮਾਣ ਕਰਵਾਇਆ। ਬਾਦਸ਼ਾਹ ਹਮਾਯੂੰ ਵੀ ਸ਼ੇਰ ਸ਼ਾਹ ਸੂਰੀ ਤੋਂ ਹਾਰ ਕੇ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਖਡੂਰ ਸਾਹਿਬ ਹੀ ਹਾਜ਼ਰ ਹੋਇਆ। (ਗੁਰੂ) ਅਮਰਦਾਸ ਜੀ ਨੂੰ ਗੁਰੂ ਅੰਗਦ ਦੇਵ ਜੀ ਦੀ ਸੇਵਾ ਕਰਨ ਦਾ ਸੁਭਾਗ ਵੀ ਇਥੇ ਹੀ ਪ੍ਰਾਪਤ ਹੋਇਆ। ੧੫੫੨ ਈ: ਵਿਚ ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਜੀ ਨੂੰ ਗੁਰ-ਗੱਦੀ ਦੀ ਜ਼ਿੰਮੇਵਾਰੀ ਇਥੇ ਹੀ ਸੌਂਪੀ। ਗੁਰੂ ਨਾਨਕ ਦੇਵ ਜੀ ਤੇ ਦੂਸਰੇ ਗੁਰੂ ਸਾਹਿਬਾਨ ਦੀ ਚਰਨ-ਛੋਹ ਵੀ ਖਡੂਰ ਸਾਹਿਬ ਨੂੰ ਪ੍ਰਾਪਤ ਹੋਈ। ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦੇ ਅਸਥਾਨ 'ਤੇ ਗੁਰੂ ਅੰਗਦ ਦੇਵ ਜੀ ਦਾ ਅੰਤਮ ਸਸਕਾਰ ਕੀਤਾ ਗਿਆ ਸੀ। ਖਡੂਰ ਸਾਹਿਬ ਦੀਆਂ ਇਤਿਹਾਸਕ ਯਾਦਗਾਰਾਂ ਨੂੰ ਸੰਭਾਲਣ ਤੇ ਵਿਕਸਤ ਕਰਨ ਦਾ ਸੁਭਾਗ ਮਹਾਰਾਜਾ ਰਣਜੀਤ ਸਿੰਘ ਨੂੰ ਪ੍ਰਾਪਤ ਹੋਇਆ।

ਸਿੱਖ ਸੰਗਤਾਂ ਦੇ ਸਹਿਯੋਗ ਨਾਲ, ਕਾਰ ਸੇਵਾ ਵਾਲੇ ਬਾਬਿਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਅਗਵਾਈ ਵਿਚ ਇਤਿਹਾਸਕ ਅਸਥਾਨਾਂ 'ਤੇ ਹੁਣ ਆਲੀਸ਼ਾਨ ਇਮਾਰਤਾਂ ਸੁਭਾਇਮਾਨ ਹਨ। ਇਨ੍ਹਾਂ ਇਤਿਹਾਸਕ ਅਸਥਾਨਾਂ ਦਾ ਪ੍ਰਬੰਧ ਪਹਿਲਾਂ ਪਿਤਾਪੁਰਖੀ ਮਹੰਤਾਂ ਪਾਸ ਸੀ, ਹੁਣ ਪ੍ਰਬੰਧ ਸ਼੍ਰੋਮਣੀ ਗੁ: ਪ੍ਰ: ਕਮੇਟੀ ਲੋਕਲ ਕਮੇਟੀ ਰਾਹੀਂ ਕਰਦੀ ਹੈ। ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਵਿਖੇ ਪਹਿਲੀ, ਦੂਸਰੀ, ਪੰਜਵੀਂ ਤੇ ਦਸਵੀਂ ਪਾਤਸ਼ਾਹੀ ਦੇ ਪ੍ਰਕਾਸ਼ ਗੁਰਪੁਰਬ, ਗੁਰੂ ਅੰਗਦ ਦੇਵ ਜੀ ਤੇ ਗੁਰੂ ਅਮਰਦਾਸ ਜੀ ਦਾ ਗੁਰ-ਗੱਦੀ ਦਿਵਸ ਵਿਸ਼ੇਸ਼ ਰੂਪ ਵਿਚ ਮਨਾਏ ਜਾਂਦੇ ਹਨ। ਸਿੱਖ ਇਤਿਹਾਸ ਨੂੰ ਚਿੱਤਰਾਂ ਰਾਹੀਂ ਦਰਸਾਉਂਦਾ ਸੁੰਦਰ ਅਜਾਇਬ ਘਰ ਤਿਆਰੀ ਅਧੀਨ ਹੈ ।

ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਸੁਚੱਜਾ ਪ੍ਰਬੰਧ ਹੈ। ਰਿਹਾਇਸ਼ ਵਾਸਤੇ ਸਵੱਛ-ਸੁਥਰੇ ੬੦ ਕਮਰੇ ਹਨ।

ਇਹ ਇਤਿਹਾਸਕ ਅਸਥਾਨ, ਇਤਿਹਾਸਕ ਨਗਰ ਖਡੂਰ ਸਾਹਿਬ ਜੋ ਜ਼ਿਲ੍ਹਾ ਅੰਮ੍ਰਿਤਸਰ ਦੀ ਤਹਿਸੀਲ ਤਰਨ ਤਾਰਨ ਤੋਂ ੨੦ ਕਿਲੋਮੀਟਰ, ਅੰਮ੍ਰਿਤਸਰ ਤੋਂ ੪੦ ਕਿਲੋਮੀਟਰ ਦੀ ਦੂਰੀ 'ਤੇ ਤਰਨ ਤਾਰਨ-ਖਡੂਰ ਸਾਹਿਬ-ਗੋਇੰਦਵਾਲ ਲਿੰਕ ਰੋਡ 'ਤੇ ਸਥਿਤ ਹੈ। ਜੰਡਿਆਲਾ ਗੁਰੂ ਤੋਂ ਵੀ ਸੜਕੀ ਰਸਤਾ ਹੈ।

ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਤੋਂ ਇਲਾਵਾ ਨਿਮਨਲਿਖਤ ਇਤਿਹਾਸਕ ਅਸਥਾਨ ਵੀ ਦਰਸ਼ਨ ਕਰਨ ਯੋਗ ਹਨ:- ੧. ਗੁ: ਥੜਾ ਸਾਹਿਬ, ੨. ਗੁ: ਮਾਈ ਭਰਾਈ, ੩. ਗੁ: ਮੱਲ ਅਖਾੜਾ ਸਾਹਿਬ, ੪. ਗੁ: ਤਪਿਆਣਾ ਸਾਹਿਬ ਆਦਿ।

ਵਧੇਰੇ ਜਾਣਕਾਰੀ ੦੧੮੫੯-੩੭੨੩੪, ੩੭੨੩੫ ਫੋਨ ਨੰਬਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਗੁਰਦੁਆਰਾ ਪਾਤਸ਼ਾਹੀ ਨੌਵੀਂ, ਬਾਬਾ ਬਕਾਲਾ

## (ਸ੍ਰੀ ਅੰਮ੍ਰਿਤਸਰ) ਪੰਜਾਬ

ਬਾਬਾ ਬਕਾਲਾ ਅੰਮ੍ਰਿਤਸਰ ਜ਼ਿਲ੍ਹੇ ਦਾ ਪ੍ਰਮੁੱਖ ਧਾਰਮਿਕ-ਇਤਿਹਾਸਕ ਨਗਰ ਹੈ। ਛੇਵੇਂ ਪਾਤਸ਼ਾਹ, ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਵਿਆਹ ਇਸ ਨਗਰ ਵਿਚ ਹੀ ਭਾਈ ਹਰੀ ਚੰਦ ਲੱਧੇ ਦੀ ਸਪੁੱਤਰੀ ਬੀਬੀ ਨਾਨਕੀ ਨਾਲ ਹੋਇਆ। ਗੁਰੂ ਤੇਗ ਬਹਾਦਰ ਸਾਹਿਬ ਜੀ ਗੁਰ-ਗੱਦੀ 'ਤੇ ਬਿਰਾਜਮਾਨ ਹੋਣ ਤੋਂ ਪਹਿਲਾਂ ਕਾਫੀ ਸਮਾਂ ਆਪਣੇ ਨਾਨਕੇ ਨਗਰ 'ਬਕਾਲੇ' ਮਾਤਾ ਨਾਨਕੀ ਤੇ ਆਪਣੀ ਧਰਮ ਸੁਪਤਨੀ ਮਾਤਾ ਗੁਜਰੀ ਜੀ ਨਾਲ ਰਹੇ। ਆਪ ਜੀ ਨੇ ਇਹ ਸਮਾਂ ਨਾਮ-ਸਿਮਰਨ, ਪ੍ਰਭੂ-ਭਗਤੀ ਵਿਚ ਲਗਾ ਕੇ ਸਕਾਰਥ ਕੀਤਾ।

ਅੱਠਵੇਂ ਨਾਨਕ, ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਅੰਤਮ-ਅੰਮ੍ਰਿਤ ਬਚਨ 'ਬਾਬਾ ਬਕਾਲੇ' ਗੁਰੂ ਤੇਗ ਬਹਾਦਰ ਜੀ ਦੇ ਨੌਵੇਂ ਨਾਨਕ ਦੇ ਰੂਪ ਵਿਚ ਗੁਰ-ਗੱਦੀ 'ਤੇ ਬਿਰਾਜਮਾਨ ਹੋਣ ਵੱਲ ਸਪੱਸ਼ਟ ਸੰਕੇਤ ਕਰਦੇ ਸਨ ਪਰ ਬਹੁਤ ਸਾਰੇ ਬਹੁਰੂਪੀਏ, ਡੰਭੀ-ਪਖੰਡੀ ਗੁਰੂ ਇਨ੍ਹਾਂ ਸ਼ਬਦਾਂ ਦਾ ਲਾਹਾ ਲੈਣ ਲਈ 'ਬਕਾਲੇ' ਨਗਰ ਵਿਚ ਆਪੋ-ਆਪਣੀਆਂ ਦੁਕਾਨਾਂ ਸਜਾ ਕੇ ਬੈਠ ਗਏ। ਗੁਰੂ ਤੇਗ ਬਹਾਦਰ ਜੀ ਤਾਂ ਉਸ ਸਮੇਂ ਇਕਾਂਤ ਵਾਸ ਪ੍ਰਭੂ-ਭਗਤੀ ਵਿਚ ਮਗਨ ਸਨ ਪਰ ਆਮ ਸਿੱਖ ਸੰਗਤਾਂ, ਗੁਰੂ-ਘਰ ਦੇ ਸ਼ਰਧਾਲੂ, ਪਖੰਡੀ ਧਾਰਮਿਕ ਗੁਰੂਆਂ ਦੀ ਦੁਕਾਨਦਾਰੀ ਤੋਂ ਡਾਢੇ ਪਰੇਸ਼ਾਨ ਸਨ।



ਅਖੀਰ ਇਕ ਦਿਨ ਗੁਰੂ-ਘਰ ਦੇ ਪ੍ਰੀਤਵਾਨ ਗੁਰਸਿੱਖ ਭਾਈ ਮੱਖਣ ਸ਼ਾਹ ਨੇ 'ਸਾਚੋ ਗੁਰੂ ਲਾਧੋ ਰੇ' ਦਾ ਉੱਚੀ ਆਵਾਜ਼ ਦੇ ਕੇ, ਸੱਚੇ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਦੇ ਦਰਸ਼ਨ ਸੰਗਤਾਂ ਨੂੰ ਕਰਵਾ, ਦੁਬਿਧਾ ਦੂਰ ਕਰਦਿਆਂ ਪਖੰਡੀ ਗੁਰੂਆਂ ਦੇ ਪਖੰਡ ਨੂੰ ਦੂਰ ਕੀਤਾ। ਗੁਰੂ ਤੇਗ ਬਹਾਦਰ ਜੀ ਇਸ ਅਸਥਾਨ 'ਤੇ ਹੀ ਨੌਵੇਂ ਨਾਨਕ ਦੇ ਰੂਪ ਵਿਚ ਗੁਰ-ਗੱਦੀ 'ਤੇ ਬਿਰਾਜਮਾਨ ਹੋਏ। ਧੀਰ-ਮੱਲੀਏ ਵੀ ਕਈ ਵਾਰ ਗੁਰੂ-ਘਰ 'ਤੇ ਹਮਲਾਵਰ ਹੋਏ ਪਰ ਸੱਚ ਪ੍ਰਗਟ ਹੋ ਕੇ ਹੀ ਰਿਹਾ। ਇਸ ਇਤਿਹਾਸਕ ਨਗਰੀ ਵਿਚ ਹੀ ਮਾਤਾ ਗੰਗਾ ਜੀ ਨੇ ਅੰਤਮ ਸੁਆਸ ਲਏ। ਗੁਰਦੁਆਰਾ ਬਾਬਾ ਬਕਾਲੇ ਦੀ ਆਲੀਸ਼ਾਨ ਇਮਾਰਤ ਦੇ ਦਰਸ਼ਨ ਦੂਰ-੨ ਤੋਂ ਹੁੰਦੇ ਹਨ। ਇਸ ਧਾਰਮਿਕ ਅਸਥਾਨ ਦਾ ਪ੍ਰਬੰਧ ਪਹਿਲਾਂ ਲੋਕਲ ਕਮੇਟੀ ਕਰਦੀ ਸੀ ਹੁਣ ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਹੈ।

ਇਸ ਪਵਿੱਤਰ ਅਸਥਾਨ 'ਤੇ ਪਹਿਲੀ ਪਾਤਸ਼ਾਹੀ, ਨੌਵੀਂ 'ਤੇ ਦਸਵੀਂ ਪਾਤਸ਼ਾਹੀ ਦੇ ਪ੍ਰਕਾਸ਼ ਗੁਰਪੁਰਬ, ਗੁਰ-ਗੱਦੀ ਦਿਵਸ ਤੇ ਸ਼ਹੀਦੀ ਦਿਹਾੜਾ ਗੁਰੂ ਤੇਗ ਬਹਾਦਰ ਸਾਹਿਬ ਜੀ ਵੱਡੀ ਪੱਧਰ 'ਤੇ ਮਨਾਏ ਜਾਂਦੇ ਹਨ।

ਗੁਰਦੁਆਰਾ ਭੋਰਾ ਸਾਹਿਬ, ਗੁਰਦੁਆਰਾ ਸ਼ੀਸ਼ ਮਹਿਲ, ਗੁਰਦੁਆਰਾ ਮੰਜੀ ਸਾਹਿਬ ਆਦਿ.. ਇਤਿਹਾਸਕ ਅਸਥਾਨ ਵੀ ਬਾਬੇ ਬਕਾਲੇ ਦੀ ਇਤਿਹਾਸਕ ਮਹੱਤਤਾ ਨੂੰ ਉਜਾਗਰ ਕਰਦੇ ਹਨ।

ਬਾਬਾ ਬਕਾਲਾ ਅੰਮ੍ਰਿਤਸਰ-ਦਿੱਲੀ ਰੇਲਵੇ ਲਾਈਨ ਦੇ ਬਿਆਸ ਸਟੇਸ਼ਨ ਤੋਂ ਕੇਵਲ ੪ ਕਿਲੋਮੀਟਰ ਦੀ ਦੂਰੀ 'ਤੇ ਜਲੰਧਰ-ਬਟਾਲਾ ਰੋਡ 'ਤੇ ਸਥਿਤ ਹੈ। ਸੜਕੀ ਮਾਰਗ ਰਾਹੀਂ ਇਹ ਨਗਰ ਬਟਾਲਾ, ਜਲੰਧਰ, ਅੰਮ੍ਰਿਤਸਰ ਆਦਿ ਸ਼ਹਿਰਾਂ ਨਾਲ ਜੁੜਿਆ ਹੈ।

ਇਸ ਪਵਿੱਤਰ ਅਸਥਾਨ 'ਤੇ ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਰਿਹਾਇਸ਼ ਦਾ ਸੁਚੱਜਾ ਪ੍ਰਬੰਧ ਹੈ। ਵਧੇਰੇ ਜਾਣਕਾਰੀ ਲਈ ੦੧੮੫੩-੪੫੫੨੫ ਨੰਬਰ ਦੀ ਸਹੂਲਤ ਪ੍ਰਾਪਤ ਹੈ।

# ਗੁਰਦੁਆਰਾ ਜਨਮ ਅਸਥਾਨ ਬਾਬਾ ਬੁੱਢਾ ਜੀ, ਕੱਥੂ ਨੰਗਲ

## (ਸ੍ਰੀ ਅੰਮ੍ਰਿਤਸਰ) ਪੰਜਾਬ

ਜਿਵੇਂ ਕਿ ਨਾਮ ਤੋਂ ਹੀ ਸਪੱਸ਼ਟ ਹੈ, ਇਹ ਗੁਰਦੁਆਰਾ ਬਾਬਾ ਬੁੱਢਾ ਜੀ ਦੀ ਅਮਰ ਯਾਦਗਾਰ ਵਜੋਂ ਸੁਭਾਇਮਾਨ ਹੈ। ਬਾਬਾ ਬੁੱਢਾ ਜੀ ਦਾ ਜਨਮ ਭਾਈ ਸੁੱਘੇ ਰੰਧਾਵੇ ਦੇ ਘਰ, ਮਾਤਾ ਗੌਰਾਂ ਦੇ ਉਦਰ ਤੋਂ ੭ ਕੱਤਕ, ਸੰਮਤ ੧੫੬੩ (੬ ਅਕਤੂਬਰ, ੧੫੦੭ ਈ:) ਨੂੰ ਕੱਥੂਨੰਗਲ ਵਿਖੇ ਹੋਇਆ। ਬਾਬਾ ਬੁੱਢਾ ਜੀ ਦੇ ਬਜ਼ੁਰਗਵਾਰ ਵਰਖਾ ਨਾ ਹੋਣ ਕਾਰਨ, ਆਪਣਾ ਮਾਲ-ਡੰਗਰ ਲੈ ਕੇ ਦਰਿਆ ਰਾਵੀ ਦੇ ਕਿਨਾਰੇ (ਰਮਦਾਸ ਨਗਰ) ਵੱਸ ਗਏ। ਇਥੇ ਹੀ ਬਾਬਾ ਬੁੱਢਾ ਜੀ ਦਾ ਮਿਲਾਪ ਆਦਿ ਗੁਰੂ, ਗੁਰੂ ਨਾਨਕ ਦੇਵ ਜੀ ਦੇ ਨਾਲ ਹੋਇਆ ਤੇ ਗੁਰਸਿੱਖੀ ਧਾਰਨ ਕੀਤੀ। ਬਾਬਾ ਬੁੱਢਾ ਜੀ ਨੇ ਆਪਣਾ ਸਮੁੱਚਾ ਜੀਵਨ ਗੁਰੂ-ਘਰ ਨੂੰ ਸਮਰਪਿਤ ਕਰ ਦਿੱਤਾ ਤੇ ਗੁਰੂ-ਘਰ ਵਿਚ ਇਕ ਸਤਿਕਾਰਯੋਗ ਬਜ਼ੁਰਗ ਦਾ ਰੁਤਬਾ ਪ੍ਰਾਪਤ ਕੀਤਾ। ਬਾਬਾ ਬੁੱਢਾ ਜੀ ਨੂੰ ਪੰਜ ਗੁਰੂ ਸਾਹਿਬਾਨ ਨੂੰ ਗੁਰ-ਗੱਦੀ ਦੀ ਜ਼ਿੰਮੇਵਾਰੀ ਸੌਂਪਣ ਦੀ ਮਰਯਾਦਾ ਕਰਨ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਪਹਿਲੇ ਮੁੱਖ ਗ੍ਰੰਥੀ ਹੋਣ ਦਾ ਮਾਣ ਹਾਸਲ ਹੋਇਆ।

ਪ੍ਰੇਮੀ ਗੁਰਸਿੱਖਾਂ ਨੇ ਗੁਰੂ-ਘਰ ਦੇ ਪ੍ਰੀਤਵਾਨ, ਅਨਿਨ-ਸਿੱਖ ਬਾਬਾ ਬੁੱਢਾ ਜੀ ਦੇ ਜਨਮ ਨਗਰ ਕੱਥੂਨੰਗਲ ਵਿਖੇ ਯਾਦਗਾਰੀ ਗੁਰਦੁਆਰੇ ਦਾ ਨਿਰਮਾਣ ਕਾਰਜ ਕਰਵਾਇਆ। ਇਸ ਗੁਰੂ-ਘਰ ਦੀ ਸੇਵਾ-ਸੰਭਾਲ ਪਹਿਲਾਂ ਨਗਰ ਨਿਵਾਸੀ ਇਕ ਕਮੇਟੀ ਦੇ ਰੂਪ ਵਿਚ ਕਰਦੇ ਸਨ।



੨੬-੦੭-੧੯੯੯ ਨੂੰ ਗੁਰਦੁਆਰਾ ਕਮੇਟੀ ਨੇ ਇਸ ਗੁਰਦੁਆਰੇ ਦਾ ਪ੍ਰਬੰਧ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ ਨੂੰ ਸੌਂਪ ਦਿਤਾ। ਗੁਰਦੁਆਰਾ ਸਾਹਿਬ ਦੀ ਇਮਾਰਤ ਨਵੀਂ ਬਣੀ ਹੋਈ ਹੈ ਤੇ ਨਾਲ ਸੁੰਦਰ ਸਰੋਵਰ ਹੈ। ਇਸ ਗੁਰੂ-ਘਰ ਵਿਖੇ ਗੁਰੂ ਨਾਨਕ ਦੇਵ ਜੀ, ਗੁਰੂ ਹਰਗੋਬਿੰਦ ਸਾਹਿਬ ਜੀ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਪ੍ਰਕਾਸ਼ ਗੁਰਪੁਰਬ, ਵਿਸਾਖੀ ਤੇ ਬਾਬਾ ਬੁੱਢਾ ਜੀ ਦਾ ਜਨਮ ਦਿਨ ਵਿਸ਼ੇਸ਼ ਰੂਪ ਵਿਚ ਮਨਾਇਆ ਜਾਂਦਾ ਹੈ। ਹਰ ਪੂਰਨਮਾਸ਼ੀ ਨੂੰ ਵੱਡੀ ਗਿਣਤੀ ਵਿਚ ਗੁਰਸਿੱਖ ਗੁਰਮਤਿ ਗਿਆਨ ਦੀ ਰੋਸ਼ਨੀ ਪ੍ਰਾਪਤ ਕਰਨ ਆਉਂਦੇ ਹਨ।

ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ ਪ੍ਰਸ਼ਾਦਿ ਦਾ ਵਧੀਆ ਪ੍ਰਬੰਧ ਹੈ। ਰਿਹਾਇਸ਼ ਵਾਸਤੇ ਵੀ ੧੫ ਕਮਰੇ ਬਣੇ ਹੋਏ ਹਨ। ਇਹ ਅਸਥਾਨ ਅੰਮ੍ਰਿਤਸਰ-ਪਠਾਨਕੋਟ ਰੋਡ 'ਤੇ ਅੰਮ੍ਰਿਤਸਰ ਤੋਂ ੨੦ ਕਿਲੋਮੀਟਰ ਤੇ ਬਟਾਲੇ ਤੋਂ ੧੮ ਕਿਲੋਮੀਟਰ ਦੀ ਦੂਰੀ 'ਤੇ ਪਿੰਡ ਕਥੂਨੰਗਲ ਦੇ ਬਾਹਰਵਾਰ ਸਥਿਤ ਹੈ।

ਵਧੇਰੇ ਜਾਣਕਾਰੀ ੦੧੮੭-੨੬੩੮੯੮ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਗੁਰਦੁਆਰਾ ਮਉ ਸਾਹਿਬ, ਪਾਤਸ਼ਾਹੀ ਪੰਜਵੀਂ

(ਜਲੰਧਰ) ਪੰਜਾਬ

ਗੁਰਦੁਆਰਾ ਮਉ (ਮੌ) ਸਾਹਿਬ ਪਾਤਸ਼ਾਹੀ ਪੰਜਵੀਂ, ਸ੍ਰੀ ਗੁਰੂ ਅਰਜਨ ਦੇਵ ਜੀ ਤੇ ਮਾਤਾ ਗੰਗਾ ਜੀ ਦੇ ਵਿਆਹ ਦੀ ਯਾਦ ਵਿਚ ਸ਼ੋਭਨੀਕ ਹੈ। ਇਸ ਅਸਥਾਨ 'ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਵਿਆਹ, ਭਾਈ ਕ੍ਰਿਸ਼ਨ ਚੰਦ ਦੀ ਸਪੁੱਤਰੀ (ਮਾਤਾ) ਗੰਗਾ ਜੀ ਨਾਲ ੨੩ ਹਾੜ, ਸੰ: ੧੬੩੬ ਬਿਕਰਮੀ (੧੫੭੯) ਨੂੰ ਹੋਇਆ। ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਮੰਝ ਆਦਿ ਪ੍ਰਮੁੱਖ ਸਿੱਖ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਿਆਹ ਸਮੇਂ ਹਾਜ਼ਰ ਸਨ।

ਇਕ ਮਨੌਤ ਅਨੁਸਾਰ ਵਿਆਹ ਸਮੇਂ ਨਗਰ ਨਿਵਾਸੀਆਂ ਨੇ ਕਿਹਾ ਕਿ ਸਾਡੇ ਨਗਰ ਦੀ ਰੀਤ ਹੈ, ਕਿ ਵਿਆਹ ਤੋਂ ਪਹਿਲਾਂ ਵਿਆਹ ਵਾਲਾ ਲੜਕਾ ਨੇਜ਼ੇ ਨਾਲ ਕਿੱਲਾ ਪੁੱਟੇ। ਗੁਰੂ ਜੀ ਨੇ ਜੰਡ ਦੇ ਦਰੱਖ਼ਤ ਦਾ ਬਣਾਇਆ ਹੋਇਆ ਕਿੱਲਾ ਘੋੜੇ 'ਤੇ ਸਵਾਰ ਹੋ ਕੇ ਨੇਜ਼ੇ ਨਾਲ ਪੁੱਟ ਦਿੱਤਾ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਵਿਆਹ ਸਮੇਂ ਨੇਜ਼ਾਬਾਜ਼ੀ ਵਿਚ ਪ੍ਰਬੀਨ ਸਨ।

ਵਿਆਹ ਅਸਥਾਨ 'ਤੇ ਪ੍ਰੇਮੀ ਸਿੱਖਾਂ ਵੱਲੋਂ ਗੁਰਦੁਆਰਾ ਤਿਆਰ ਕੀਤਾ ਗਿਆ। ਮਾਤਾ ਗੰਗਾ ਜੀ ਦੇ ਪੇਕੇ ਘਰ ਵਾਲੇ ਅਸਥਾਨ 'ਤੇ ਵੀ ਸ਼ਾਨਦਾਰ ਗੁਰਦੁਆਰਾ ਸੁਭਾਇਮਾਨ ਹੈ।



ਇਸ ਅਸਥਾਨ ਦਾ ਪ੍ਰਬੰਧ ਪਹਿਲਾਂ ਲੋਕਲ ਗੁਰਦੁਆਰਾ ਕਮੇਟੀ ਕਰਦੀ ਸੀ। ਹੁਣ ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਹੈ।

ਇਹ ਇਤਿਹਾਸਕ ਅਸਥਾਨ ਮਉ ਪਿੰਡ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਵਿਚ, ਰੇਲਵੇ ਸਟੇਸ਼ਨ ਫਿਲੌਰ ਤੋਂ ੧੦ ਕਿਲੋਮੀਟਰ ਤੇ ਬੱਸ ਸਟੈਂਡ ਤਲਵਣ ਤੋਂ ਇਕ ਕਿਲੋਮੀਟਰ ਦੀ ਦੂਰੀ 'ਤੇ ਫਿਲੌਰ-ਨੂਰਮਹਿਲ ਰੋਡ 'ਤੇ ਸਥਿਤ ਹੈ।

ਇਸ ਇਤਿਹਾਸਕ ਅਸਥਾਨ 'ਤੇ ਹਰ ਸਾਲ ੨੧-੨੨-੨੩ ਹਾੜ ਨੂੰ ਸਾਲਾਨਾ ਜੋੜ ਮੇਲਾ ਵੱਡੀ ਪੱਧਰ 'ਤੇ ਮਨਾਇਆ ਜਾਂਦਾ ਹੈ। ਹਜ਼ਾਰਾਂ ਸ਼ਰਧਾਲੂ ਇਸ ਧਾਰਮਿਕ ਅਸਥਾਨ ਦੀ ਚਰਨ-ਧੂੜ ਪਰਸਣ ਆਉਂਦੇ ਹਨ।

ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਤੇ ਰਿਹਾਇਸ਼ ਦਾ ਪ੍ਰਬੰਧ ਸੁਚੱਜਾ ਹੈ।

# ਗੁਰਦੁਆਰਾ ਥੰਮ ਸਾਹਿਬ, ਕਰਤਾਰਪੁਰ

## (ਜਲੰਧਰ) ਪੰਜਾਬ

'ਗੁਰਦੁਆਰਾ ਥੰਮ ਸਾਹਿਬ' ਕਰਤਾਰਪੁਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਅਮਰ ਯਾਦਗਾਰ ਵਜੋਂ ਸ਼ੋਭਨੀਕ ਹੈ। ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਨੂੰ ਬੜਾਵਾ ਦੇਣ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਲੰਧਰ-ਅੰਮ੍ਰਿਤਸਰ ਸ਼ਾਹ ਰਾਹ 'ਤੇ ਸੰਮਤ ੧੬੫੦ ਬਿ: (੧੫੯੩ ਈ:) ਵਿਚ 'ਕਰਤਾਰਪੁਰ' ਨਗਰ ਦੀ ਨੀਂਹ ਰੱਖੀ। ਸਿੱਖ ਸੰਗਤਾਂ ਦੀ ਸਹੂਲਤ ਤੇ ਆਪਣੇ ਨਿਵਾਸ ਲਈ ਬਹੁਤ ਸਾਰੇ ਮਕਾਨ ਬਣਾਏ ਗਏ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਾਫ਼ੀ ਸਮਾਂ ਨਵੇਂ ਆਬਾਦ ਹੋ ਰਹੇ ਨਗਰ ਵਿਚ ਨਿਵਾਸ ਕੀਤਾ। ਗੁਰੂ ਜੀ ਦਾ ਨਿਵਾਸ ਅਸਥਾਨ ਹੋਣ ਕਾਰਨ ਸੰਗਤਾਂ ਦੀ ਭਾਰੀ ਆਮਦ ਹੋਣੀ ਸੁਭਾਵਿਕ ਸੀ। ਸਿੱਖ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਕਰਨ ਲਈ ਨਵਾਂ ਦੀਵਾਨ ਅਸਥਾਨ ਸੰਮਤ ੧੬੫੦-੫੧ ਬਿ: (੧੫੯੩-੯੪ ਈ:) ਵਿਚ ਬਣਾਇਆ ਗਿਆ। ਦੀਵਾਨ ਅਸਥਾਨ ਇਤਨਾ ਵੱਡਾ ਸੀ ਕਿ ਵਿਚਕਾਰ 'ਥੰਮ' ਦੇਣਾ ਪਿਆ ਜਿਸ ਤੋਂ ਇਸ ਅਸਥਾਨ ਦਾ ਨਾਮ 'ਥੰਮ ਸਾਹਿਬ' ਪ੍ਰਸਿੱਧ ਹੋਇਆ। ਸੰਮਤ ੧੮੧੨ ਬਿਕਰਮੀ ਤੀਕ ਇਹ ਅਸਥਾਨ ਧੀਰਮੱਲੀਏ 'ਸਤਿਸੰਗ ਘਰ' ਵਜੋਂ ਵਰਤਦੇ ਰਹੇ। ਸੰਮਤ ੧੮੧੩ ਬਿਕਰਮੀ ਵਿਚ ਅਫਗਾਨ ਹਮਲਾਵਰ ਦੇ ਕਹਿਣ 'ਤੇ ਜਲੰਧਰ ਦੇ ਅਹਿਲਕਾਰ ਨਾਸਰ ਅਲੀ, ਕਰਤਾਰਪੁਰ 'ਤੇ ਹਮਲਾਵਰ ਹੋਇਆ ਤੇ ਗੁਰਦੁਆਰਾ ਥੰਮ ਸਾਹਿਬ ਨੂੰ ਅਗਨ ਭੇਂਟ ਕਰ ਦਿੱਤਾ। ਸੰ: ੧੮੧੪ ਬਿਕਰਮੀ ਖਾਲਸਾ ਦਲਾਂ ਨੇ ਜਲੰਧਰ 'ਤੇ ਹਮਲਾ ਕਰਕੇ ਨਾਸਰ ਅਲੀ ਨੂੰ ਮਾਰ ਮੁਕਾਇਆ ਤੇ ਕਰਤਾਰਪੁਰ ਦੀ ਤਬਾਹੀ ਦਾ ਬਦਲਾ ਲਿਆ। ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਦੌਰਾਨ 'ਗੁਰਦੁਆਰਾ ਥੰਮ ਸਾਹਿਬ' ਦੀ ਬਹੁ-ਮੰਜ਼ਲੀ ਇਮਾਰਤ ਉਸਾਰੀ ਗਈ। ਇਸ ਸਮੇਂ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਕਰਤਾਰਪੁਰ ਦੇ ਸੋਢੀਆਂ ਪਾਸ ਹੀ ਰਿਹਾ। ੧੯੩੬ ਈ: ਵਿਚ ਸੋਢੀਆਂ ਪਾਸੋਂ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਆਇਆ ਜੋ ਨਿਰੰਤਰ ਜਾਰੀ ਹੈ।



ਕਰਤਾਰਪੁਰ ਦੀ ਧਰਤੀ 'ਤੇ ਬਹੁਤ ਸਾਰੇ ਇਤਿਹਾਸਕ ਅਸਥਾਨ ਹਨ, ਜੋ ਕਰਤਾਰਪੁਰ ਦੀ ਧਾਰਮਿਕ-ਇਤਿਹਾਸਕਤਾ ਨੂੰ ਰੂਪਮਾਨ ਕਰਦੇ ਹਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਵੀ ਕਾਫ਼ੀ ਸਮਾਂ ਇਸ ਧਰਤੀ 'ਤੇ ਨਿਵਾਸ ਕਰਦੇ ਹੋਏ ਸਿੱਖ ਸੰਗਤਾਂ ਨੂੰ ਗੁਰਮਤਿ ਉਪਦੇਸ਼ ਦ੍ਰਿੜ੍ਹ ਕਰਾਉਂਦੇ ਰਹੇ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਕਰਤਾਰਪੁਰ ਹੀ ਸੰਮਤ ੧੬੯੧ ਬਿਕਰਮੀ ਵਿਚ ਮੁਗਲ ਜਰਨੈਲ ਕਾਲੇ ਖਾਂ, ਪੈਂਦੇ ਖਾਂ ਆਦਿ ਦਲ ਨਾਲ ਯੁੱਧ ਕਰਨਾ ਪਿਆ। ਫਤਹਿ ਸਤਿਗੁਰੂ ਜੀ ਨੂੰ ਹੋਈ। ਇਸ ਸੁਹਾਵੀ ਧਰਤੀ 'ਤੇ ਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਮਾਤਾ ਗੁਜਰੀ ਜੀ ਨਾਲ ਵਿਆਹ ਹੋਇਆ। ਗੁਰੂ-ਚਰਨਾਂ ਦੀ ਛੋਹ ਪ੍ਰਾਪਤ ਬਹੁਤ ਸਾਰੇ ਗੁਰ-ਅਸਥਾਨ ਕਰਤਾਰਪੁਰ ਵਿਚ ਸੁਭਾਇਮਾਨ ਹਨ ਜਿਵੇਂ:੧.ਗੁਰਦੁਆਰਾ ਗੰਗਸਰ, ੨. ਗੁਰਦੁਆਰਾ ਮੰਜੀ ਸਾਹਿਬ, ੩. ਗੁਰਦੁਆਰਾ ਸ੍ਰੀ ਚੁਬੱਚਾ ਸਾਹਿਬ (ਪਾਤਸ਼ਾਹੀ ਛੇਵੀਂ), ੪. ਗੁਰਦੁਆਰਾ ਦਮਦਮਾ ਸਾਹਿਬ, ੫. ਗੁਰਦੁਆਰਾ ਸ਼ੀਸ਼ ਮਹਿਲ, ੬. ਗੁਰਦੁਆਰਾ ਵਿਆਹ ਅਸਥਾਨ ਗੁਰੂ ਤੇਗ ਬਹਾਦਰ ਸਾਹਿਬ ਜੀ, ੭. ਯਾਦਗਾਰ ਬੀਬੀ ਕੌਲਾਂ ਜੀ... ਆਦਿ।

'ਗੁਰਦੁਆਰਾ ਥੰਮ ਸਾਹਿਬ' ਕਰਤਾਰਪੁਰ, ਤਹਿਸੀਲ ਕਰਤਾਰਪੁਰ, ਜ਼ਿਲ੍ਹਾ ਜਲੰਧਰ ਵਿਚ ਅੰਮ੍ਰਿਤਸਰ-ਜਲੰਧਰ ਸ਼ਾਹ ਰਾਹ 'ਤੇ ਸਥਿਤ ਪ੍ਰਮੁੱਖ ਸ਼ਹਿਰ ਹੈ। ਅੰਮ੍ਰਿਤਸਰ-ਜਲੰਧਰ ਦਿੱਲੀ ਰੇਲਵੇ ਲਾਈਨ 'ਤੇ ਕਰਤਾਰਪੁਰ ਰੇਲਵੇ ਸਟੇਸ਼ਨ ਤੋਂ ਇਹ ਇਤਿਹਾਸਕ ਅਸਥਾਨ ਇਕ ਕਿਲੋਮੀਟਰ ਤੇ ਬੱਸ ਸਟੈਂਡ ਕਰਤਾਰਪੁਰ ਤੋਂ ਕੇਵਲ ੩੦੦ ਮੀਟਰ ਦੀ ਦੂਰੀ 'ਤੇ ਹੈ।

ਇਸ ਪਵਿੱਤਰ ਅਸਥਾਨ 'ਤੇ ਪਹਿਲੀ, ਪੰਜਵੀਂ, ਛੇਵੀਂ ਤੇ ਦਸਵੀਂ ਪਾਤਸ਼ਾਹੀ ਦੇ ਪ੍ਰਕਾਸ਼ ਗੁਰਪੁਰਬ ਤੇ ਵਿਸਾਖੀ ਵਿਸ਼ੇਸ਼ ਤੌਰ 'ਤੇ ਮਨਾਏ ਜਾਂਦੇ ਹਨ। ਗੁਰਮਤਿ ਦੇ ਜਗਿਆਸੂਆਂ ਲਈ ਗੁਰਮਤਿ ਲਾਇਬ੍ਰੇਰੀ ਦੀ ਸਹੂਲਤ ਹੈ ਜਿਸ ਵਿਚ ੧੫੦੦ ਤੋਂ ਵਧੀਕ ਪੁਸਤਕਾਂ ਹਨ।

ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਰਿਹਾਇਸ਼ ਦਾ ਸੁਚੱਜਾ ਪ੍ਰਬੰਧ ਹੈ। ਵਧੇਰੇ ਜਾਣਕਾਰੀ ਪ੍ਰਾਪਤ ਕਰਨੀ ਹੋਵੇ ਤਾਂ ੦੧੮੧-੨੩੨੧੮੩ ਫ਼ੋਨ ਨੰਬਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਗੁਰਦੁਆਰਾ 'ਪਾਤਸ਼ਾਹੀ ਪੰਜਵੀਂ' ਬਿਲਗਾ

(ਜਲੰਧਰ) ਪੰਜਾਬ

ਪੰਚਮ ਪਾਤਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਚਰਨ-ਛੋਹ ਪ੍ਰਾਪਤ ਧਰਤ ਸੁਹਾਵੀ 'ਤੇ ਸੁਭਾਇਮਾਨ ਹੈ, ਗੁਰਦੁਆਰਾ, ਪਾਤਸ਼ਾਹੀ ਪੰਜਵੀਂ ਬਿਲਗਾ, ਜਲੰਧਰ। ੨੩ ਹਾੜ, ਸੰਮਤ, ੧੬੩੬ (ਜੂਨ, ੧੫੭੯ ਈ:) ਨੂੰ ਜਦ ਗੁਰੂ ਅਰਜਨ ਦੇਵ ਜੀ ਮਉ (ਮੌ) ਸਾਹਿਬ ਵਿਆਹੁਣ ਆਏ ਤਾਂ ਇਸ ਅਸਥਾਨ 'ਤੇ ਸਮੇਤ ਬਰਾਤ ਕੁਝ ਸਮਾਂ ਵਿਸ਼ਰਾਮ ਕੀਤਾ ਤੇ ਨਵੇਂ ਵਸਤਰ ਧਾਰਨ ਕੀਤੇ। ਉਸ ਸਮੇਂ ਨਗਰ ਬਿਲਗਾ 'ਝੌਂਪੜੀਆਂ' ਦੇ ਰੂਪ ਵਿਚ ਸੀ।

ਪ੍ਰੇਮੀ ਗੁਰਸਿੱਖਾਂ ਨੇ ਗੁਰੂ ਜੀ ਦੀ ਚਰਨ-ਛੋਹ ਪ੍ਰਾਪਤ ਧਰਤ 'ਤੇ ਇਤਿਹਾਸਕ ਯਾਦਗਾਰ ਦਾ ਨਿਰਮਾਣ ਕਰਵਾਇਆ। ਮਹਾਰਾਜਾ ਰਣਜੀਤ ਸਿੰਘ ਨੇ ਇਸ ਨਗਰ ਦੇ ਵਿਕਾਸ ਲਈ ਦੋ ਖੂਹ ਲਗਵਾਏ ਤੇ ਗੁਰੂ-ਘਰ ਦੇ ਨਾਮ ਕੁਝ ਜਗੀਰ ਵੀ ਅਰਪਨ ਕੀਤੀ। ਹੁਣ ਪੰਜ-ਮੰਜ਼ਲੀ ਗੁਰਦੁਆਰਾ ਸਾਹਿਬ ਦੀ ਆਲੀਸ਼ਾਨ ਇਮਾਰਤ ਦੂਰੋਂ ਦਿਖਾਈ ਦਿੰਦੀ ਹੈ। ਗੁਰਦੁਆਰਾ ਸਾਹਿਬ ਵਿਖੇ ਗੁਰੂ ਜੀ ਦੀਆਂ ਕੁਝ ਯਾਦਗਾਰੀ ਵਸਤਾਂ ਸੰਭਾਲੀਆਂ ਹੋਈਆਂ ਹਨ। ਗੁਰਦੁਆਰਾ ਸਾਹਿਬ ਦੀ ਇਕ ਮੰਜ਼ਲ ਵਿਚ ਅਜਾਇਬ ਘਰ ਤੇ ਲਾਇਬ੍ਰੇਰੀ ਵੀ ਬਣੀ ਹੋਈ ਹੈ। ਹਰ ਸਾਲ



ਇਹ ਅਸਥਾਨ 'ਤੇ ਸਾਲਾਨਾ ਜੋੜ ਮੇਲਾ ਵੱਡੀ ਪੱਧਰ 'ਤੇ ਮਨਾਇਆ ਜਾਂਦਾ ਹੈ। ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਲੋਕਲ ਕਮੇਟੀ ਰਾਹੀਂ ਕਰਦੀ ਹੈ।

ਇਹ ਇਤਿਹਾਸਕ ਅਸਥਾਨ ਜਲੰਧਰ-ਲੁਧਿਆਣਾ ਰੋਡ 'ਤੇ ਸਥਿਤ ਕਸਬੇ ਫਿਲੌਰ ਤੋਂ ੧੪ ਕਿਲੋਮੀਟਰ ਦੀ ਦੂਰੀ 'ਤੇ ਫਿਲੌਰ-ਨਕੋਦਰ ਸੜਕ 'ਤੇ ਸਥਿਤ ਹੈ। ਯਾਤਰੂਆਂ ਦੀ ਟਹਿਲ-ਸੇਵਾ, ਰਿਹਾਇਸ਼ ਦਾ ਸੁਚੱਜਾ ਪ੍ਰਬੰਧ ਹੈ।

ਵਧੇਰੇ ਜਾਣਕਾਰੀ ੦੧੮੨੬-੪੫੫੫੫, ੪੫੨੩੦ ਫ਼ੋਨ ਨੰਬਰਾਂ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਗੁਰਦੁਆਰਾ ਬਾਬਾ ਸੰਗ ਜੀ, ਸੰਘ ਢੇਸੀਆਂ

(ਜਲੰਧਰ) ਪੰਜਾਬ

ਜਿਵੇਂ ਕਿ ਨਾਂ ਤੋਂ ਹੀ ਸਪੱਸ਼ਟ ਹੈ, ਕਿ ਇਹ ਧਾਰਮਿਕ ਅਸਥਾਨ ਬਾਬਾ ਸੰਗ ਜੀ ਦੀ ਯਾਦ ਵਿਚ ਸ਼ੋਭਨੀਕ ਹੈ। ਇਤਿਹਾਸ ਗੁਰਦੁਆਰਾ ਬਾਬਾ ਸੰਗ ਜੀ (ਪ੍ਰਕਾਸ਼ਕ ਮੈਨੇਜਰ) ਅਨੁਸਾਰ ਦੁਆਬੇ ਦੇ ਪ੍ਰਮੁੱਖ ਪਿੰਡ ਸੰਗ ਢੇਸੀਆਂ ਦੇ 'ਦਾਤਾ' ਨਾਮ ਦੇ ਜ਼ਿਮੀਂਦਾਰ ਦੇ ਘਰ ਭਾਈ ਜੋਧ ਦਾ ਜਨਮ ਹੋਇਆ। ਜ਼ਿਮੀਂਦਾਰ ਦਾਤੇ ਦਾ ਸਮੁੱਚਾ ਪਰਿਵਾਰ ਭੈ-ਭਾਵਨੀ ਤੇ ਸੇਵਕ ਸੁਭਾਅ ਵਾਲਾ ਸੀ। ਘਰ ਆਏ ਜਾਣੇ-ਅਣਜਾਣੇ ਮਹਿਮਾਨ ਦੀ ਆਉ-ਭਗਤ, ਸੇਵਾ-ਸੰਭਾਲ ਕਰਨੀ ਇਹ ਪਰਿਵਾਰ ਆਪਣਾ ਪਰਮ ਧਰਮ ਕਰਤਵ ਸਮਝਦਾ। ਇਕ ਵਾਰ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰਨ ਅਤੇ 'ਅੰਮ੍ਰਿਤ ਸਰੋਵਰ' ਦੀ ਉਸਾਰੀ ਵਿਚ ਹਿੱਸਾ ਪਾਉਣ ਲਈ ਜਾ ਰਹੀ ਸੰਗਤ ਨੇ 'ਜ਼ਿਮੀਂਦਾਰ' ਦਾਤੇ' ਦੇ ਘਰ ਰਾਤ ਦਾ ਪੜਾਅ ਕੀਤਾ। ਸਵੇਰੇ ਸੰਗਤ ਦੇ ਸੰਗ ਨਾਲ ਹੀ ਭਾਈ ਜੋਧ ਵੀ ਗੁਰੂ ਜੀ ਦੇ ਦਰਸ਼ਨਾਂ ਤੇ ਕਾਰ ਸੇਵਾ ਕਰਨ ਲਈ ਚੱਲ ਪਏ। ਗੁਰੂ ਦਰਬਾਰ ਵਿਚ ਪਹੁੰਚ, ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰ ਸੰਗਤਾਂ ਦੇ ਨਾਲ ਕਾਰ ਸੇਵਾ ਵਿਚ ਜੁਟ ਗਏ। ਗੁਰੂ ਅਰਜਨ ਦੇਵ ਜੀ ਭਾਈ ਜੋਧ ਦੀ ਸੇਵਾ-ਭਾਵਨਾ ਤੋਂ ਬਹੁਤ ਖੁਸ਼ ਹੋਏ ਤੇ ਭਾਈ ਜੋਧ ਨੂੰ ਭਾਈ ਸੰਗ ਦੇ ਨਾਮ ਨਾਲ ਬੁਲਾਉਣਾ ਸ਼ੁਰੂ ਕੀਤਾ। ਭਾਈ ਸੰਗ ਦਾ ਵਿਆਹ ਭਾਈ ਸਾਧੂ ਦੀ ਸਪੁੱਤਰੀ ਬੀਬੀ ਭਾਵੜੀ ਨਾਲ ਗੁਰੂ-ਦਰਬਾਰ ਵਿਚ ਹੋਇਆ। ਕਾਫ਼ੀ ਸਮਾਂ ਕਾਰ ਸੇਵਾ ਕਰ ਭਾਈ ਸੰਗ, ਗੁਰੂ ਅਰਜਨ ਦੇਵ ਜੀ ਦੇ ਹੁਕਮ ਅਨੁਸਾਰ ਆਪਣੇ ਜੱਦੀ ਪਿੰਡ ਪਹੁੰਚੇ। ਭਾਈ ਸੰਗ ਜੀ ਹਮੇਸ਼ਾਂ ਪਿੰਡ ਵਿਚ ਵੀ ਸੇਵਾ ਸਿਮਰਨ ਕਰਦੇ ਰਹਿੰਦੇ। ਪਿੰਡ ਵਿਚ ਪਾਣੀ ਦੀ ਲੋੜ ਨੂੰ ਪੂਰਿਆਂ ਕਰਨ ਲਈ 'ਭਾਈ ਸੰਗ' ਨੇ ਖੂਹ ਲਗਾਉਣ ਦੀ ਸੇਵਾ ਵੀ ਕੀਤੀ। ਭਾਈ ਸੰਗ ਜੀ ਨੇ ਜਿਸ ਅਸਥਾਨ 'ਤੇ ਬੈਠ ਕੇ ਮਾਨਵਤਾ ਦੇ ਭਲੇ ਤੇ ਸਿੱਖੀ ਦੇ ਪ੍ਰਚਾਰ-ਪ੍ਰਸਾਰ ਦੇ ਕਾਰਜ ਕਰਦੇ ਸਨ ਉਸ ਅਸਥਾਨ 'ਤੇ ਸੰਗਤਾਂ ਵੱਲੋਂ ਬਹੁਤ ਸ਼ਾਨਦਾਰ ਗੁਰਦੁਆਰਾ ਸਾਹਿਬ ਬਣਾਇਆ ਗਿਆ, ਜਿਸ ਨੂੰ 'ਗੁਰਦੁਆਰਾ ਬਾਬਾ ਸੰਗ' ਕਿਹਾ ਜਾਂਦਾ ਹੈ। ਗੁਰਦੁਆਰਾ ਸਾਹਿਬ ਦੀ ਆਲੀਸ਼ਾਨ ਉੱਚੀ ਇਮਾਰਤ, ਕਾਫ਼ੀ ਦੂਰ ਤੋਂ ਦਿਖਾਈ ਦਿੰਦੀ ਹੈ।



ਗੁਰਦੁਆਰਾ ਸਾਹਿਬ ਦੀ ਗੈਲਰੀ ਵਿਚ ਦੇਖਣ ਯੋਗ ਯਾਦਗਾਰੀ ਅਜਾਇਬ ਘਰ ਹੈ। ਗੁਰਦੁਆਰਾ ਸਾਹਿਬ ਦੇ ਨਾਲ ਵਿਸ਼ਾਲ ਸਰੋਵਰ ਵੀ ਹੈ। ਵਿੱਦਿਆ ਦੇ ਪ੍ਰਚਾਰ-ਪ੍ਰਸਾਰ ਲਈ ੧੯੭੦ ਈ: ਵਿਚ ਗੁਰਦੁਆਰਾ ਸਾਹਿਬ ਦੇ ਨਾਲ ਗੁਰੂ ਨਾਨਕ ਖਾਲਸਾ ਗਰਲਜ਼ ਕਾਲਜ ਬਣਾਇਆ ਗਿਆ।

'ਗੁਰਦੁਆਰਾ ਬਾਬਾ ਸੰਗ ਜੀ' ਸੰਗ ਢੇਸੀਆਂ ਪਿੰਡ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਵਿਚ ਗੁਰਾਇਆ-ਜੰਡਿਆਲਾ ਰੋਡ 'ਤੇ ਸੁਭਾਇਮਾਨ ਹੈ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਸੁਚੱਜਾ ਪ੍ਰਬੰਧ ਹੈ। ਰਿਹਾਇਸ਼ ਵਾਸਤੇ ਸ਼ਾਨਦਾਰ ਸਰਾਂ ਹੈ। ਵਧੇਰੇ ਜਾਣਕਾਰੀ ੦੧੯੨੬-੬੨੨੨੦ ਫੋਨ ਨੰਬਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ, ਮਾਛੀਵਾੜਾ

(ਲੁਧਿਆਣਾ) ਪੰਜਾਬ

ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਮਾਛੀਵਾੜਾ, ਉਹ ਪਵਿੱਤਰ ਇਤਿਹਾਸਕ ਸਥਾਨ ਹੈ, ਜਿਥੇ ਦਸਮੇਸ਼ ਪਿਤਾ, ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੇ ਅਨੋਖੇ ਯੁੱਧ ਸਮੇਂ 'ਪੰਜਾਂ ਪਿਆਰਿਆਂ' ਦੇ ਹੁਕਮ ਨੂੰ ਪ੍ਰਵਾਨਦੇ ਹੋਏ, ਚਮਕੌਰ ਦੀ ਗੜ੍ਹੀ ਨੂੰ ਛੱਡ, ਕੰਡੇਦਾਰ ਝਾੜੀਆਂ ਉਜਾੜ-ਬੀਆਬਾਨ ਦਾ ਸਫ਼ਰ ਕਰਦੇ ਹੋਏ, ਮਾਛੀਵਾੜੇ ਦੇ ਜੰਗਲ 'ਚ ਪਹੁੰਚੇ। ਗੁਰਦੇਵ ਦੇ ਪਾਵਨ ਚਰਨ-ਕੰਵਲ ਲਹੂ-ਲੁਹਾਨ ਹਨ ਪਰ ਪਰਮਾਤਮਾ ਨੂੰ ਯਾਦ ਕਰਦਿਆਂ ਇਹ ਸ਼ਬਦ ਉਚਾਰਦੇ ਹਨ:- ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਣਾ ॥.......

ਇਸ ਸਥਾਨ 'ਤੇ ਹੀ ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ ਤੇ ਭਾਈ ਮਾਨ ਸਿੰਘ ਜੀ, ਜੋ ਚਮਕੌਰ ਦੀ ਗੜ੍ਹੀ 'ਚੋਂ ਚੱਲਣ ਸਮੇਂ ਵਿਛੜ ਗਏ ਸਨ, ਆਣ ਮਿਲੇ। ਗੁਰੂ-ਘਰ ਦੇ ਪ੍ਰੀਤਵਾਨ ਗੁਲਾਬ ਚੰਦ ਮਸੰਦ ਨੂੰ ਜਦ ਗੁਰਦੇਵ ਦੇ ਆਉਣ ਦਾ ਪਤਾ ਲੱਗਿਆ ਤਾਂ ਉਹ ਆਪ ਆਦਰ-ਸਤਿਕਾਰ ਨਾਲ ਗੁਰੂ ਜੀ ਨੂੰ ਆਪਣੇ ਘਰ ਲੈ ਆਇਆ। ਘੋੜਿਆਂ ਦੇ ਸੁਦਾਗਰ ਭਾਈ ਗਨੀ ਖ਼ਾਂ, ਨਬੀ ਖ਼ਾਂ ਵੀ ਮਾਛੀਵਾੜੇ ਦੇ ਰਹਿਣ ਵਾਲੇ ਸਨ ਜਿਨ੍ਹਾਂ ਭੈ-ਭਾਵਨਾ ਨਾਲ ਗੁਰੂ ਜੀ ਦੀ ਟਹਿਲ-ਸੇਵਾ ਕੀਤੀ। ਪੰਥ ਦੇ ਵਾਲੀ ਇਥੋਂ ਹੀ 'ਨੀਲ ਬਸਤਰ' ਧਾਰਨ ਕਰ, 'ਉਚ ਦੇ ਪੀਰ' ਦੇ ਰੂਪ ਵਿਚ ਆਪਣੇ ਅਗਲੇ ਮਾਰਗ 'ਤੇ ਚਲਦੇ ਹਨ। ਗੁਰਦੇਵ ਜੀ ਦੀ ਪਾਲਕੀ ਨੂੰ ਭਾਈ ਧਰਮ ਸਿੰਘ, ਭਾਈ ਮਾਨ ਸਿੰਘ, ਭਾਈ ਗਨੀ ਖ਼ਾਂ ਤੇ ਭਾਈ ਨਬੀ ਖ਼ਾਂ ਨੇ ਉਠਾਇਆ ਤੇ ਭਾਈ ਦਇਆ ਸਿੰਘ ਜੀ ਗੁਰੂ-ਪਾਤਸ਼ਾਹ ਨੂੰ ਚੌਰ ਕਰਨ ਲੱਗੇ।



ਗੁਰਦੁਆਰਾ ਗਨੀ ਖਾਂ ਨਬੀ ਖਾਂ

ਗੁਰੂ ਜੀ ਦੀ ਚਰਨ-ਛੋਹ ਦੀ ਯਾਦ ਵਿਚ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਦੀ ਨਵੀਂ ਸੁੰਦਰ ਇਮਾਰਤ ਬਣੀ ਹੈ। ਪਹਿਲੀ, ਪੰਜਵੀਂ, ਨੌਵੀਂ ਤੇ ਦਸਵੀਂ ਪਾਤਸ਼ਾਹੀ ਦੇ ਆਗਮਨ ਗੁਰਪੁਰਬ, ਖਾਲਸੇ ਦਾ ਸਿਰਜਣਾ ਦਿਹਾੜਾ ਵਿਸਾਖੀ ਤੇ ਸਾਲਾਨਾ ਜੋੜ-ਮੇਲਾ ਵੱਡੀ ਪੱਧਰ 'ਤੇ ਮਨਾਏ ਜਾਂਦੇ ਹਨ। ਨਜ਼ਦੀਕ ਹੀ ਇਤਿਹਾਸਕ ਗੁਰਦੁਆਰਾ ਗਨੀ ਖ਼ਾਂ ਨਬੀ ਖ਼ਾਂ ਦਰਸ਼ਨ ਕਰਨ ਯੋਗ ਹੈ।



ਮਾਛੀਵਾੜਾ ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣੇ ਦਾ ਪ੍ਰਮੁੱਖ ਨਗਰ ਹੈ, ਜੋ ਲੁਧਿਆਣਾ-ਚੰਡੀਗੜ੍ਹ ਮੇਨ ਸੜਕ ਤੋਂ ਸਮਰਾਲਾ-ਮਾਛੀਵਾੜਾ ਲਿੰਕ ਸੜਕ 'ਤੇ ਲੁਧਿਆਣਾ ਤੋਂ ੪੦ ਕਿਲੋਮੀਟਰ ਦੀ ਦੂਰੀ 'ਤੇ ਹੈ। ਬੱਸ ਸਟੈਂਡ ਮਾਛੀਵਾੜੇ ਤੋਂ ਗੁਰਦੁਆਰਾ ਚਰਨ ਕੰਵਲ ਕੇਵਲ ੫੦੦ ਮੀਟਰ ਦੀ ਦੂਰੀ 'ਤੇ ਹੈ।

ਯਾਤਰੂਆਂ ਦੀ ਰਿਹਾਇਸ਼ ਵਾਸਤੇ ਪੰਜ ਕਮਰੇ ਹਨ ਤੇ ਲੰਗਰ-ਪ੍ਰਸ਼ਾਦਿ ਦਾ ਵੀ ਪ੍ਰਬੰਧ ਹੈ। ਵਧੇਰੇ ਜਾਣਕਾਰੀ ੦੧੬੨੮-੫੦੧੯੦ ਨੰਬਰ 'ਤੇ ਫੋਨ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ।

# ਗੁਰਦੁਆਰਾ ਦੇਗਸਰ ਸਾਹਿਬ, ਕਟਾਣਾ

(ਲੁਧਿਆਣਾ) ਪੰਜਾਬ




ਗੁਰਦੁਆਰਾ ਦੇਗਸਰ ਸਾਹਿਬ, ਕਟਾਣਾ ਦੇ ਅਲੱਗ-ਅਲੱਗ ਦ੍ਰਿਸ਼

ਦਸਮੇਸ਼ ਪਿਤਾ, ਗੁਰੂ ਗੋਬਿੰਦ ਸਿੰਘ ਜੀ ਦੀ ਆਮਦ ਦੀ ਯਾਦ ਵਿਚ ਸੁਸ਼ੋਭਿਤ ਹੈ, ਗੁਰਦੁਆਰਾ ਦੇਗਸਰ ਸਾਹਿਬ, ਕਟਾਣਾ। ਗੁਰੂ ਜੀ ਮਾਛੀਵਾੜੇ ਤੋਂ ਉੱਚ ਦੇ ਪੀਰ ਦੇ ਰੂਪ ਵਿਚ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਮਾਨ ਸਿੰਘ, ਭਾਈ ਨਬੀ ਖ਼ਾਨ ਤੇ ਭਾਈ ਗ਼ਨੀ ਖ਼ਾਂ ਦੇ ਸੰਗ-ਸਾਥ ਆਲਮਗੀਰ ਨੂੰ ਜਾਣ ਸਮੇਂ ਕੁਝ ਸਮੇਂ ਇਥੇ ਬਿਰਾਜੇ ਸਨ । ਮਨੌਤ ਹੈ, ਕਿ ਗੁਰਦੇਵ ਨੇ ਆਪਣੇ ਪਵਿੱਤਰ ਕਰ-ਕਮਲਾਂ ਨਾਲ ਇਥੇ 'ਦੇਗ' ਵਰਤਾਈ, ਜਿਸ ਤੋਂ ਇਸ ਗੁਰ-ਅਸਥਾਨ ਦਾ ਨਾਂ 'ਦੇਗਸਰ ਸਾਹਿਬ' ਪ੍ਰਸਿੱਧ ਹੋਇਆ । ਕਿਹਾ ਜਾਂਦਾ ਹੈ ਕਿ ਇਸ ਤੋਂ ਪਹਿਲਾਂ ਗੁਰੂ ਹਰਿਗੋਬਿੰਦ ਪਾਤਸ਼ਾਹ ਨੇ ਵੀ ਇਥੇ ਚਰਨ ਪਾਏ ਸਨ ।

ਗੁਰਦੁਆਰਾ ਦੇਗਸਰ ਸਾਹਿਬ, ਪਿੰਡ ਕਟਾਣਾ, ਡਾਕਘਰ ਕੁੱਬੇ, ਤਹਿਸੀਲ-ਜ਼ਿਲ੍ਹਾ ਲੁਧਿਆਣਾ ਵਿਚ ਹੈ। ਇਹ ਪਵਿੱਤਰ ਅਸਥਾਨ ਲੁਧਿਆਣਾ-ਅੰਬਾਲਾ-ਦਿੱਲੀ ਸੜਕ 'ਤੇ ਦੋਰਾਹਾ ਬੱਸ ਸਟੈਂਡ ਤੇ ਰੇਲਵੇ ਸਟੇਸ਼ਨ ਤੋਂ ੬ ਕਿਲੋਮੀਟਰ ਦੀ ਦੂਰੀ 'ਤੇ ਸਰਹਿੰਦ ਨਹਿਰ ਦੇ ਕਿਨਾਰੇ 'ਤੇ ਬਹੁਤ ਹੀ ਰਮਣੀਕ ਸਥਾਨ 'ਤੇ ਸਥਿਤ ਹੈ । ਲੁਧਿਆਣਾ-ਚੰਡੀਗੜ੍ਹ ਰੋਡ 'ਤੇ ਨੀਲੋ-ਦੋਰਾਹਾ ਲਿੰਕ ਸੜਕ ਵੀ ਹੈ । ਇਤਿਹਾਸਕ ਗੁਰਦੁਆਰਾ ਰੇਰੂ ਸਾਹਿਬ ਇਥੋਂ ਕੇਵਲ ੩ ਕਿਲੋਮੀਟਰ ਦੂਰ ਹੈ । ਇਸ ਇਤਿਹਾਸਕ ਅਸਥਾਨ 'ਤੇ ਪਾਤਸ਼ਾਹੀ ਛੇਵੀਂ ਤੇ ਦਸਵੀਂ ਦੇ ਆਗਮਨ ਗੁਰਪੁਰਬ ਤੇ ਵੈਸਾਖੀ ਵਿਸ਼ੇਸ਼ ਤੌਰ 'ਤੇ ਮਨਾਏ ਜਾਂਦੇ ਹਨ ।

ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਰਿਹਾਇਸ਼ ਅਤੇ ਲੰਗਰ-ਪ੍ਰਸ਼ਾਦਿ ਦਾ ਉਚਿਤ ਪ੍ਰਬੰਧ ਹੈ ।

ਵਧੇਰੇ ਜਾਣਕਾਰੀ ੦੧੬੧-੮੩੩੮੩੪ ਫੋਨ ਨੰਬਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ ।

# ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਦਸਵੀਂ, ਆਲਮਗੀਰ

(ਲੁਧਿਆਣਾ) ਪੰਜਾਬ

ਚੜ੍ਹਦੀ ਕਲਾ ਦੇ ਪੁੰਜ, ਦਸਮੇਸ਼ ਪਿਤਾ, ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਛੋਹ ਪ੍ਰਾਪਤ ਧਰਤ 'ਤੇ ਸੁਸ਼ੋਭਿਤ ਹੈ, ਗੁਰਦੁਆਰਾ ਮੰਜੀ ਸਾਹਿਬ, ਆਲਮਗੀਰ। ਚਮਕੌਰ ਸਾਹਿਬ ਨੂੰ ਛੱਡਣ ਉਪਰੰਤ ਗੁਰੂ ਜੀ ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ ਤੇ ਭਾਈ ਮਾਨ ਸਿੰਘ ਜੀ ਨੂੰ ਮਾਛੀਵਾੜੇ ਦੀ ਧਰਤ ਸੁਹਾਵੀ 'ਤੇ ਮਿਲੇ। ਮੁਗ਼ਲ ਫ਼ੌਜਾਂ ਗੁਰੂ ਜੀ ਦੀ ਭਾਲ ਵਿਚ ਥਾਂ-ਥਾਂ ਛਾਪੇ ਮਾਰ ਰਹੀਆਂ ਸਨ। ਮਾਛੀਵਾੜੇ ਤੋਂ ਗੁਰੂ ਜੀ ਉਕਤ ਗੁਰਸਿੱਖਾਂ ਤੇ ਭਾਈ ਗ਼ਨੀ ਖ਼ਾਂ ਤੇ ਭਾਈ ਨਬੀ ਖ਼ਾਂ ਦੀ ਮੱਦਦ ਨਾਲ ਉਚ ਦੇ ਪੀਰ ਦੇ ਰੂਪ ਵਿਚ ਲੱਲਾਂ, ਕੁੱਬੇ, ਕਟਾਣੀ ਆਦਿ ਅਸਥਾਨਾਂ ਤੋਂ ਹੁੰਦੇ ਹੋਏ ੧੪ ਪੋਹ, ੧੭੬੧ ਬਿ: (ਦਸੰਬਰ, ੧੭੦੪ ਈ:) ਨੂੰ ਆਲਮਗੀਰ ਦੇ ਅਸਥਾਨ 'ਤੇ ਪਹੁੰਚੇ। ਗੁਰੂ ਜੀ ਨੇ ਇਥੇ ਨੀਲ ਬਸਤਰ ਉਤਾਰ ਤਿੰਨ ਦਿਨ ਵਿਸ਼ਰਾਮ ਕੀਤਾ ਤੇ ਬੇਅੰਤ ਸੰਗਤਾਂ ਨੂੰ ਗੁਰਮਤਿ ਗਿਆਨ ਦੀ ਬਖਸ਼ਿਸ਼ ਕੀਤੀ। ਭਾਈ ਨਬੀ ਖਾਂ ਤੇ ਭਾਈ ਗਨੀ ਖਾਂ ਨੂੰ ਬਹੁਤ ਸਾਰੀਆਂ ਬਖਸ਼ਿਸ਼ਾਂ ਕਰ, ਸਤਕਾਰ ਸਹਿਤ ਵਿਦਾ ਕੀਤਾ। ਗੁਰੂ-ਘਰ ਦੇ ਇਕ ਪ੍ਰੀਤਵਾਨ, ਪ੍ਰੇਮੀ-ਸਿੱਖ ਨੇ ਗੁਰੂ ਜੀ ਨੂੰ ਇਕ ਘੋੜਾ ਭੇਟ ਕੀਤਾ ਤੇ ਗੁਰੂ ਜੀ ਆਪਣੇ ਸਾਥੀ ਸਿੰਘਾਂ ਸਮੇਤ ਰਾਏਕੋਟ ਨੂੰ ਅਗਲੇ ਸਫ਼ਰ ਲਈ ਰਵਾਨਾ ਹੋ ਗਏ।



ਗੁਰੂ-ਘਰ ਦੇ ਨਿਕਟਵਰਤੀ ਭਾਈ ਨਾਨੂੰ ਸਿੰਘ ਨੇ ਸਭ ਤੋਂ ਪਹਿਲਾਂ ਇਸ ਅਸਥਾਨ ਦੀ ਸੇਵਾ-ਸੰਭਾਲ ਕੀਤੀ। ਉਸ ਸਮੇਂ ਇਥੇ ਕੇਵਲ ਨਿੱਕੀਆਂ ਇੱਟਾਂ ਦਾ ਬੁਰਜ ਯਾਦਗਾਰ ਵਜੋਂ ਕਾਇਮ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਸਮੇਂ ਇਸ ਗੁਰ-ਅਸਥਾਨ ਨੂੰ ਵਿਸ਼ੇਸ਼ ਰੂਪ ਵਿਚ ਤਿਆਰ ਕੀਤਾ ਗਿਆ। ਅੰਗਰੇਜ਼ ਰਾਜ-ਕਾਲ ਦੌਰਾਨ ਇਸ ਅਸਥਾਨ 'ਤੇ ਮਹੰਤ ਕਾਬਜ਼ ਰਹੇ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਸਮੇਂ ਇਸ ਧਾਰਮਕ ਅਸਥਾਨ ਦਾ ਪ੍ਰਬੰਧ, ੭ ਅਕਤੂਬਰ ੧੯੨੯ ਈ: ਨੂੰ ਲੋਕਲ ਕਮੇਟੀ ਆਲਮਗੀਰ ਪਾਸ ਆਇਆ। ਲੋਕਲ ਕਮੇਟੀ ਵੱਲੋਂ ਗੁਰਦੁਆਰਾ ਸਾਹਿਬ ਦੇ ਵਿਕਾਸ ਲਈ ਬਹੁਤ ਸਾਰੇ ਕਾਰਜ ਕੀਤੇ ਗਏ। ੩੦ ਜੂਨ, ੧੯੫੯ ਈ: ਵਿਚ ਗੁਰਦੁਆਰਾ ਸਾਹਿਬ ਨਾਲ ਇਤਿਹਾਸਕ ਅਸਥਾਨ 'ਤੇ ਤੀਰ-ਸਰ ਸਰੋਵਰ ਦੀ ਸ਼ੁਭ-ਆਰੰਭਤਾ ਕੀਤੀ ਗਈ। ਪਹਿਲੀ ਜਨਵਰੀ, ੧੯੮੭ ਨੂੰ ਇਸ ਇਤਿਹਾਸਕ ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਪਾਸ ਆਇਆ।

ਗੁਰਦੁਆਰਾ ਮੰਜੀ ਸਾਹਿਬ, ਆਲਮਗੀਰ ਦੀ ਬਹੁ-ਮੰਜ਼ਲੀ ਸੁੰਦਰ ਇਮਾਰਤ 'ਤੇ ਝੂਲਦਾ ਕੇਸਰੀ ਪਰਚਮ ਦੂਰ-ਦੂਰ ਤੋਂ ਦਿਖਾਈ ਦਿੰਦਾ ਹੈ। ਇਹ ਪਵਿੱਤਰ ਅਸਥਾਨ ਲੁਧਿਆਣਾ ਸ਼ਹਿਰ ਤੋਂ ੧੦ ਕਿਲੋਮੀਟਰ ਦੀ ਦੂਰੀ 'ਤੇ ਲੁਧਿਆਣਾ-ਮਲੇਰਕੋਟਲਾ ਸੜਕ ਦੇ ਨਜ਼ਦੀਕ ਸੁਸ਼ੋਭਿਤ ਹੈ। ਇਹ ਪਵਿੱਤਰ ਅਸਥਾਨ ਲੁਧਿਆਣਾ-ਧੂਰੀ ਰੇਲਵੇ ਲਾਈਨ 'ਤੇ ਰੇਲਵੇ ਸਟੇਸ਼ਨ ਗਿੱਲ ਪਿੰਡ ਤੋਂ ਤਿੰਨ ਕਿਲੋਮੀਟਰ ਦੂਰ ਹੈ।

ਇਸ ਪਵਿੱਤਰ ਅਸਥਾਨ 'ਤੇ ਸਾਰੇ ਗੁਰਪੁਰਬ, ਖਾਲਸੇ ਦਾ ਸਿਰਜਣਾ ਦਿਹਾੜਾ ਵੈਸਾਖੀ ਤੇ ਸਾਲਾਨਾ ਜੋੜ ਮੇਲਾ ੧੪-੧੫-੧੬ ਪੋਹ (ਦਸੰਬਰ ਦੇ ਆਖ਼ਰੀ ਹਫਤੇ) ਧੂਮ-ਧਾਮ ਨਾਲ ਮਨਾਏ ਜਾਂਦੇ ਹਨ। ਹਰ ਐਤਵਾਰ ਵੀ ਗੁਰਮਤਿ ਸਮਾਗਮ ਹੁੰਦੇ ਹਨ। ਯਾਤਰੂਆਂ ਦੀ ਰਿਹਾਇਸ਼, ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਸੁਚੱਜਾ ਪ੍ਰਬੰਧ ਹੈ। ਰਿਹਾਇਸ਼ ਵਾਸਤੇ ਕਲਗੀਧਰ ਨਿਵਾਸ ਦੇ ੨੪ ਕਮਰੇ ਹਨ। ਗੁਰਮਤਿ ਵਿਚਾਰਧਾਰਾ ਦੇ ਪ੍ਰਚਾਰ-ਪ੍ਰਸਾਰ ਲਈ ਕਲਗੀਧਰ ਲਾਇਬ੍ਰੇਰੀ ਤੇ ਗੁਰਮਤਿ ਲਿਟਰੇਚਰ ਹਾਊਸ ਵੀ ਹੈ। ਯਾਤਰੂਆਂ ਦੇ ਦਵਾ-ਦਾਰੂ ਲਈ ਗੁਰੂ ਅਮਰਦਾਸ ਫ਼ਰੀ ਡਿਸਪੈਂਸਰੀ ਵੀ ਚੱਲ ਰਹੀ ਹੈ।

ਵਧੇਰੇ ਜਾਣਕਾਰੀ ਲਈ ੦੧੬੧-੮੧੧੨੦੩, ੮੧੧੧੬੯ ਫੋਨ ਨੰਬਰਾਂ ਦੀ ਸਹੂਲਤ ਹੈ।

# ਗੁਰਦੁਆਰਾ ਟਾਹਲੀਆਣਾ ਸਾਹਿਬ, ਪਾਤਸ਼ਾਹੀ ਦਸਵੀਂ, ਰਾਏ ਕੋਟ

## (ਲੁਧਿਆਣਾ) ਪੰਜਾਬ

ਗੁਰਦੁਆਰਾ ਟਾਹਲੀਆਣਾ ਸਾਹਿਬ, ਪਾਤਸ਼ਾਹੀ ਦਸਵੀਂ, ਰਾਏ ਕੋਟ, ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਚਰਨ-ਛੋਹ ਦੀ ਅਮਰ ਯਾਦਗਾਰ ਵਜੋਂ ਸ਼ੋਭਨੀਕ ਹੈ । ਰਾਏ ਕੋਟ ਦਾ ਸਰਦਾਰ, ਤਿਹਾੜੇ ਇਲਾਕੇ ਦਾ ਰਾਜਾ, ਰਾਏ ਕਲ੍ਹਾ (ਕਲ੍ਹਾ ਰਾਯ) ਗੁਰੂ ਗੋਬਿੰਦ ਸਿੰਘ ਜੀ ਦਾ ਕਦਰਦਾਨ ਪ੍ਰੇਮੀ ਸੇਵਕ ਸੀ । ਜਨਵਰੀ, ੧੭੦੫ ਈ: ਵਿਚ ਗੁਰੂ ਜੀ ਰਾਏ ਕਲ੍ਹੇ ਪਾਸ ਕੁਝ ਸਮੇਂ ਵਾਸਤੇ ਠਹਿਰੇ । ਰਾਏ ਕਲ੍ਹੇ ਨੇ ਆਪਣੇ ਚਰਵਾਹੇ ਨੂਰੇ ਮਾਹੀ ਨੂੰ ਸਰਹਿੰਦ ਭੇਜ ਕੇ, ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੇ ਸ਼ਹੀਦ ਹੋਣ ਬਾਰੇ ਖ਼ਬਰ ਮੰਗਵਾਈ ਤੇ ਇਹ ਖ਼ਬਰ ਗੁਰਦੇਵ ਪਿਤਾ ਨੂੰ ਦਿੱਤੀ । ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਦੀ ਸ਼ਹਾਦਤ ਦੀ ਖ਼ਬਰ ਸੁਣਦਿਆਂ, ਗੁਰੂ ਜੀ ਨੇ ਅਕਾਲ ਪੁਰਖ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ, ਜ਼ੁਲਮੀ ਮੁਗ਼ਲ ਰਾਜ ਦੇ ਖ਼ਾਤਮੇ ਦੇ ਬਚਨ ਸੁਭਾਵਿਕ ਕਹੇ-ਜੋ ਪੂਰੇ ਹੋਏ । ਰਾਏ ਕਲ੍ਹੇ ਨੇ ਭੈ-ਭਾਵਨੀ ਨਾਲ ਗੁਰੂ ਜੀ ਦੀ ਟਹਿਲ-ਸੇਵਾ ਕੀਤੀ। ਗੁਰੂ ਜੀ ਨੇ ਰਾਏ ਕਲ੍ਹੇ 'ਤੇ ਬਖਸ਼ਿਸ਼ ਕਰਦਿਆਂ, ਇਕ ਕ੍ਰਿਪਾਨ ਬਖਸ਼ਿਸ਼ ਕੀਤੀ ।



ਗੁਰੂ ਜੀ ਜਿਸ ਟਾਹਲੀ ਦੇ ਦਰੱਖ਼ਤ ਹੇਠ ਬਿਰਾਜਮਾਨ ਹੋਏ, ਉਹ ਧਰਤ ਸੁਹਾਵੀ ਪੂਜਣ ਯੋਗ ਹੋ ਗਈ । ਗੁਰੂ ਜੀ ਦੀ ਆਮਦ ਦੀ ਯਾਦ ਵਿਚ ਆਲੀਸ਼ਾਨ ਗੁਰਦੁਆਰਾ ਟਾਹਲੀਆਣਾ ਸਾਹਿਬ ਸੁਭਾਇਮਾਨ ਹੈ । ਯਾਦਗਾਰੀ ਗੁਰੂ-ਦਰਬਾਰ ਦੀ ਸੇਵਾ ਪਹਿਲਾਂ ਸੰਤ ਮੱਘਰ ਸਿੰਘ ਜੀ ਨੇ ਸੰਗਤਾਂ ਦੇ ਸਹਿਯੋਗ ਨਾਲ ਕਰਵਾਈ । ਗੁਰਦੁਆਰਾ ਸਾਹਿਬ ਦੀ ਪੁਰਾਤਨ ਇਮਾਰਤ ਅਤਿ ਸੁੰਦਰ ਹੈ ।

ਇਹ ਪਾਵਨ ਪਵਿੱਤਰ ਅਸਥਾਨ ਰਾਏ ਕੋਟ (ਜ਼ਿਲ੍ਹਾ ਲੁਧਿਆਣਾ) ਵਿਚ, ਲੁਧਿਆਣਾ ਸ਼ਹਿਰ ਤੋਂ ੪੦ ਕਿਲੋਮੀਟਰ ਦੂਰ, ਲੁਧਿਆਣਾ-ਬਰਨਾਲਾ ਸੜਕ 'ਤੇ ਸਥਿਤ ਹੈ । ਬੱਸ ਸਟੈਂਡ ਰਾਏਕੋਟ ਤੋਂ ਕੇਵਲ ੦.੫ (ਅੱਧਾ) ਕਿਲੋਮੀਟਰ ਦੀ ਦੂਰੀ 'ਤੇ ਹੈ ।

ਇਸ ਪਾਵਨ ਅਸਥਾਨ 'ਤੇ ਪਹਿਲੀ, ਪੰਜਵੀਂ ਤੇ ਦਸਵੀਂ ਪਾਤਸ਼ਾਹੀ ਦੇ ਆਗਮਨ ਗੁਰਪੁਰਬ 'ਤੇ ੧੯-੨੦-੨੧ ਪੋਹ ਨੂੰ ਸਾਲਾਨਾ ਜੋੜ ਮੇਲਾ ਵੱਡੀ ਪੱਧਰ 'ਤੇ ਮਨਾਇਆ ਜਾਂਦਾ ਹੈ । ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਤੇ ਰਿਹਾਇਸ਼ ਦਾ ਸੁਚੱਜਾ ਪ੍ਰਬੰਧ ਹੈ। ਰਿਹਾਇਸ਼ ਵਾਸਤੇ ੫ ਕਮਰੇ ਹਨ ।

ਵਧੇਰੇ ਜਾਣਕਾਰੀ ੦੧੬੨੪-੬੪੦੬੩ ਫੋਨ ਨੰਬਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ

# ਗੁਰਦੁਆਰਾ ਪਾਤਸ਼ਾਹੀ ਦਸਵੀਂ, ਹੇਰਾਂ

(ਲੁਧਿਆਣਾ) ਪੰਜਾਬ

ਦਸਮੇਸ਼ ਪਿਤਾ, ਗੁਰੂ ਗੋਬਿੰਦ ਸਿੰਘ ਜੀ ਦੀ ਚਰਨ-ਛੋਹ ਪ੍ਰਾਪਤ ਧਰਤ ਸੁਹਾਵੀ 'ਤੇ ਸਸ਼ੋਭਿਤ ਹੈ, 'ਗੁਰਦੁਆਰਾ ਪਾਤਸ਼ਾਹੀ ਦਸਵੀਂ, ਹੇਰਾਂ। ਗੁਰੂ-ਘਰ ਦਾ ਪ੍ਰੀਤਵਾਨ, ਉਦਾਸੀ ਮਹੰਤ ਕ੍ਰਿਪਾਲ ਦਾਸ ਇਸ ਪਿੰਡ ਦਾ ਰਹਿਣ ਵਾਲਾ ਸੀ, ਜਿਸ ਨੇ ਭੰਗਾਣੀ ਦੇ ਯੁੱਧ ਵਿਚ ਗੁਰਦੇਵ ਦਾ ਸਾਥ ਦਿੱਤਾ ਸੀ। ਗੁਰੂ ਗੋਬਿੰਦ ਸਿੰਘ ਜੀ, ਦਸੰਬਰ, ੧੭੦੫ ਈ. ਵਿਚ ਸੀਲੋਆਣੀ ਤੋਂ ਹੁੰਦੇ ਹੋਏ, ਇਸ ਪਿੰਡ ਵਿਚ ਆਏ ਅਤੇ ਆਪਣੇ ਸੇਵਕ ਪਰਿਵਾਰ ਪਾਸ ਇਕ ਰਾਤ ਗੁਜ਼ਾਰੀ।





ਗੁਰਦੁਆਰਾ ਪਾਤਸ਼ਾਹੀ ਦਸਵੀਂ, ਹੇਰਾਂ ਦੇ ਵੱਖ-ਵੱਖ ਦ੍ਰਿਸ਼

ਪ੍ਰੇਮੀ ਗੁਰਸਿੱਖਾਂ ਨੇ ਗੁਰੂ ਜੀ ਦੀ ਆਮਦ ਦੀ ਯਾਦ ਵਿਚ ਯਾਦਗਾਰੀ ਅਸਥਾਨ ਦੀ ਉਸਾਰੀ ਕਰਵਾਈ ਜੋ ਸਿੱਖ ਧਰਮਸ਼ਾਲਾ ਵਜੋਂ ਜਾਣੀ ਜਾਂਦੀ ਰਹੀ। ਇਸ ਧਰਮਸ਼ਾਲਾ ਦਾ ਪ੍ਰਬੰਧ ਮਹੰਤ ਕ੍ਰਿਪਾਲ ਦਾਸ ਉਦਾਸੀ ਦੇ ਪਰਿਵਾਰ ਪਾਸ ਹੀ ਰਿਹਾ। ਸਿੱਖ ਰਾਜ-ਕਾਲ ਦੌਰਾਨ ਇਸ ਧਰਮਸ਼ਾਲਾ ਨੂੰ ਕੁਝ ਜ਼ਮੀਨ ਜਗੀਰ ਦੇ ਰੂਪ ਵਿਚ ਦਿੱਤੀ ਗਈ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਸਮੇਂ ਇਸ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਪਾਸ ਆਇਆ। ੧੫ ਜੂਨ, ੧੯੫੧ ਨੂੰ ਪੁਰਾਣੀ ਇਮਾਰਤ ਦੀ ਥਾਂ 'ਤੇ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦਾ ਨਿਰਮਾਣ ਕਾਰਜ ਆਰੰਭਿਆ ਗਿਆ। ਹੁਣ ਗੁਰਦੁਆਰਾ ਸਾਹਿਬ ਦੀ ਸੁੰਦਰ ਇਮਾਰਤ ਦੂਰੋਂ ਹੀ ਦਿਖਾਈ ਦਿੰਦੀ ਹੈ।

ਕਿਹਾ ਜਾਂਦਾ ਹੈ ਕਿ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਵੀ ਮਾਲਵਾ ਪ੍ਰਚਾਰ ਫੇਰੀ ਸਮੇਂ ਇਸ ਪਿੰਡ ਵਿਚ ਭਾਈ ਹਮੀਰੇ ਦੀ ਬੇਨਤੀ ਪ੍ਰਵਾਨ ਕਰਦੇ ਹੋਏ ਆਏ ਸਨ।

ਗੁਰਦੁਆਰਾ ਪਾਤਸ਼ਾਹੀ ਦਸਵੀਂ, ਹੇਰਾਂ ਵਿਖੇ ਗੁਰੂ ਨਾਨਕ ਸਾਹਿਬ, ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਅਤੇ ਸਾਲਾਨਾ ਜੋੜ ਮੇਲਾ ਵਿਸ਼ੇਸ਼ ਰੂਪ ਵਿਚ ਮਨਾਇਆ ਜਾਂਦਾ ਹੈ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਵਧੀਆ ਪ੍ਰਬੰਧ ਹੈ। ਰਿਹਾਇਸ਼ ਵਾਸਤੇ ਵੀ ਕੁਝ ਕਮਰੇ ਬਣੇ ਹੋਏ ਹਨ। ਇਸ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲੋਕਲ ਕਮੇਟੀ ਰਾਹੀਂ ਕਰਦੀ ਹੈ।

ਇਹ ਅਸਥਾਨ ਪਿੰਡ ਹੇਰਾਂ, ਤਹਿਸੀਲ ਰਾਏਕੋਟ, ਜ਼ਿਲ੍ਹਾ ਲੁਧਿਆਣਾ ਵਿਚ, ਲੁਧਿਆਣਾ ਰੇਲਵੇ ਸਟੇਸ਼ਨ ਤੋਂ ੨੫ ਕਿਲੋਮੀਟਰ ਅਤੇ ਰਾਏਕੋਟ ਤੋਂ ੧੫ ਕਿਲੋਮੀਟਰ ਦੀ ਦੂਰੀ 'ਤੇ ਲੁਧਿਆਣਾ-ਰਾਏਕੋਟ ਸੜਕ 'ਤੇ ਸਥਿਤ ਹੈ।

ਵਧੇਰੇ ਜਾਣਕਾਰੀ ੦੧੬੨੪-੩੩੨੦੦ ਫੋਨ ਨੰਬਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਛੇਵੀਂ, ਕੋਟਾਂ

(ਲੁਧਿਆਣਾ) ਪੰਜਾਬ



ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਛੇਵੀਂ, ਕੋਟਾਂ



ਦਰਸ਼ਨੀ ਡਿਊੜੀ, ਗੁਰਦੁਆਰਾ ਮੰਜੀ ਸਾਹਿਬ ਕੋਟਾਂ

ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਛੇਵੀਂ, ਕੋਟਾਂ (ਲੁਧਿਆਣਾ) ਜਿਵੇਂ ਕਿ ਨਾਂ ਤੋਂ ਹੀ ਸਪੱਸ਼ਟ ਹੈ, ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਅਮਰ ਯਾਦਗਾਰ ਵਜੋਂ ਸ਼ੋਭਨੀਕ ਹੈ। ਰਵਾਇਤ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ ਤੋਂ ਰਿਹਾਅ ਹੋ ਕੇ ਜਦ ਸ੍ਰੀ ਅੰਮ੍ਰਿਤਸਰ ਨੂੰ ਜਾ ਰਹੇ ਸਨ ਤਾਂ ਕੁਝ ਸਮੇਂ ਵਾਸਤੇ ਇਸ ਜਗ੍ਹਾ 'ਤੇ ਰੁਕੇ ਸਨ। ਪ੍ਰੇਮੀ ਗੁਰਸਿੱਖਾਂ ਨੇ ਯਾਦਗਾਰ ਵਜੋਂ ਗੁਰਦੁਆਰੇ ਦੀ ਇਮਾਰਤ ਦਾ ਨਿਰਮਾਣ ਕਰਵਾਇਆ। ਗੁਰੂ ਸਾਹਿਬ ਦੇ ਨਿਵਾਸ ਅਸਥਾਨ ਨੂੰ 'ਮੰਜੀ ਸਾਹਿਬ' ਦਾ ਨਾਮ ਦਿੱਤਾ ਗਿਆ। ਆਧੁਨਿਕ ਆਲੀਸ਼ਾਨ ਇਮਾਰਤ ਦਾ ਨਿਰਮਾਣ ਕਾਰਜ ੧੪ ਅਗਸਤ, ੧੯੫੩ ਨੂੰ ਆਰੰਭ ਹੋਇਆ। ਗੁਰਦੁਆਰਾ ਸਾਹਿਬ ਦੀ ਜੀ.ਟੀ.ਰੋਡ 'ਤੇ ਸਥਿਤ ਬਹੁ-ਮੰਜ਼ਲੀ ਦਰਸ਼ਨੀ ਡਿਉੜੀ 'ਤੇ ਝੂਲਦਾ ਕੇਸਰੀ ਪਰਚਮ ਦੂਰ-੨ ਤੋਂ ਦਿਖਾਈ ਦਿੰਦਾ ਹੈ। ਗੁਰਦੁਆਰਾ ਮੰਜੀ ਸਾਹਿਬ ਕੋਟਾਂ ਦਾ ਪ੍ਰਬੰਧ ਪਹਿਲਾਂ ਕੋਟਾਂ ਪਿੰਡ ਦੀ ਲੋਕਲ ਕਮੇਟੀ ਪਾਸ ਸੀ, ਹੁਣ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਪਾਸ ਹੈ। ਆਦਿ ਗੁਰੂ, ਗੁਰੂ ਨਾਨਕ ਦੇਵ ਜੀ, ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਤੇ ਸਾਲਾਨਾ ਜੋੜ ਮੇਲੇ ੧੨-੧੩-੧੪ ਅਗਸਤ ਨੂੰ ਵੱਡੀ ਪੱਧਰ 'ਤੇ ਮਨਾਏ ਜਾਂਦੇ ਹਨ। ਹਜ਼ਾਰਾਂ ਸ਼ਰਧਾਲੂ ਰੋਜ਼ਾਨਾ ਸ਼ਰਧਾ-ਸਤਿਕਾਰ ਭੇਟ ਕਰਨ ਆਉਂਦੇ ਹਨ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਤੇ ਰਿਹਾਇਸ਼ ਦਾ ਬਹੁਤ ਸੁਚੱਜਾ ਪ੍ਰਬੰਧ ਹੈ। ਰਿਹਾਇਸ਼ ਵਾਸਤੇ ੧੫ ਕਮਰੇ ੩ ਗੈਸਟ ਹਾਊਸ ਤੇ ਹਾਲ ਕਮਰੇ ਬਣੇ ਹੋਏ ਹਨ।

ਇਹ ਇਤਿਹਾਸਕ ਅਸਥਾਨ ਦੋਰਾਹਾ ਤੋਂ ੬ ਕਿਲੋਮੀਟਰ, ਖੰਨੇ ਤੋਂ ੧੪ ਕਿਲੋਮੀਟਰ ਦੀ ਦੂਰੀ 'ਤੇ ਲੁਧਿਆਣਾ-ਦਿੱਲੀ ਜਰਨੈਲੀ ਸੜਕ 'ਤੇ ਪਿੰਡ ਕੋਟਾਂ ਦੇ ਨਜ਼ਦੀਕ ਸ਼ੋਭਨੀਕ ਹੈ। ਵਧੇਰੇ ਜਾਣਕਾਰੀ ੧੬੨੮-੮੫੨੧੧ ਫੋਨ ਨੰਬਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਗੁਰਦੁਆਰਾ ਗੁਰੂ-ਸਰ, ਕਾਉਂਕੇ

(ਲੁਧਿਆਣਾ) ਪੰਜਾਬ

ਗੁਰਦੁਆਰਾ 'ਗੁਰੂ-ਸਰ' ਕਾਉਂਕੇ (ਲੁਧਿਆਣਾ) ਮੀਰੀ-ਪੀਰੀ ਦੇ ਮਾਲਕ, ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਯਾਦ ਵਿਚ ਸੁਭਾਇਮਾਨ ਹੈ। ਡਰੋਲੀ ਭਾਈ ਵਿਖੇ ਸਤਿਗੁਰਾਂ ਦੇ ਪ੍ਰੇਮੀ ਗੁਰਸਿੱਖ ਤੇ ਰਿਸ਼ਤੇਦਾਰ, ਭਾਈ ਸਾਂਈਂ ਦਾਸ ਜੀ ਰਹਿੰਦੇ ਸਨ, ਜਿਨ੍ਹਾਂ ਨੇ ਆਪਣੇ ਨਿਵਾਸ ਲਈ ਨਵੇਂ ਮਕਾਨ ਦਾ ਨਿਰਮਾਣ ਕਰਵਾਇਆ। ਉਨ੍ਹਾਂ ਦੀ ਦਿਲੀ ਇੱਛਾ ਸੀ ਕਿ ਸਭ ਤੋਂ ਪਹਿਲਾਂ ਗੁਰੂ ਹਰਿਗੋਬਿੰਦ ਸਾਹਿਬ ਨਵੇਂ ਮਕਾਨ ਵਿਚ ਚਰਨ ਪਾਉਣ। ਮਾਲਵੇ ਦੀ ਪ੍ਰਚਾਰ ਫੇਰੀ ਦੌਰਾਨ ਸਤਿਗੁਰੂ ਜੀ ਨੇ ਸਿਧਵਾਂ ਤੋਂ ਡਰੋਲੀ ਭਾਈ ਨੂੰ ਜਾਣ ਸਮੇਂ ੧੬੧੩ ਈਸਵੀ ਨੂੰ ਕਾਉਂਕੇ ਪਿੰਡ ਦੇ ਨਜ਼ਦੀਕ ਕੁਝ ਦਿਨਾਂ ਲਈ ਨਿਵਾਸ ਕਰ ਲੋਕਾਈ ਨੂੰ ਅਕਾਲ ਪੁਰਖ ਨਾਲ ਜੋੜਿਆ।

ਸਤਿਗੁਰਾਂ ਦੇ ਨਿਵਾਸ ਸਥਾਨ 'ਤੇ ਗੁਰੂ-ਘਰ ਦੇ ਪ੍ਰੀਤਵਾਨਾਂ ਨੇ ਯਾਦਗਾਰੀ ਗੁਰਦੁਆਰੇ ਦਾ ਨਿਰਮਾਣ ਕਰਵਾਇਆ ਜੋ 'ਗੁਰੂ-ਸਰ' ਦੇ ਨਾਮ ਨਾਲ ਪ੍ਰਸਿੱਧ ਹੋਇਆ। ੧੯੫੫ ਈ: ਵਿਚ ਗੁਰਦੁਆਰਾ ਸਾਹਿਬ ਦੀ ਇਮਾਰਤ ਦਾ ਵਿਸਥਾਰ ਤੇ ਸਰੋਵਰ ਨੂੰ ਪੱਕਿਆਂ ਕੀਤਾ ਗਿਆ। ਇਸ ਇਤਿਹਾਸਕ ਅਸਥਾਨ



ਦਾ ਪ੍ਰਬੰਧ ਪਹਿਲਾਂ ਨਿਹੰਗ ਸਿੰਘ ਕਰਦੇ ਸਨ। ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਲੋਕਲ ਕਮੇਟੀ ਦੀ ਸਹਾਇਤਾ ਨਾਲ ਪ੍ਰਬੰਧ ਨੂੰ ਚਲਾਉਂਦੀ ਹੈ। ਇਸ ਅਸਥਾਨ 'ਤੇ ਗੁਰੂ ਹਰਿਗੋਬਿੰਦ ਸਾਹਿਬ ਦਾ ਪ੍ਰਕਾਸ਼ ਗੁਰਪੁਰਬ, ਪੰਚਮ ਪਾਤਸ਼ਾਹ ਦਾ ਸ਼ਹੀਦੀ ਜੋੜ ਮੇਲਾ, ਵੈਸਾਖੀ ਤੇ ਮੇਲਾ ਮਾਘੀ ਵੱਡੀ ਪੱਧਰ 'ਤੇ ਮਨਾਏ ਜਾਂਦੇ ਹਨ। ਯਾਤਰੂਆਂ ਦੀ ਰਿਹਾਇਸ਼ ਤੇ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਪ੍ਰਬੰਧ ਵਧੀਆ ਹੈ।

'ਗੁਰੂ-ਸਰ' ਕਾਉਂਕੇ ਤਹਿਸੀਲ ਜਗਰਾਉਂ, ਜ਼ਿਲ੍ਹਾ ਲੁਧਿਆਣਾ ਵਿਚ ਮੋਗਾ-ਲੁਧਿਆਣਾ ਰੋਡ 'ਤੇ ਨਾਨਕਸਰ ਤੋਂ ਦੋ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ।

# ਗੁਰਦੁਆਰਾ ਚੋਲਾ ਸਾਹਿਬ, ਘੁਢਾਣੀ ਕਲਾਂ

(ਲੁਧਿਆਣਾ) ਪੰਜਾਬ

ਘੁਢਾਣੀ ਕਲਾਂ, ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ-ਛੋਹ ਪ੍ਰਾਪਤ ਦੋ ਗੁਰਦੁਆਰੇ ਸੁਭਾਇਮਾਨ ਹਨ- ਗੁਰਦੁਆਰਾ ਚੋਲਾ ਸਾਹਿਬ ਤੇ ਗੁਰਦੁਆਰਾ ਨਿੰਮਸਰ । ਮੀਰੀ-ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਆਪਣੇ ਪ੍ਰੇਮੀ ਗੁਰਸਿੱਖ ਤੇ ਖੇਤਰੀ ਪ੍ਰਚਾਰਕ ਭਾਈ ਸੂਰਤੀਏ ਨੂੰ ਹੋਲੀਆਂ ਦੇ ਆਖਰੀ ਦਿਨ ੨੧ ਫਰਵਰੀ, ੧੬੩੨ ਈ: ਵਿਚ ਮਿਲਣ ਆਏ। ਕਿਹਾ ਜਾਂਦਾ ਹੈ ਕਿ ਗੁਰੂ ਜੀ ਨੇ ਭਾਈ ਸੂਰਤੀਏ ਦੇ ਘਰ ੪੫ ਦਿਨ ਨਿਵਾਸ ਕਰ, ਇਲਾਕੇ ਵਿਚ ਨਾਮ-ਬਾਣੀ ਦਾ ਪ੍ਰਵਾਹ ਚਲਾਇਆ। ਭਾਈ ਸੂਰਤੀਏ ਦੀ ਟਹਿਲ-ਸੇਵਾ, ਸਿੱਖੀ ਸ਼ਰਧਾ-ਭਾਵਨਾ ਤੋਂ ਖੁਸ਼ ਹੋ ਕੇ ਗੁਰੂ ਜੀ ਨੇ ਉਸ ਨੂੰ ਇਤਿਹਾਸਕ ੫੨ ਕਲੀਆਂ ਵਾਲਾ ਚੋਲਾ ਤੇ ਗੁਰਬਾਣੀ ਦੀ ਪਾਵਨ ਪੋਥੀ ਯਾਦ ਵਜੋਂ ਬਖਸ਼ਿਸ਼ ਕੀਤੇ, ਜੋ ਅੱਜ ਵੀ ਪ੍ਰੇਮੀ ਗੁਰਸਿੱਖਾਂ ਦੇ ਦਰਸ਼ਨਾਂ ਵਾਸਤੇ ਸੰਭਾਲੇ ਹੋਏ ਹਨ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਗੁਰਸਿੱਖਾਂ ਵੱਲੋਂ ਯਾਦਗਾਰੀ ਗੁਰਦੁਆਰੇ ਕਾਇਮ ਕੀਤੇ ਗਏ। ਕੁਝ ਸਮਾਂ ਇਨ੍ਹਾਂ ਗੁਰਦੁਆਰਿਆਂ 'ਤੇ ਰਾਮਰਾਈਏ ਗੁਰੂ-ਨਿੰਦਕ ਮਸੰਦਾਂ ਦਾ ਵੀ ਕਬਜ਼ਾ ਰਿਹਾ। ਸਿੱਖ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਨੇ ੧੭੧੦ ਈ: ਵਿਚ ਘੁਢਾਣੀ ਕਲਾਂ 'ਤੇ ਹਮਲਾ ਕਰਕੇ ਫਤਹਿ ਹਾਸਲ ਕੀਤੀ ਤੇ ਗੁਰੂ-ਅਸਥਾਨਾਂ ਦੀ ਸੇਵਾ-ਸੰਭਾਲ ਭਾਈ ਬਲਾਕਾ ਸਿੰਘ ਨੂੰ ਸੌਂਪੀ। ੧੯੫੮ ਈ: ਵਿਚ ਗੁਰਦੁਆਰੇ ਦੀ ਇਮਾਰਤ ਦਾ ਵਿਸਥਾਰ ਕੀਤਾ ਗਿਆ। ਇਨ੍ਹਾਂ ਇਤਿਹਾਸਕ ਅਸਥਾਨਾਂ ਦਾ ਪ੍ਰਬੰਧ ਲੋਕਲ ਕਮੇਟੀ ਰਾਹੀਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਪਾਸ ਹੈ।



ਇਤਿਹਾਸਕ ੫੨ ਕਲੀਆਂ ਵਾਲਾ ਚੋਲਾ



ਗੁਰਦੁਆਰਾ ਚੋਲਾ ਸਾਹਿਬ

ਇਸ ਇਤਿਹਾਸਕ ਅਸਥਾਨ 'ਤੇ ਪਹਿਲੀ-ਛੇਵੀਂ ਤੇ ਦਸਵੀਂ ਪਾਤਸ਼ਾਹੀ ਦੇ ਪ੍ਰਕਾਸ਼ ਗੁਰਪੁਰਬ ਅਤੇ ਗੁਰੂ ਜੀ ਦੀ ਆਮਦ ਦੀ ਯਾਦ ਵਿਚ ਹੋਲਾ-ਮਹੱਲਾ ਵਿਸ਼ੇਸ਼ ਰੂਪ ਵਿਚ ਮਨਾਏ ਜਾਂਦੇ ਹਨ, ਆਏ ਯਾਤਰੂਆਂ ਦੀ ਰਿਹਾਇਸ਼, ਟਹਿਲ-ਸੇਵਾ ਦਾ ਸੁਚੱਜਾ ਪ੍ਰਬੰਧ ਹੈ।

ਪਿੰਡ ਘੁਢਾਣੀ ਕਲਾਂ, ਤਹਿਸੀਲ ਪਾਇਲ, ਜ਼ਿਲ੍ਹਾ ਲੁਧਿਆਣਾ ਵਿਚ ਖੰਨਾ ਤੋਂ ਅਹਿਮਦਗੜ੍ਹ ਰੋਡ 'ਤੇ ਲੁਧਿਆਣਾ ਰੇਲਵੇ ਸਟੇਸ਼ਨ ਤੋਂ ੩੫ ਕਿਲੋਮੀਟਰ ਅਤੇ ਦੋਰਾਹਾ ਰੇਲਵੇ ਸਟੇਸ਼ਨ ਤੋਂ ੧੧ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ।

# ਗੁਰਦੁਆਰਾ ਦਮਦਮਾ ਸਾਹਿਬ, ਸ੍ਰੀ ਹਰਿਗੋਬਿੰਦਪੁਰ

(ਗੁਰਦਾਸਪੁਰ) ਪੰਜਾਬ

ਦਰਿਆ ਬਿਆਸ ਦੇ ਕਿਨਾਰੇ, ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਮਤ, ੧੬੪੪ ਬਿ: (੧੫੮੭ ਈ:) ਨੂੰ ਨਵਾਂ ਨਗਰ ਵਸਾਇਆ ਤੇ ਨਾਮ ਗੋਬਿੰਦਪੁਰ ਰੱਖਿਆ । ਛੇਵੇਂ ਪਾਤਸ਼ਾਹ, ਗੁਰੂ ਹਰਿਗੋਬਿੰਦ ਸਾਹਿਬ ਧਰਮ ਪ੍ਰਚਾਰ ਕਰਦੇ ਹੋਏ ਸੰ: ੧੬੮੭ ਬਿ: ਨੂੰ ਗਰਨਾ ਸਾਹਿਬ ਦੇ ਸਥਾਨ ਤੋਂ ਇਥੇ ਆਏ। ਗੁਰੂ ਹਰਿਗੋਬਿੰਦ ਸਾਹਿਬ ਦੀ ਆਮਦ ਕਰਕੇ ਨਗਰ ਦਾ ਨਾਮ 'ਹਰਿਗੋਬਿੰਦਪੁਰ' ਪ੍ਰਸਿੱਧ ਹੋਇਆ। ਇਸ ਇਲਾਕੇ ਦੇ ਹਾਕਮ (ਸ਼ਾਹੀ ਮਾਲ ਗੁਜ਼ਾਰ) ਭਗਵਾਨ ਦਾਸ ਘੇਰੜ ਨੇ ਜਾਤੀ ਹਉਮੈ ਕਰਕੇ ਗੁਰੂ ਜੀ ਨਾਲ ਝਗੜਾ ਸ਼ੁਰੂ ਕਰ ਦਿੱਤਾ ਤੇ ਆਪਣੀ ਮਦਦ ਲਈ ਜਲੰਧਰ ਦੇ ਫ਼ੌਜਦਾਰ ਨੂੰ ਬੁਲਾਇਆ। ਗੁਰਦੁਆਰਾ ਦਮਦਮਾ ਸਾਹਿਬ ਦੇ ਅਸਥਾਨ 'ਤੇ ਜਲੰਧਰ ਦੇ ਫ਼ੌਜਦਾਰ ਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਯੋਧਿਆਂ ਦਰਮਿਆਨ ਜੰਗ ਹੋਇਆ। ਫਤਹਿ ਗੁਰੂ ਜੀ ਨੂੰ ਪ੍ਰਾਪਤ ਹੋਈ।



ਯੁੱਧ ਅਸਥਾਨ 'ਤੇ ਪ੍ਰੇਮੀ ਗੁਰਸਿੱਖਾਂ ਨੇ ਯਾਦਗਾਰ ਵਜੋਂ ਗੁਰਦੁਆਰੇ ਦੀ ਉਸਾਰੀ ਕਰਵਾਈ। ਗੁਰਦੁਆਰਾ ਸਾਹਿਬ ਦੇ ਅਸਥਾਨ 'ਤੇ ਬਹੁ-ਮੰਜ਼ਲੀ ਇਮਾਰਤ ਦੀ ਉਸਾਰੀ ਹੋ ਰਹੀ ਹੈ, ਨਾਲ ਸਰੋਵਰ ਵੀ ਬਣਿਆ ਹੋਇਆ ਹੈ।

ਇਸ ਅਸਥਾਨ ਦਾ ਪ੍ਰਬੰਧ ਲੋਕਲ ਕਮੇਟੀ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ, ਹੁਣ ਸੇਵਾ-ਸੰਭਾਲ ਨਿਹੰਗ ਸਿੰਘ ਕਰ ਰਹੇ ਹਨ। ਨਗਰ ਹਰਿਗੋਬਿੰਦਪੁਰ ਵਿਚ ਗੁਰੂ ਅਰਜਨ ਦੇਵ ਜੀ ਦੇ ਨਿਵਾਸ ਅਸਥਾਨ 'ਤੇ ਗੁਰਦੁਆਰਾ 'ਗੁਰੂ ਕੇ ਮਹਿਲ' ਦੇਖਣ ਯੋਗ ਹੈ। ਇਸ ਇਤਿਹਾਸਕ ਅਸਥਾਨ 'ਤੇ ਪਹਿਲੀ ਪਾਤਸ਼ਾਹੀ ਤੇ ਛੇਵੀਂ ਪਾਤਸ਼ਾਹੀ ਦੇ ਪ੍ਰਕਾਸ਼ ਗੁਰਪੁਰਬ ਅਤੇ ਖਾਲਸੇ ਦਾ ਸਾਜਣਾ ਦਿਹਾੜਾ ਵੈਸਾਖੀ ਵਿਸ਼ੇਸ਼ ਰੂਪ ਵਿਚ ਮਨਾਏ ਜਾਂਦੇ ਹਨ।

ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਪ੍ਰਬੰਧ ਵਧੀਆ ਹੈ। ਰਿਹਾਇਸ਼ ਵਾਸਤੇ ੧੦ ਕਮਰੇ ਬਣੇ ਹੋਏ ਹਨ। ਇਹ ਅਸਥਾਨ ਇਤਿਹਾਸਕ ਨਗਰ ਸ੍ਰੀ ਹਰਿਗੋਬਿੰਦਪੁਰ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਵਿਚ ਬਟਾਲਾ ਤੋਂ ੨੭ ਕਿਲੋਮੀਟਰ ਦੀ ਦੂਰੀ 'ਤੇ ਮਹਿਤਾ-ਹਰਿਗੋਬਿੰਦਪੁਰ ਰੋਡ 'ਤੇ ਸਥਿਤ ਹੈ। ਸੜਕੀ ਮਾਰਗ ਰਾਹੀਂ ਗੁਰਦਾਸਪੁਰ, ਬਟਾਲਾ-ਮਹਿਤਾ ਨਾਲ ਜੁੜਿਆ ਹੋਇਆ ਹੈ।

# ਗੁਰਦੁਆਰਾ 'ਅਚਲ ਸਾਹਿਬ' ਬਟਾਲਾ

(ਗੁਰਦਾਸਪੁਰ) ਪੰਜਾਬ

ਗੁਰਦੁਆਰਾ ਅਚਲ ਸਾਹਿਬ ਆਦਿ ਗੁਰੂ, ਗੁਰੂ ਨਾਨਕ ਦੇਵ ਜੀ ਦੀ ਆਮਦ ਦੀ ਅਮਰ ਯਾਦਗਾਰ ਵਜੋਂ ਸੁਭਾਇਮਾਨ ਹੈ। ਮੁਗਲ ਕਾਲ ਵਿਚ 'ਅਚਲ' ਨਾਥ-ਪੰਥੀਆਂ ਜੋਗੀਆਂ ਦਾ ਪ੍ਰਮੁੱਖ ਕੇਂਦਰ ਸੀ, ਜਿਨ੍ਹਾਂ ਦਾ ਮੁਖੀ ਜੋਗੀ ਭੰਗਰਨਾਥ ਸੀ। ਇਸ ਅਸਥਾਨ 'ਤੇ ਪੁਰਾਤਨ ਸ਼ਿਵ ਮੰਦਰ ਹੋਣ ਕਰਕੇ 'ਸ਼ਿਵਰਾਤਰੀ' 'ਤੇ ਬਹੁਤ ਭਾਰੀ ਮੇਲਾ ਲੱਗਦਾ ਸੀ। ਸੰਮਤ ੧੫੮੬ ਬਿਕ੍ਰਮੀ (੧੫੨੯ ਈ:) ਨੂੰ ਆਦਿ ਗੁਰੂ, ਗੁਰੂ ਨਾਨਕ ਦੇਵ ਜੀ ਸ਼ਿਵਰਾਤਰੀ ਦੇ ਮੇਲੇ 'ਤੇ ਇਥੇ ਆਏ। ਗੁਰੂ ਨਾਨਕ ਦੇਵ ਜੀ ਦੀ ਆਮਦ ਦੀ ਖਬਰ ਸੁਣ ਕੇ, ਮੇਲਾ ਦੇਖਣ ਆਏ ਬਹੁਤੇ ਲੋਕ, ਗੁਰੂ ਜੀ ਦੇ ਦਰਸ਼ਨਾਂ ਨੂੰ ਇਕੱਤਰ ਹੋ ਗਏ, ਜਿਨ੍ਹਾਂ ਵਿਚ ਬਹੁਤ ਸਾਰੇ ਜੋਗੀ-ਸੰਨਿਆਸੀ ਵੀ ਸਨ। ਜੋਗੀ ਭੰਗਰ ਨਾਥ ਦੀ ਅਗਵਾਈ ਵਿਚ ਜੋਗੀਆਂ ਨੇ, ਗੁਰੂ ਨਾਨਕ ਸਾਹਿਬ ਨਾਲ, ਆਪਣੇ ਮੱਤ ਨੂੰ ਸ੍ਰੇਸ਼ਟ ਦਰਸਾਉਣ ਲਈ ਵਿਚਾਰ-ਚਰਚਾ ਕੀਤੀ। ਵਿਚਾਰ-ਚਰਚਾ ਵਿਚ ਅਸਫਲ ਹੋਣ 'ਤੇ ਜੋਗੀਆਂ ਨੇ ਕਰਾਮਾਤਾਂ ਦਿਖਾਉਣੀਆਂ ਸ਼ੁਰੂ ਕੀਤੀਆਂ ਤੇ ਗੁਰੂ ਨਾਨਕ ਸਾਹਿਬ ਜੀ ਨੂੰ ਕਰਾਮਾਤ ਦਿਖਾਉਣ ਲਈ ਕਿਹਾ। ਗੁਰੂ ਜੀ ਨੇ ਸਪੱਸ਼ਟ ਕੀਤਾ ਕਿ ਸਾਡੇ ਪਾਸ ਤਾਂ ਕੇਵਲ ਸੱਚੇ ਨਾਮ ਦੀ ਹੀ ਕਰਾਮਾਤ ਹੈ। ਗੁਰੂ ਜੀ ਅਤੇ ਜੋਗੀਆਂ ਦਰਮਿਆਨ ਹੋਈ ਚਰਚਾ ਨੂੰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਅੰਕਤ ਕੀਤਾ ਹੈ। ਕੁਝ ਵਿਦਵਾਨਾਂ ਦਾ ਮੰਨਣਾ ਹੈ ਕਿ 'ਸਿਧ ਗੋਸਟਿ' ਬਾਣੀ ਦੀ ਰਚਨਾ ਗੁਰੂ ਜੀ ਨੇ ਇਥੇ ਹੀ ਕੀਤੀ।



ਗੁਰੂ ਨਾਨਕ ਸਾਹਿਬ ਜੀ ਦੀ ਆਮਦ ਦੀ ਯਾਦ ਵਿਚ ਪ੍ਰੇਮੀ ਗੁਰਸਿੱਖਾਂ ਨੇ ਪੁਰਾਤਨ ਸ਼ਿਵ ਮੰਦਰ ਦੇ ਨਜ਼ਦੀਕ ਹੀ ਯਾਦਗਾਰ ਕਾਇਮ ਕੀਤੀ। ਮਹਾਰਾਜਾ ਰਣਜੀਤ ਸਿੰਘ ਜੀ ਨੇ ਇਸ ਅਸਥਾਨ ਦੀ ਸੇਵਾ-ਸੰਭਾਲ ਵਾਸਤੇ ਕੁਝ ਜ਼ਮੀਨ ਤੇ ਨਗਦੀ ਜਗੀਰ ਦੇ ਰੂਪ ਵਿਚ ਭੇਂਟ ਕੀਤੀ। ਇਸ ਅਸਥਾਨ ਦਾ ਪ੍ਰਬੰਧ ਬਹੁਤ ਸਮਾਂ ਪਿਤਾਪੁਰਖੀ ਉਦਾਸੀ ਮਹੰਤ ਹੀ ਕਰਦੇ ਰਹੇ। ੨੦ ਅਪ੍ਰੈਲ, ੧੯੨੬ ਈ: ਵਿਚ ਇਸ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਆਇਆ। ੧੨ ਅਕਤੂਬਰ, ੧੯੩੫ ਈ: ਵਿਚ ਪੁਰਾਤਨ ਗੁਰਦੁਆਰੇ ਦੀ ਇਮਾਰਤ ਦੀ ਥਾਂ 'ਤੇ ਨਵੀਂ ਇਮਾਰਤ ਦੀ ਸ਼ੁਰੂਆਤ ਹੋਈ, ਜੋ ੧੯੪੬ ਈ: ਵਿਚ ਪੂਰੀ ਹੋਈ। ਆਧੁਨਿਕ ਆਲੀਸ਼ਾਨ ਨਵੀਂ ਬਣੀ ਹੋਈ ਦੋ-ਮੰਜ਼ਲੀ ਇਮਾਰਤ ੧੯੯੫ ਈ: ਵਿਚ ਸੰਪੂਰਨ ਹੋਈ।

ਇਸ ਇਤਿਹਾਸਕ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁ: ਪ੍ਰ: ਕਮੇਟੀ, ਲੋਕਲ ਕਮੇਟੀ ਰਾਹੀਂ ਕਰਦੀ ਹੈ। ਗੁਰੂ ਨਾਨਕ ਦੇਵ ਜੀ, ਗੁਰੂ ਅਰਜਨ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਅਤੇ ਸਾਲਾਨਾ ਜੋੜ ਮੇਲਾ ਵੱਡੀ ਪੱਧਰ 'ਤੇ ਇਸ ਅਸਥਾਨ 'ਤੇ ਮਨਾਏ ਜਾਂਦੇ ਹਨ।

ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਪ੍ਰਬੰਧ ਵਧੀਆ ਹੈ। ਰਿਹਾਇਸ਼ ਵਾਸਤੇ ੫ ਕਮਰੇ ਬਣੇ ਹੋਏ ਹਨ। ਇਹ ਇਤਿਹਾਸਕ ਅਸਥਾਨ ਪਿੰਡ ਚਾਹਲ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਵਿਚ, ਬਟਾਲਾ-ਜਲੰਧਰ ਰੋਡ 'ਤੇ ਬਟਾਲਾ ਬੱਸ ਸਟੈਂਡ ਤੋਂ ੭ ਕਿਲੋਮੀਟਰ ਤੇ ਇਤਿਹਾਸਕ ਨਗਰ ਬਾਬਾ ਬਕਾਲਾ ਤੋਂ ੧੫ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ।

# ਗੁਰਦੁਆਰਾ ਸ੍ਰੀ ਬਾਰਠ ਸਾਹਿਬ

(ਗੁਰਦਾਸਪੁਰ) ਪੰਜਾਬ



ਗੁਰਦੁਆਰਾ ਸ੍ਰੀ ਬਾਰਠ ਸਾਹਿਬ, ਆਦਿ ਗੁਰੂ, ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਦੀ ਜੀਵਨ-ਕਹਾਣੀ ਨਾਲ ਸਬੰਧਤ ਹੈ। ਬਾਬਾ ਸ੍ਰੀ ਚੰਦ ਜੀ ਉਦਾਸੀ ਸੰਪਰਦਾ ਦੇ ਸੰਚਾਲਕ ਸਨ ਅਤੇ ਆਪਣੇ ਜੀਵਨ ਦੇ ਕਾਫ਼ੀ ਸਾਲ ਇਨ੍ਹਾਂ ਬਾਰਠ ਪਿੰਡ ਵਿਚ ਬਿਤਾਏ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ 'ਸੱਚ ਧਰਮ' ਦਾ ਪ੍ਰਚਾਰ-ਪ੍ਰਸਾਰ ਕਰਦਿਆਂ, ਇਥੇ ਆਪਣੇ ਮੁਬਾਰਕ ਚਰਨ ਪਾਏ। ਉਦਾਸੀ ਸੰਪਰਦਾ ਵਾਲੇ ਉਦਾਸੀ ਲਿਬਾਸ ਵਿਚ 'ਨਾਨਕ ਨਿਰਮਲ ਪੰਥ' ਦਾ ਪ੍ਰਚਾਰ ਕਰਦੇ ਸਨ।

ਸਮੇਂ ਦੇ ਬੀਤਣ ਨਾਲ ਉਦਾਸੀ ਮੱਤ ਤੇ ਗੁਰਮਤਿ ਵਿਚਾਰਧਾਰਾ ਵਿਚ ਦੂਰੀ ਵਧਦੀ ਗਈ। ਇਸ ਦੂਰੀ ਨੂੰ ਘਟਾਉਣ ਲਈ ਬਾਬਾ ਸ੍ਰੀ ਚੰਦ ਜੀ ਨੇ ਗੁਰੂ ਹਰਿਗੋਬਿੰਦ ਸਾਹਿਬ ਪਾਸੋਂ ਬਾਬਾ ਗੁਰਦਿਤਾ ਜੀ ਦੀ ਮੰਗ ਕੀਤੀ। ਗੁਰੂ ਹਰਿਗੋਬਿੰਦ ਸਾਹਿਬ ਨੇ ਬਾਰਠ ਸਾਹਿਬ ਦੇ ਅਸਥਾਨ 'ਤੇ ਬਾਬਾ ਸ੍ਰੀ ਚੰਦ ਜੀ ਨੂੰ ਆਪਣਾ ਸਪੁੱਤਰ (ਬਾਬਾ) ਗੁਰਦਿਤਾ ਜੀ ਸੌਂਪ ਦਿੱਤਾ, ਜੋ ਬਾਬਾ ਸ੍ਰੀ ਚੰਦ ਤੋਂ ਬਾਅਦ ਉਦਾਸੀ ਸੰਪਰਦਾ ਦੇ ਮੁਖੀ ਬਣ ਕੇ ਗੁਰਮਤਿ ਵਿਚਾਰਧਾਰਾ ਦਾ ਪ੍ਰਚਾਰ-ਪ੍ਰਸਾਰ ਕਰਦੇ ਰਹੇ।

ਇਸ ਅਸਥਾਨ ਦਾ ਬਹੁਤ ਸਮਾਂ ਪ੍ਰਬੰਧ ਉਦਾਸੀ ਸੰਪਰਦਾ ਪਾਸ ਹੀ ਰਿਹਾ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ-ਕਾਲ ਦੌਰਾਨ ਕੁਝ ਜਾਇਦਾਦ ਗੁਰਦੁਆਰਾ ਬਾਰਠ ਸਾਹਿਬ ਦੇ ਨਾਂ ਲਗਵਾਈ।

ਹੁਣ ਇਸ ਅਸਥਾਨ ਦਾ ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਪਾਸ ਹੈ। ਇਸ ਅਸਥਾਨ ਦੇ ਨਜ਼ਦੀਕ ਹੀ ਗੁਰਦੁਆਰਾ ਬਾਉਲੀ ਸਾਹਿਬ ਤੇ ਗੁਰਦੁਆਰਾ ਥੰਮ ਸਾਹਿਬ ਦੇਖਣ ਯੋਗ ਹਨ। ਇਸ ਅਸਥਾਨ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਗੁਰੂ ਅਰਜਨ ਦੇਵ ਜੀ ਦੇ ਆਗਮਨ ਗੁਰਪੁਰਬ ਤੇ ਬਾਬਾ ਸ੍ਰੀ ਚੰਦ ਜੀ ਦਾ ਜਨਮ ਦਿਹਾੜਾ ਵੱਡੀ ਪੱਧਰ 'ਤੇ ਮਨਾਏ ਜਾਂਦੇ ਹਨ।

ਗੁਰਦੁਆਰਾ ਬਾਰਠ ਸਾਹਿਬ, ਬਾਰਠ ਪਿੰਡ ਜੋ ਤਹਿਸੀਲ ਪਠਾਨਕੋਟ, ਜ਼ਿਲ੍ਹਾ ਗੁਰਦਾਸਪੁਰ ਵਿਚ ਅੰਮ੍ਰਿਤਸਰ-ਪਠਾਨਕੋਟ ਰੋਡ 'ਤੇ ਸਰਨਾ ਰੇਲਵੇ ਸਟੇਸ਼ਨ ਤੇ ਬੱਸ ਸਟੈਂਡ ਤੋਂ ੬ ਕਿਲੋਮੀਟਰ ਦੀ ਦੂਰੀ 'ਤੇ ਜਸੋਵਾਲੀ-ਬਾਰਠ ਸਾਹਿਬ ਲਿੰਕ ਰੋਡ 'ਤੇ ਸਥਿਤ ਹੈ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਸੁਚੱਜਾ ਪ੍ਰਬੰਧ ਹੈ। ਰਿਹਾਇਸ਼ ਵਾਸਤੇ ੧੦ ਕਮਰੇ ਹਨ। ਵਧੇਰੇ ਜਾਣਕਾਰੀ ੦੧੮੬-੬੫੩੬੭ ਫੋਨ ਨੰਬਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਗੁਰਦੁਆਰਾ ਸ੍ਰੀ ਕੰਧ ਸਾਹਿਬ, ਬਟਾਲਾ

(ਗੁਰਦਾਸਪੁਰ) ਪੰਜਾਬ

ਗੁਰਦੁਆਰਾ ਕੰਧ ਸਾਹਿਬ ਬਟਾਲਾ, ਆਦਿ ਗੁਰੂ, ਗੁਰੂ ਨਾਨਕ ਦੇਵ ਜੀ ਦੇ 'ਵਿਆਹ' ਦੀ ਯਾਦ ਵਜੋਂ ਸ਼ੋਭਨੀਕ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ੨੪ ਜੇਠ, ਸੰਮਤ ੧੫੪੪ ਬਿ: (੧੪੮੭ ਈ:) ਨੂੰ ਭਾਈ ਮੂਲ ਚੰਦ ਦੀ ਸਪੁੱਤਰੀ (ਮਾਤਾ) ਸੁਲੱਖਣੀ ਜੀ ਨਾਲ ਬਟਾਲੇ ਵਿਖੇ ਹੋਇਆ। ਗੁਰੂ ਜੀ ਦੇ ਵਿਆਹ ਸਮੇਂ ਬਰਾਤ ਦਾ ਉਤਾਰਾ ਪਹਿਲਾਂ ਗੁਰਦੁਆਰਾ ਕੰਧ ਸਾਹਿਬ ਦੇ ਅਸਥਾਨ 'ਤੇ ਕੀਤਾ ਤੇ ਵਿਆਹ 'ਗੁਰਦੁਆਰਾ ਡੇਰਾ ਸਾਹਿਬ' ਦੇ ਅਸਥਾਨ 'ਤੇ ਹੋਇਆ।

ਜਿਸ ਪੁਰਾਤਨ ਕੱਚੀ ਕੰਧ ਦੇ ਹੇਠਾਂ ਜਗਤ ਗੁਰੂ, ਗੁਰੂ ਨਾਨਕ ਸਾਹਿਬ ਨੇ ਕੁਝ ਸਮਾਂ ਨਿਵਾਸ ਕੀਤਾ, ਉਹ 'ਕੱਚੀ ਕੰਧ' ਗੁਰਦੁਆਰਾ ਕੰਧ ਸਾਹਿਬ ਵਿਖੇ ਸ਼ੀਸ਼ੇ ਦੇ ਫਰੇਮ ਵਿਚ ਸੁਰੱਖਿਅਤ ਹੈ। ਮਹਾਰਾਜਾ ਕੰਵਰ ਨੌਂ ਨਿਹਾਲ ਸਿੰਘ ਨੇ ਆਪਣੇ ਰਾਜ-ਕਾਲ ਦੌਰਾਨ ਇਸ ਅਸਥਾਨ 'ਤੇ ਪੱਕਾ ਗੁਰ-ਅਸਥਾਨ ਬਣਾਇਆ ਤੇ ਕੁਝ ਜਗੀਰ ਗੁਰਦੁਆਰਾ ਸਾਹਿਬ ਦੇ ਨਾਮ ਲਗਵਾਈ।

ਬਟਾਲਾ ਸ਼ਹਿਰ ਵਿਖੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਮੁਬਾਰਕ ਚਰਨ ਪਾਏ ਜਦ ਉਹ ਆਪਣੇ ਸਪੁੱਤਰ ਬਾਬਾ ਗੁਰਦਿਤਾ ਜੀ ਨੂੰ ਵਿਆਹੁਣ ਆਏ। ਬਟਾਲਾ ਸ਼ਹਿਰ ਵਿਚ ਗੁਰਦੁਆਰਾ ਕੰਧ ਸਾਹਿਬ ਤੋਂ ਇਲਾਵਾ ਗੁਰਦੁਆਰਾ ਡੇਰਾ ਸਾਹਿਬ ਤੇ ਗੁਰਦੁਆਰਾ ਸਤਿ ਕਰਤਾਰੀਆਂ ਦਰਸ਼ਨ ਕਰਨ ਯੋਗ ਹਨ। ਬਟਾਲਾ ਪੰਜਾਬ ਦਾ ਪ੍ਰਮੁੱਖ ਸਨਅਤੀ ਸ਼ਹਿਰ ਹੈ



ਪਰ ਇਸ ਦੀ ਇਤਿਹਾਸਕਤਾ ਤੇ ਪ੍ਰਸਿੱਧੀ ਗੁਰਦੁਆਰਾ ਕੰਧ ਸਾਹਿਬ ਤੇ ਗੁਰਦੁਆਰਾ ਡੇਰਾ ਸਾਹਿਬ ਕਰਕੇ ਹੀ ਹੈ।

ਇਸ ਗੁਰ-ਅਸਥਾਨ 'ਤੇ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਸਾਹਿਬ ਜੀ ਦਾ ਆਗਮਨ ਗੁਰਪੁਰਬ ਤੇ ਵਿਆਹ ਪੁਰਬ ਬਹੁਤ ਵੱਡੀ ਪੱਧਰ 'ਤੇ ਮਨਾਏ ਜਾਂਦੇ ਹਨ। ਇਸ ਧਾਰਮਿਕ ਅਸਥਾਨ ਦਾ ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਹੈ।

ਸ੍ਰੀ ਅੰਮ੍ਰਿਤਸਰ-ਪਠਾਨਕੋਟ ਰੇਲਵੇ ਲਾਈਨ 'ਤੇ ਬਟਾਲਾ ਰੇਲਵੇ ਸਟੇਸ਼ਨ ਤੋਂ ਗੁਰਦੁਆਰਾ ਕੰਧ ਸਾਹਿਬ ੧.੫ ਕਿਲੋਮੀਟਰ ਤੇ ਬੱਸ ਸਟੈਂਡ ਬਟਾਲਾ ਤੋਂ ਕੇਵਲ ਇਕ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਸੜਕੀ ਮਾਰਗ ਰਾਹੀਂ ਬਟਾਲਾ ਸ੍ਰੀ ਅੰਮ੍ਰਿਤਸਰ, ਗੁਰਦਾਸਪੁਰ, ਫਤਹਿਗੜ੍ਹ ਚੂੜੀਆਂ, ਡੇਰਾ ਬਾਬਾ ਨਾਨਕ, ਕਲਾਨੌਰ, ਹਰਿਗੋਬਿੰਦਪੁਰ, ਜਲੰਧਰ ਆਦਿ ਸ਼ਹਿਰਾਂ ਨਾਲ ਜੁੜਿਆ ਹੋਇਆ ਹੈ।

ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਤੇ ਰਿਹਾਇਸ਼ ਦਾ ਸੁਚੱਜਾ ਪ੍ਰਬੰਧ ਹੈ।

ਵਧੇਰੇ ਜਾਣਕਾਰੀ ੦੧੮੭੨-੪੦੩੬੧ ਫੋਨ ਨੰਬਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਸ੍ਰੀ ਦਰਬਾਰ ਸਾਹਿਬ, ਡੇਰਾ ਬਾਬਾ ਨਾਨਕ

(ਗੁਰਦਾਸਪੁਰ) ਪੰਜਾਬ

ਸ੍ਰੀ ਦਰਬਾਰ ਸਾਹਿਬ, ਡੇਰਾ ਬਾਬਾ ਨਾਨਕ, ਗੁਰੂ ਨਾਨਕ ਸਾਹਿਬ ਜੀ ਦੀ ਜੀਵਨ-ਯਾਤਰਾ ਦੇ ਆਖ਼ਰੀ ਪੜਾਅ ਦੀ ਯਾਦਗਾਰ ਵਜੋਂ ਸੁਭਾਇਮਾਨ ਹੈ। ਆਦਿ ਗੁਰੂ, ਗੁਰੂ ਨਾਨਕ ਦੇਵ ਜੀ, ਆਪਣੀ ਸੰਸਾਰਿਕ ਯਾਤਰਾ ਸੰਪੂਰਨ ਕਰ ੨੨ ਸਤੰਬਰ, ੧੫੩੯ ਈ: ਨੂੰ ਕਰਤਾਰਪੁਰ ਵਿਖੇ ਅਕਾਲ ਪੁਰਖ ਵਿਚ ਅਭੇਦ ਹੋ ਗਏ। ਅੰਤਮ ਸੰਸਕਾਰ ਦੇ ਅਸਥਾਨ 'ਤੇ ਪ੍ਰੇਮੀ ਗੁਰਸਿੱਖਾਂ ਵੱਲੋਂ ਯਾਦਗਾਰ ਕਾਇਮ ਕੀਤੀ ਗਈ, ਜਿਸ ਨੂੰ ਰਾਵੀ ਦਰਿਆ ਨੇ ਆਪਣੇ ਨਾਲ ਇਕਮਿਕ ਕਰ ਲਿਆ। ਗੁਰੂ ਨਾਨਕ ਸਾਹਿਬ ਜੀ ਦੀ ਅੰਤਮ ਯਾਦਗਾਰ ਰਾਵੀ ਦਰਿਆ ਵਿਚ ਵਿਲੀਨ ਹੋਣ ਪਿੱਛੋਂ ਬਾਬਾ ਸ੍ਰੀ ਚੰਦ ਤੇ ਉਨ੍ਹਾਂ ਦੇ ਭਤੀਜੇ ਭਾਈ ਧਰਮਦਾਸ ਨੇ ਰਾਵੀ ਦਰਿਆ ਦੇ ਦੂਸਰੇ ਪਾਸੇ ਭਾਈ ਅਜਿਤੇ ਰੰਧਾਵੇ ਦੇ ਖੂਹ 'ਤੇ ਗੁਰੂ ਨਾਨਕ ਸਾਹਿਬ ਦੀ ਯਾਦਗਾਰ ਕਾਇਮ ਕੀਤੀ, ਜਿਸ ਅਸਥਾਨ 'ਤੇ ਗੁਰੂ ਨਾਨਕ ਸਾਹਿਬ ਆਪਣੇ ਪ੍ਰੇਮੀ ਗੁਰਸਿੱਖਾਂ ਭਾਈ ਅਜਿਤੇ ਰੰਧਾਵੇ ਨੂੰ ਮਿਲਣ ਆਏ ਸਨ। ਸਮੇਂ ਦੇ ਨਾਲ ਆਲੇ-ਦੁਆਲੇ ਨਗਰ ਅਬਾਦ ਹੋ ਗਿਆ ਜਿਸ ਨੂੰ ਹੁਣ 'ਡੇਰਾ ਬਾਬਾ ਨਾਨਕ' ਕਿਹਾ ਜਾਂਦਾ ਹੈ। ਪੰਚਮ ਪਾਤਸ਼ਾਹ, ਗੁਰੂ ਅਰਜਨ ਦੇਵ ਜੀ, ਭਾਈ ਧਰਮਦਾਸ ਦੇ ਅਕਾਲ ਚਲਾਣੇ ਉਪਰੰਤ ਇਥੇ ਆਏ, ਕੀਰਤਨ-ਅਸਥਾਨ 'ਤੇ ਬੈਠ ਕੇ ਪ੍ਰਭੂ ਦੀ ਸਿਫ਼ਤ-ਸਾਲਾਹ ਵਜੋਂ ਕੀਰਤਨ ਕਰਨ ਦੀ ਮਰਯਾਦਾ ਕਾਇਮ ਕੀਤੀ। ੧੮੨੭ ਈ: ਵਿਚ ਮਹਾਰਾਜਾ ਰਣਜੀਤ ਸਿੰਘ ਨੇ ਸ੍ਰੀ ਦਰਬਾਰ ਸਾਹਿਬ, ਡੇਰਾ ਬਾਬਾ ਨਾਨਕ ਦੇ ਅਸਥਾਨ ਨੂੰ ਬਹੁਤ ਸਾਰੀ ਨਗਦੀ ਤੇ ਜਗੀਰ ਦੇ ਰੂਪ ਵਿਚ ਜਾਇਦਾਦ ਭੇਂਟ ਕੀਤੀ ਅਤੇ 'ਦਰਬਾਰ ਸਾਹਿਬ' ਦੀ ਇਮਾਰਤ ਦੀ ਨਵਉਸਾਰੀ ਤੇ ਸੋਨੇ ਦੀ ਸੇਵਾ ਕਰਵਾਈ।



ਸ੍ਰੀ ਦਰਬਾਰ ਸਾਹਿਬ ਵਿਖੇ ਪਹਿਲੀ-ਦਸਵੀਂ ਪਾਤਸ਼ਾਹੀ ਦੇ ਪ੍ਰਕਾਸ਼ ਗੁਰਪੁਰਬ, ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ, ਵੈਸਾਖੀ ਤੇ ਸਾਲਾਨਾ ਜੋੜ ਮੇਲਾ (ਚੋਲਾ ਸਾਹਿਬ) ਹਰ ਸਾਲ ਵੱਡੀ ਪੱਧਰ 'ਤੇ ਮਨਾਏ ਜਾਂਦੇ ਹਨ। ਇਸ ਅਸਥਾਨ ਦਾ ਪ੍ਰਬੰਧ, ਹੁਣ ਸ਼੍ਰੋਮਣੀ ਗੁ: ਪ੍ਰ: ਕਮੇਟੀ ਪਾਸ ਹੈ। ਯਾਤਰੂਆਂ ਦੀ ਰਿਹਾਇਸ਼ ਲਈ ਪੰਜ ਕਮਰੇ ਹਨ ਤੇ ਲੰਗਰ-ਪ੍ਰਸ਼ਾਦਿ ਦਾ ਪ੍ਰਬੰਧ ਵਧੀਆ ਹੈ। ਗੁ: ਡੇਰਾ ਸਾਹਿਬ ਦੇ ਨਜ਼ਦੀਕ ਹੀ ਗੁਰਦੁਆਰਾ ਲੰਗਰ ਮੰਦਰ ਚੋਲਾ ਸਾਹਿਬ ਦੇਖਣਯੋਗ ਹੈ। ਕਿਹਾ ਜਾਂਦਾ ਹੈ ਕਿ ਇਹ ਚੋਲਾ ਗੁਰੂ ਜੀ ਨੂੰ ਬਗ਼ਦਾਦ ਫੇਰੀ ਸਮੇਂ ਉਥੋਂ ਦੇ ਕਾਜ਼ੀਆਂ ਭੇਂਟ ਕੀਤਾ ਸੀ। ਇਹ ਚੋਲਾ ਹੁਣ ਬੇਦੀ ਪਰਿਵਾਰ ਪਾਸ ਹੈ।

ਡੇਰਾ ਬਾਬਾ ਨਾਨਕ, ਗੁਰਦਾਸਪੁਰ ਜ਼ਿਲ੍ਹੇ ਦਾ ਪ੍ਰਮੁੱਖ ਇਤਿਹਾਸਕ ਨਗਰ ਹੈ ਜੋ ਰੇਲਵੇ ਮਾਰਗ ਰਾਹੀਂ ਸ੍ਰੀ ਅੰਮ੍ਰਿਤਸਰ ਅਤੇ ਸੜਕੀ ਮਾਰਗ ਰਾਹੀਂ ਗੁਰਦਾਸਪੁਰ, ਬਟਾਲਾ, ਅਜਨਾਲਾ ਤੇ ਅੰਮ੍ਰਿਤਸਰ ਨਾਲ ਜੁੜਿਆ ਹੋਇਆ ਹੈ। ਇਹ ਅਸਥਾਨ ਸ੍ਰੀ ਅੰਮ੍ਰਿਤਸਰ ਤੋਂ ੫੫ ਕਿਲੋਮੀਟਰ ਤੇ ਬਟਾਲੇ ਤੋਂ ੨੯ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ।

# ਗੁਰਦੁਆਰਾ ਬੁਰਜ ਸਾਹਿਬ, ਧਾਰੀਵਾਲ

(ਗੁਰਦਾਸਪੁਰ) ਪੰਜਾਬ

ਗੁਰਦੁਆਰਾ ਬੁਰਜ ਸਾਹਿਬ, ਧਾਰੀਵਾਲ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਚਰਨ-ਛੋਹ ਪ੍ਰਾਪਤ ਪਾਵਨ ਅਸਥਾਨ ਹੈ। ਸ੍ਰੀ ਗੁਰੂ ਅਰਜਨ ਦੇਵ ਜੀ, ਗੁਰਦੁਆਰਾ ਬਾਰਠ ਸਾਹਿਬ ਦੇ ਅਸਥਾਨ 'ਤੇ ਬਾਬਾ ਸ੍ਰੀ ਚੰਦ ਜੀ ਨੂੰ ਮਿਲਣ ਉਪਰੰਤ ਅੰਮ੍ਰਿਤਸਰ ਨੂੰ ਵਾਪਸੀ ਸਮੇਂ ਇਸ ਅਸਥਾਨ 'ਤੇ ਇਕ ਰਾਤ ਠਹਿਰੇ ਸਨ। ਉਸ ਸਮੇਂ ਇਹ ਅਸਥਾਨ ਬੇ-ਅਬਾਦ ਸੀ। ਪ੍ਰੇਮੀ ਗੁਰਸਿੱਖਾਂ ਨੇ, ਜਿਸ ਅਸਥਾਨ 'ਤੇ ਗੁਰੂ ਜੀ ਬੈਠੇ ਸਨ, ਉਥੇ ਮਿੱਟੀ ਦਾ ਬੁਰਜ ਉਸਾਰ ਦਿੱਤਾ, ਜਿਸ ਕਰਕੇ ਇਹ ਅਸਥਾਨ 'ਬੁਰਜ ਸਾਹਿਬ' ਦੇ ...ਂ ਨਾਲ ਪ੍ਰਸਿੱਧ ਹੋਇਆ। ਪਹਿਲਾਂ ਪ੍ਰਬੰਧ ਪਿਤਾ-ਪੁਰਖੀ ਮਹੰਤਾਂ ਪਾਸ ਸੀ, ੧੯੨੨ ਈ: ਵਿਚ ਅਕਾਲੀ ਜਥਾ ਗੁਰਦਾਸਪੁਰ ਨੇ ਪ੍ਰਬੰਧ ਸੰਭਾਲ ਲਿਆ। ੧੯੨੭ ਈ: ਵਿਚ ਗੁਰਦੁਆਰਾ ਸਾਹਿਬ ਦੇ ਨਾਲ ਬਣੇ ਸਰੋਵਰ ਨੂੰ ਪੱਕਿਆਂ ਕਰਨ ਦਾ ਕਾਰਜ ਅਰੰਭਿਆ ਗਿਆ। ੧੯੪੮ ਈ: ਵਿਚ ਗੁਰਦੁਆਰਾ ਸਾਹਿਬ ਵੱਲੋਂ ਵਿੱਦਿਆ ਦੇ ਪ੍ਰਸਾਰ ਤੇ ਗੁਰਮਤਿ ਪ੍ਰਚਾਰ ਲਈ ਸ੍ਰੀ ਗੁਰੂ ਅਰਜਨ ਦੇਵ ਖਾਲਸਾ ਹਾਈ ਸਕੂਲ ਸ਼ੁਰੂ ਕੀਤਾ ਗਿਆ।



ਅਗਸਤ, ੧੯੫੩ ਈ: ਵਿਚ ਗੁਰਦੁਆਰਾ ਸਾਹਿਬ ਦੀ ਆਧੁਨਿਕ ਇਮਾਰਤ ਦਾ ਨਿਰਮਾਣ ਕਾਰਜ ਸ਼ੁਰੂ ਹੋਇਆ ਤੇ ੧੯੬੫ ਈ: ਵਿਚ ਸੰਪੂਰਨ ਹੋਇਆ। ਗੁਰਦੁਆਰਾ ਸਾਹਿਬ ਦਾ ਪ੍ਰਬੰਧ, ਹੁਣ ਲੋਕਲ ਕਮੇਟੀ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਪਾਸ ਹੈ।

ਇਹ ਇਤਿਹਾਸਕ ਅਸਥਾਨ ਪਿੰਡ ਫਤੇ ਨੰਗਲ, ਡਾਕਘਰ ਧਾਰੀਵਾਲ ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ ਵਿਚ ਅੰਮ੍ਰਿਤਸਰ ਤੋਂ ਪਠਾਨਕੋਟ (ਜੰਮੂ) ਰੋਡ 'ਤੇ ਧਾਰੀਵਾਲ ਬੱਸ ਸਟੈਂਡ ਤੋਂ ਡੇਢ ਕਿਲੋਮੀਟਰ ਅਤੇ ਅੰਮ੍ਰਿਤਸਰ (...61...)

ਪਠਾਨਕੋਟ ਰੇਲਵੇ ਲਾਈਨ ਤੇ ਧਾਰੀਵਾਲ ਰੇਲਵੇ ਸਟੇਸ਼ਨ ਤੋਂ ਇਕ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਇਤਿਹਾਸਕ ਅਸਥਾਨ 'ਤੇ ਪਹਿਲੀ, ਪੰਜਵੀਂ 'ਤੇ ਦਸਵੀਂ ਪਾਤਸ਼ਾਹੀ ਦੇ ਪ੍ਰਕਾਸ਼ ਗੁਰਪੁਰਬ ਅਤੇ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਵੱਡੀ ਪੱਧਰ 'ਤੇ ਮਨਾਏ ਜਾਂਦੇ ਹਨ।

ਗੁਰਦੁਆਰਾ ਬੁਰਜ ਸਾਹਿਬ ਦੇ ਨਜ਼ਦੀਕ ਗੁਰਦੁਆਰਾ ਗੁਰਦਾਸ ਨੰਗਲ ਦੇਖਣਯੋਗ ਹੈ, ਜਿਥੇ ਬਾਬਾ ਬੰਦਾ ਸਿੰਘ ਬਹਾਦਰ ਨੇ ਜ਼ੁਲਮੀ ਮੁਗ਼ਲੀਆ ਸਾਮਰਾਜ ਦੇ ਵਿਰੁੱਧ ਆਖਰੀ ਲੜਾਈ ਲੜੀ।

ਗੁਰਦੁਆਰਾ ਬੁਰਜ ਸਾਹਿਬ ਵਿਖੇ ਯਾਤਰੂਆਂ ਦੀ ਰਿਹਾਇਸ਼ ਲਈ ੧੦ ਕਮਰੇ ਬਣੇ ਹੋਏ ਅਤੇ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਵਧੀਆ ਪ੍ਰਬੰਧ ਹੈ।

# ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ

(ਬਠਿੰਡਾ) ਪੰਜਾਬ



ਦਸਮੇਸ਼ ਪਿਤਾ, ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਦੇ ਘੇਰੇ, ਚਮਕੌਰ ਸਾਹਿਬ ਤੇ ਮੁਕਤਸਰ ਸਾਹਿਬ ਦੇ ਇਤਿਹਾਸਕ ਯੁੱਧ ਉਪਰੰਤ ਤਲਵੰਡੀ ਸਾਬੋ ਦੀ ਧਰਤੀ ਨੂੰ ਪਹਿਲੀ ਵਾਰ ਜਨਵਰੀ, ੧੭੦੬ ਈ. 'ਚ ਆਪਣੀ ਮੁਬਾਰਕ ਚਰਨ-ਛੋਹ ਬਖ਼ਸ਼ਿਸ਼ ਕਰ, ਪਵਿੱਤਰਤਾ ਤੇ ਇਤਿਹਾਸਕਤਾ ਪ੍ਰਦਾਨ ਕੀਤੀ। ਗੁਰਦੇਵ ਪਿਤਾ ਨੇ ਜਿਸ ਜਗ੍ਹਾ ਕਮਰਕੱਸਾ ਖੋਲ੍ਹ 'ਦਮ' ਲਿਆ, ਉਹ ਧਰਤ ਸੁਹਾਵੀ, ਅਗੰਮੀ ਛੋਹ ਪ੍ਰਾਪਤ ਕਰ, ਗੁਰੂ-ਕਾਸ਼ੀ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਨਾਮ ਨਾਲ ਵਿਸ਼ਵ ਪ੍ਰਸਿੱਧ ਹੋਈ। ਇਸ ਪਵਿੱਤਰ ਧਰਤੀ 'ਤੇ ਗੁਰੂ ਜੀ ਨੌਂ ਮਹੀਨੇ ਤੋਂ ਵਧੇਰੇ ਸਮੇਂ

(...62...)



ਗੁਰਦੁਆਰਾ ਮੰਜੀ ਸਾਹਿਬ (ਪਾਤਸ਼ਾਹੀ ਨੌਵੀਂ ਅਤੇ ਦਸਵੀਂ)

ਲਈ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਲਈ ਰੁਕੇ ਤੇ ਅਨੇਕਾਂ ਧਾਰਮਕ-ਇਤਿਹਾਸਕ ਕਾਰਜਾਂ ਨੂੰ ਸੰਪੂਰਨ ਕੀਤਾ।

ਇਸ ਪਾਵਨ ਅਸਥਾਨ 'ਤੇ ਭਾਈ ਡੱਲਾ ਜੋ ਇਲਾਕੇ ਦਾ ਚੌਧਰੀ ਸੀ, 'ਅੰਮ੍ਰਿਤ' ਦੀ ਬਖ਼ਸ਼ਿਸ਼ ਪ੍ਰਾਪਤ ਕਰ 'ਸਿੰਘ' ਸਜਿਆ। ਬਾਬਾ ਬੀਰ ਸਿੰਘ ਤੇ ਬਾਬਾ ਧੀਰ ਸਿੰਘ ਦੇ ਸਿੱਖੀ-ਸਿਦਕ ਭਰੋਸੇ ਦੀ ਪ੍ਰੀਖਿਆ ਵੀ ਗੁਰਦੇਵ ਨੇ ਇਥੇ ਹੀ ਲਈ। ਗੁਰੂ-ਕਿਰਪਾ ਸਦਕਾ ਉਹ ਸਫ਼ਲ ਹੋਏ।

ਇਸ ਪਾਵਨ ਧਰਤੀ 'ਤੇ ਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਵਿਚ ਗੁਰੂ-ਪਿਤਾ, ਗੁਰੂ ਤੇਗ ਬਹਾਦਰ ਸਾਹਿਬ ਦੀ ਪਵਿੱਤਰ ਬਾਣੀ ਦਰਜ ਕਰਵਾਈ ਤੇ ਪਾਵਨ ਸਰੂਪ ਸੰਪੂਰਨ ਹੋਣ 'ਤੇ ਦਮਦਮੀ ਸਰੂਪ ਸਦਵਾਇਆ।

ਮਿਸਲ ਸ਼ਹੀਦਾਂ ਦੇ ਸਰਦਾਰ, ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਦੇਖ-ਰੇਖ ਹੇਠ ਗੁਰਬਾਣੀ ਪੜ੍ਹਨ-ਪੜ੍ਹਾਉਣ, ਲਿਖਣ-ਲਿਖਵਾਉਣ ਅਤੇ ਅਰਥ-ਸੰਚਾਰ ਲਈ ਟਕਸਾਲ ਵੀ ਇਥੇ ਸ਼ੁਰੂ ਹੋਈ ਜੋ ਦਮਦਮੀ ਟਕਸਾਲ ਦੇ ਨਾਂ 'ਤੇ ਅੱਜ ਵੀ ਪ੍ਰਸਿੱਧ ਹੈ। ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਦੇਵਾਂ ਜੀ ਵੀ ਗੁਰੂ ਜੀ ਦੇ ਦਰਸ਼ਨ ਕਰਨ ਲਈ ਭਾਈ ਮਨੀ ਸਿੰਘ ਜੀ ਦੇ ਸਾਥ ਦਿੱਲੀ ਤੋਂ ਇਥੇ ਪਹੁੰਚੀਆਂ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਦ ਹਜ਼ੂਰ ਸਾਹਿਬ ਨੂੰ ਇਥੋਂ ਚਾਲੇ ਪਾਏ ਤਾਂ ਇਸ ਧਾਰਮਕ ਅਸਥਾਨ ਦਾ ਮੁੱਖ ਪ੍ਰਬੰਧਕ, ਬਾਬਾ ਦੀਪ ਸਿੰਘ ਜੀ ਨੂੰ ਥਾਪਿਆ। ਬਾਬਾ ਦੀਪ ਸਿੰਘ ਜੀ ਬਹੁਤ ਸਮਾਂ ਇਸ ਅਸਥਾਨ ਦੀ ਸੇਵਾ ਵਿਚ ਹਾਜ਼ਰ ਰਹੇ। ਇਸ ਸਮੇਂ ਦੌਰਾਨ ਬਾਬਾ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਦੇ ਬਹੁਤ ਸਾਰੇ ਉਤਾਰੇ ਆਪਣੀ ਦੇਖ-ਰੇਖ ਹੇਠ ਕੀਤੇ/ਕਰਵਾਏ। ਦਮਦਮਾ ਸਾਹਿਬ ਸਿੱਖ-ਲਿਖਾਰੀਆਂ ਤੇ ਗਿਆਨੀਆਂ ਦੀ ਟਕਸਾਲ ਵਜੋਂ ਪ੍ਰਸਿੱਧ ਹੋਇਆ।

ਇਸ ਪਾਵਨ ਪਵਿੱਤਰ ਇਤਿਹਾਸਕ ਅਸਥਾਨ ਨੂੰ ਸਿੱਖਾਂ ਦਾ ਪੰਜਵਾਂ ਤਖ਼ਤ ਹੋਣ ਦਾ ਮਾਣ ਸਤਿਕਾਰ ਹਾਸਲ ਹੈ। ਤਖ਼ਤ ਸਾਹਿਬ ਦੀ ਮੌਜੂਦਾ ਆਲੀਸ਼ਾਨ ਇਮਾਰਤ ਦਾ ਨਿਰਮਾਣ ੧੯੬੫-੬੬ ਈ. ਵਿਚ ਹੋਇਆ। ਇਸ ਇਤਿਹਾਸਕ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁ: ਪ੍ਰ:



ਗੁਰਦੁਆਰਾ ਬਾਬਾ ਬੀਰ ਸਿੰਘ ਧੀਰ ਸਿੰਘ



ਗੁਰਦੁਆਰਾ ਮਾਤਾ ਸਾਹਿਬ ਕੌਰ ਜੀ

ਕਮੇਟੀ ਸ੍ਰੀ ਅੰਮ੍ਰਿਤਸਰ ਪਾਸ ੧੯੬੦ ਈ: ਵਿਚ ਆਇਆ । ਮੌਜੂਦਾ ਸਮੇਂ ਸਿੰਘ ਸਾਹਿਬ, ਗਿਆਨੀ ਕੇਵਲ ਸਿੰਘ ਜੀ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਵਜੋਂ ਸੇਵਾ ਨਿਭਾ ਰਹੇ ਹਨ। ਤਖ਼ਤ ਸਾਹਿਬ 'ਤੇ ਸਵੇਰੇ-ਸ਼ਾਮ ਨਿਮਨ ਲਿਖਤ ਇਤਿਹਾਸਕ ਵਸਤਾਂ ਦੇ ਦਰਸ਼ਨ ਸੰਗਤਾਂ ਨੂੰ ਕਰਵਾਏ ਜਾਂਦੇ ਹਨ :

੧. ਸ੍ਰੀ ਸਾਹਿਬ ਪਾਤਸ਼ਾਹੀ ਨੌਂਵੀਂ
੨. ਨਿਸ਼ਾਨੇ ਵਾਲੀ ਬੰਦੂਕ
੩. ਤੇਗਾ ਬਾਬਾ ਦੀਪ ਸਿੰਘ ਜੀ ਆਦਿ

ਇਸ ਪਾਵਨ ਇਤਿਹਾਸਕ ਅਸਥਾਨ ਦੇ ਨਾਲ ਨਿਮਨਲਿਖਤ ਇਤਿਹਾਸਕ ਅਸਥਾਨ ਦਰਸ਼ਨ ਕਰਨ ਯੋਗ ਹਨ :

੧. ਗੁਰਦੁਆਰਾ ਲਿਖਣ-ਸਰ
੨. ਗੁਰਦੁਆਰਾ ਗੁਰੂ-ਸਰ
੩. ਗੁਰਦੁਆਰਾ ਜੰਡ-ਸਰ
੪. ਗੁਰਦੁਆਰਾ ਮਹੱਲ-ਸਰ
੫. ਗੁਰਦੁਆਰਾ ਨਾਨਕਸਰ
੬. ਬੁਰਜ ਬਾਬਾ ਦੀਪ ਸਿੰਘ
੭. ਗੁਰਦੁਆਰਾ ਬਾਬਾ ਬੀਰ ਸਿੰਘ-ਧੀਰ ਸਿੰਘ
੮. ਗੁਰਦੁਆਰਾ ਮਾਤਾ ਸੁੰਦਰੀ ਤੇ ਮਾਤਾ ਸਾਹਿਬ ਦੇਵਾਂ ਆਦਿ ।

ਇਹ ਪਵਿੱਤਰ ਅਸਥਾਨ ਰੇਲਵੇ ਸਟੇਸ਼ਨ ਬਠਿੰਡਾ ਤੋਂ ੩੦ ਕਿਲੋਮੀਟਰ, ਰਾਮਾ ਮੰਡੀ ਤੋਂ ੧੦ ਕਿਲੋਮੀਟਰ, ਮੌੜ ਮੰਡੀ ਤੋਂ ੨੧ ਕਿਲੋਮੀਟਰ ਤੇ ਬੱਸ ਸਟੈਂਡ ਤਲਵੰਡੀ ਸਾਬੋ ਤੋਂ ਕੇਵਲ ੪੦੦ ਮੀਟਰ ਦੀ ਦੂਰੀ 'ਤੇ ਸੁਭਾਇਮਾਨ ਹੈ ।

ਯਾਤਰੂਆਂ ਦੀ ਰਿਹਾਇਸ਼ ਤੇ ਲੰਗਰ-ਪ੍ਰਸ਼ਾਦਿ ਦਾ ਬਹੁਤ ਵਧੀਆ ਪ੍ਰਬੰਧ ਹੈ । ਰਿਹਾਇਸ਼ ਵਾਸਤੇ ੨੬ ਕਮਰੇ ਤੇ ੬ ਹਾਲ ਕਮਰੇ ਬਾਥਰੂਮ ਸਮੇਤ ਬਣੇ ਹੋਏ ਹਨ । ਦਵਾ-ਦਾਰੂ ਵਾਸਤੇ ਡਿਸਪੈਂਸਰੀ ਹੈ । ਗੁਰਮਤਿ ਗਿਆਨ ਪ੍ਰਚਾਰ-ਪ੍ਰਸਾਰ ਲਈ ਗੁਰਮਤਿ ਲਿਟਰੇਚਰ ਹਾਊਸ ਵੀ ਹੈ।

ਆਦਿ ਗੁਰੂ ਨਾਨਕ ਸਾਹਿਬ ਜੀ, ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਗੁਰਪੁਰਬ, ਸੰਪੂਰਨਤਾ ਦਿਵਸ ਗੁਰੂ ਗ੍ਰੰਥ ਸਾਹਿਬ ਤੇ ਖਾਲਸੇ ਦਾ ਸਿਰਜਣਾ ਦਿਹਾੜਾ ਵੱਡੀ ਪੱਧਰ 'ਤੇ ਮਨਾਏ ਜਾਂਦੇ ਹਨ। ਹਜ਼ਾਰਾਂ ਸ਼ਰਧਾਲੂ ਇਸ ਪਾਵਨ-ਪਵਿੱਤਰ ਧਰਤੀ ਦੀ ਚਰਨ-ਧੂੜ ਪਰਸਣ ਲਈ ਰੋਜ਼ਾਨਾ ਆਉਂਦੇ ਹਨ । ਵਧੇਰੇ ਜਾਣਕਾਰੀ ਲਈ ੦੧੬੫੫-੨੦੦੩੬, ੨੦੨੩੬ ਫੋਨ ਨੰਬਰਾਂ ਦੀ ਸਹੂਲਤ ਪ੍ਰਾਪਤ ਹੈ।



ਗੁਰਦੁਆਰਾ ਲਿਖਣ-ਸਰ

# ਗੁਰਦੁਆਰਾ ਗੁਰੂ-ਸਰ ਮਹਿਰਾਜ

(ਬਠਿੰਡਾ) ਪੰਜਾਬ



ਗੁਰਦੁਆਰਾ ਗੁਰੂ-ਸਰ ਮਹਿਰਾਜ



ਗੁਰਦੁਆਰਾ ਗੁਰੂ-ਸਰ (ਛੋਟਾ) ਮਹਿਰਾਜ

ਗੁਰਦੁਆਰਾ 'ਗੁਰੂਸਰ' ਮਹਿਰਾਜ, ਗੁਰੂ ਹਰਿਗੋਬਿੰਦ ਸਾਹਿਬ ਦੀ ਪਾਵਨ ਯਾਦਗਾਰ ਵਜੋਂ ਸੁਭਾਇਮਾਨ ਹੈ। ੧੬੨੭ ਈ: ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਆਦੇਸ਼ 'ਤੇ ਮਹਿਰਾਜ ਦੇ ਪੜਪੋਤੇ ਭਾਈ ਮੋਹਨ ਨੇ ਮਹਿਰਾਜ ਨਾਮ ਪਿੰਡ ਦੀ ਮੋੜ੍ਹੀ ਗੱਡੀ। ੧੬ ਦਸੰਬਰ, ੧੬੩੪ ਈ: ਨੂੰ ਮਹਿਰਾਜ ਦੀ ਜੂਹ ਵਿਚ ਪਾਣੀ ਦੀ ਢਾਬ ਕੰਢੇ ਗੁਰੂ ਹਰਿਗੋਬਿੰਦ ਸਾਹਿਬ ਨੂੰ, ਸ਼ਾਹੀ ਮੁਗ਼ਲੀਆ ਸੈਨਾ, ਜਿਨ੍ਹਾਂ ਦੀ ਅਗਵਾਈ ਲਲਾ ਬੇਗ ਤੇ ਕਰਮ ਬੇਗ ਕਰ ਰਹੇ ਸਨ, ਨਾਲ ਇਤਿਹਾਸਕ ਯੁੱਧ ਲੜਨਾ ਪਿਆ। ਫਤਹਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਪ੍ਰਾਪਤ ਹੋਈ। ਇਤਿਹਾਸਕਾਰਾਂ ਦੇ ਮਤ ਅਨੁਸਾਰ ਇਸ ਯੁੱਧ ਵਿਚ ੧੨੭੩ ਗੁਰਸਿੱਖ ਅਤੇ ੧੬੦੦੦ ਦੇ ਕਰੀਬ ਸ਼ਾਹੀ ਸੈਨਾ ਦੇ ਜੁਆਨ ਪਰਮਗਤੀ ਨੂੰ ਪ੍ਰਾਪਤ ਹੋਏ। ਯੁੱਧ ਤੋਂ ਪਿੱਛੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਹੱਥੀਂ ਸ਼ਹੀਦ ਗੁਰਸਿੱਖਾਂ ਦਾ ਸ਼ਹੀਦ ਗੰਜ ਦੇ ਸਥਾਨ 'ਤੇ ਸਸਕਾਰ ਕੀਤਾ ਅਤੇ ਮੁਸਲਮਾਨਾਂ ਨੂੰ ਮੁਸਲਮ ਰੀਤੀ ਅਨੁਸਾਰ ਦਮਦਮਾ ਦੇ ਅਸਥਾਨ 'ਤੇ ਦਫ਼ਨਾਇਆ। ਸ਼ਹੀਦ ਸਿੰਘਾਂ ਦੇ ਸਸਕਾਰ ਢਾਬ ਦੇ ਕੰਢੇ ਕੀਤੇ ਗਏ ਜਿਸ ਨੂੰ 'ਗੁਰੂ-ਸਰ' ਦਾ ਨਾਮ ਗੁਰੂ ਹਰਿਗੋਬਿੰਦ ਪਾਤਸ਼ਾਹ ਨੇ ਖੁਦ ਦਿੱਤਾ ਅਤੇ ਸੇਵਾ-ਸੰਭਾਲ ਲਈ ਇਕ ਗੁਰਸਿੱਖ ਦੀ ਡਿਊਟੀ ਲਗਾਈ। ਆਪ ਗੁਰੂ ਜੀ ਅੰਮ੍ਰਿਤਸਰ ਵਾਪਸ ਆ ਗਏ। ਇਹ ਇਤਿਹਾਸਕ ਅਸਥਾਨ ਕਸਬਾ ਮਹਿਰਾਜ ਤੋਂ ਲਗਭਗ ਤਿੰਨ ਕਿਲੋਮੀਟਰ ਦੀ ਦੂਰੀ 'ਤੇ ਹੈ। ਗੁਰੂਸਰ ਦੇ ਅਸਥਾਨ 'ਤੇ ਮਹਾਰਾਜਾ ਹੀਰਾ ਸਿੰਘ ਨਾਭਾਪਤੀ (੧੮੭੧-੧੯੧੧ ਈ:) ਨੇ ਸ਼ਾਨਦਾਰ ਗੁਰਦੁਆਰੇ ਦੀ ਇਮਾਰਤ ਦਾ ਨਿਰਮਾਣ ਕਾਰਜ ਕਰਵਾਇਆ ਅਤੇ ਸਰੋਵਰ ਦੀ ਸੇਵਾ ਕਰਵਾਈ। ਰਿਆਸਤ ਪਟਿਆਲਾ ਅਤੇ ਨਾਭਾ ਵੱਲੋਂ ਇਸ ਅਸਥਾਨ ਨੂੰ ਕੁਝ ਜ਼ਮੀਨ ਜਗੀਰ ਦੇ ਰੂਪ ਵਿਚ ਭੇਂਟ ਕੀਤੀ ਗਈ। ਮਹਿਰਾਜ ਪਿੰਡ ਵਿਚ 'ਛੋਟਾ ਗੁਰੂ-ਸਰ' ਨਾਮ ਦਾ ਇਤਿਹਾਸਕ ਗੁਰਦੁਆਰਾ ਹੈ। ਕੁਝ ਇਤਿਹਾਸਕਾਰਾਂ ਦਾ ਮੱਤ ਹੈ ਕਿ ਗੁਰੂ ਹਰਿਰਾਇ ਸਾਹਿਬ ਜੀ ਨੇ ਵੀ ਇਸ ਅਸਥਾਨ 'ਤੇ ਆਪਣੇ ਮੁਬਾਰਕ ਚਰਨ ਪਾਏ ਸਨ।

ਗੁਰਦੁਆਰਾ ਗੁਰੂਸਰ ਮਹਿਰਾਜ ਦੀ ੧੯੯੦ ਈ: ਵਿਚ ਬਣੀ ਅਤਿ ਸੁੰਦਰ ਦੋ ਮੰਜ਼ਲੀ ਇਮਾਰਤ ਅਤੇ ਝੂਲਦੇ ਦੋ ਕੇਸਰੀ ਪਰਚਮ ਦੂਰ ਤੋਂ ਦਿਖਾਈ ਦਿੰਦੇ ਹਨ। ਗੁਰਦੁਆਰਾ ਸਾਹਿਬ ਦੇ ਨਾਲ ਹੀ ਵਿਸ਼ਾਲ ਸਰੋਵਰ ਹੈ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਪ੍ਰਬੰਧ ਵਧੀਆ ਹੈ। ਇਸ ਇਤਿਹਾਸਕ ਗੁਰ-ਅਸਥਾਨ 'ਤੇ ਪਹਿਲੀ-ਪੰਜਵੀਂ, ਛੇਵੀਂ ਤੇ ਦਸਵੀਂ ਪਾਤਸ਼ਾਹੀ ਦੇ ਪ੍ਰਕਾਸ਼ ਗੁਰਪੁਰਬ ਅਤੇ ੧੪-੧੫ ਮੱਘਰ ਨੂੰ ਸਾਲਾਨਾ ਜੋੜ ਮੇਲਾ ਵਿਸ਼ੇਸ਼ ਰੂਪ ਵਿਚ ਮਨਾਏ ਜਾਂਦੇ ਹਨ। ਪ੍ਰਬੰਧ, ਸ਼੍ਰੋਮਣੀ ਗੁ: ਪ੍ਰ: ਕਮੇਟੀ ਲੋਕਲ ਕਮੇਟੀ ਰਾਹੀਂ ਕਰਦੀ ਹੈ।

ਇਹ ਇਤਿਹਾਸਕ ਅਸਥਾਨ ਪਿੰਡ ਮਹਿਰਾਜ, ਤਹਿਸੀਲ ਰਾਮਪੁਰਾ ਫੂਲ, ਜ਼ਿਲ੍ਹਾ ਬਠਿੰਡਾ ਵਿਚ ਰੇਲਵੇ ਸਟੇਸ਼ਨ ਅਤੇ ਬੱਸ ਸਟੈਂਡ ਰਾਮਪੁਰਾ ਫੂਲ ਤੋਂ ੧੦ ਕਿਲੋਮੀਟਰ ਦੀ ਦੂਰੀ ਤੇ ਬਠਿੰਡਾ-ਰਾਮਪੁਰਾ ਫੂਲ-ਮਹਿਰਾਜ ਰੋਡ 'ਤੇ ਸਥਿਤ ਹੈ।

# ਗੁਰਦੁਆਰਾ 'ਜੰਡਸਰ ਪਾ: ਦਸਵੀਂ' ਪੱਕਾ ਕਲਾਂ

(ਬਠਿੰਡਾ) ਪੰਜਾਬ



ਗੁਰਦੁਆਰਾ 'ਜੰਡਸਰ ਪਾ: ਦਸਵੀਂ', ਪੱਕਾ ਕਲਾਂ, ਜਿਵੇਂ ਕਿ ਨਾਮ ਤੋਂ ਹੀ ਸਪੱਸ਼ਟ ਹੈ, ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਚਰਨ ਛੋਹ ਪ੍ਰਾਪਤ ਧਰਤ 'ਤੇ ਸੁਭਾਇਮਾਨ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ੧੭੦੬ ਈ: ਵਿਚ ਸਿੱਖ ਸੰਗਤਾਂ ਸਮੇਤ ਜੱਸੀ ਤੋਂ ਪੱਕਾ ਕਲਾਂ ਕੈਂਪ ਕੀਤਾ ਅਤੇ ਤਿੰਨ ਦਿਨ ਇਸ ਅਸਥਾਨ 'ਤੇ ਨਿਵਾਸ ਕੀਤਾ। ਪੱਕਾ ਕਲਾਂ ਤੋਂ ਗੁਰੂ ਜੀ ਦਮਦਮਾ ਸਾਹਿਬ ਤਲਵੰਡੀ ਸਾਬੋ ਪਹੁੰਚੇ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਪ੍ਰੇਮੀ ਗੁਰਸਿੱਖਾਂ ਨੇ ਯਾਦਗਾਰ ਕਾਇਮ ਕੀਤੀ । ਰਿਆਸਤ ਪਟਿਆਲਾ ਵੱਲੋਂ ਇਸ ਅਸਥਾਨ ਨੂੰ ਕਾਫੀ ਸਾਰੀ ਜ਼ਮੀਨ ਜਗੀਰ ਦੇ ਰੂਪ ਵਿਚ ਭੇਂਟ ਕੀਤੀ ਗਈ ਅਤੇ ਗੁਰਦੁਆਰਾ ਸਾਹਿਬ ਦੀ ਇਮਾਰਤ ਵੀ ਨਵੇਂ ਰੂਪ ਵਿਚ ਉਸਾਰੀ ਗਈ। ੧੯੨੫ ਈ: ਵਿਚ ਸਿੱਖ ਗੁਰਦੁਆਰਾ ਐਕਟ ਬਣਨ ਨਾਲ ਇਹ ਇਤਿਹਾਸਕ ਅਸਥਾਨ ਅਤੇ ਜਗੀਰ ਨਿੱਜੀ ਹੱਥਾਂ ਵਿਚ ਚਲੀ ਗਈ। ਦੇਸ਼ ਵੰਡ ਸਮੇਂ ਪੁਰਾਤਨ ਜੰਡ ਦੇ ਦਰਖਤ ਦੇ ਨਜ਼ਦੀਕ ਨਵੇਂ ਗੁਰਦੁਆਰੇ ਦੀ ਉਸਾਰੀ ਕਰਵਾਈ ਗਈ ਅਤੇ ਨਾਲ ਹੀ ਸਰੋਵਰ ਬਣਨ ਕਾਰਨ ਨਾਮ ਜੰਡ ਸਰ ਪ੍ਰਸਿੱਧ ਹੋਇਆ। ਗੁਰਦੁਆਰਾ ਸਾਹਿਬ ਦੀ ਬਣੀ ਬਹੁ-ਮੰਜ਼ਲੀ ਇਮਾਰਤ ਦੂਰ ਤੋਂ ਦਿਖਾਈ ਦਿੰਦੀ ਹੈ।

ਇਸ ਅਸਥਾਨ 'ਤੇ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਅਤੇ ਪੰਚਮ ਪਾਤਸ਼ਾਹ ਦਾ ਸ਼ਹੀਦੀ ਦਿਹਾੜਾ ਵਿਸ਼ੇਸ਼ ਰੂਪ ਵਿਚ ਮਨਾਏ ਜਾਂਦੇ ਹਨ। ਯਾਤਰੂਆਂ ਦੀ ਟਹਿਲ ਸੇਵਾ ਵਾਸਤੇ ਲੰਗਰ ਪ੍ਰਸ਼ਾਦਿ ਦਾ ਪ੍ਰਬੰਧ ਵਧੀਆ ਹੈ। ਰਿਹਾਇਸ਼ ਵਾਸਤੇ ਤਿੰਨ ਕਮਰੇ ਬਣੇ ਹੋਏ ਹਨ। ਪ੍ਰਬੰਧ ਸ਼੍ਰੋਮਣੀ ਗੁ: ਪ੍ਰ: ਕਮੇਟੀ, ਲੋਕਲ ਕਮੇਟੀ ਰਾਹੀਂ ਕਰਦੀ ਹੈ।

ਇਹ ਅਸਥਾਨ ਪਿੰਡ ਪੱਕਾ ਕਲਾਂ, ਤਹਿਸੀਲ ਤਲਵੰਡੀ ਸਾਬੋ, ਜ਼ਿਲ੍ਹਾ ਬਠਿੰਡਾ ਵਿਚ, ਬਠਿੰਡਾ ਰੇਲਵੇ ਸਟੇਸ਼ਨ ਤੋਂ ੨੪ ਕਿਲੋਮੀਟਰ ਅਤੇ ਬੱਸ ਸਟੈਂਡ ਪੱਕਾ ਕਲਾਂ ਤੋਂ ਇਕ ਕਿਲੋਮੀਟਰ ਦੀ ਦੂਰੀ 'ਤੇ ਬਠਿੰਡਾ-ਪੱਕਾ ਰਾਮਾ ਰੋਡ 'ਤੇ ਸਥਿਤ ਹੈ।

# ਗੁਰਦੁਆਰਾ 'ਗੁਰੂ-ਸਰ' ਕੋਟ ਸ਼ਮੀਰ

(ਬਠਿੰਡਾ) ਪੰਜਾਬ

ਗੁਰਦੁਆਰਾ 'ਗੁਰੂ-ਸਰ' ਕੋਟ ਸ਼ਮੀਰ, ਦਸਮੇਸ਼ ਪਿਤਾ, ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਚਰਨ ਛੋਹ ਦੀ ਯਾਦ ਵਿਚ ਸੁਭਾਇਮਾਨ ਹੈ। ਗੁਰੂ ਜੀ ਬਠਿੰਡੇ ਤੋਂ ਦਮਦਮਾ ਸਾਹਿਬ ਨੂੰ ਜਾਣ ਸਮੇਂ ੧੭੦੬ ਈ: ਵਿਚ ਭਾਗੀ ਬਾਂਦਰ ਤੋਂ ਇਥੇ ਆਏ ਅਤੇ ਪਿੰਡ ਤੋਂ ਬਾਹਰਵਾਰ ਇਕ ਢਾਬ ਦੇ ਕਿਨਾਰੇ ਨਿਵਾਸ ਕੀਤਾ। ਭਾਈ ਡੱਲਾ, ਗੁਰਦੇਵ ਦੇ ਆਦਰ-ਸਤਿਕਾਰ ਵਾਸਤੇ ਦਮਦਮਾ ਸਾਹਿਬ (ਤਲਵੰਡੀ ਸਾਬੋ) ਤੋਂ ਵਿਸ਼ੇਸ਼ ਰੂਪ ਵਿਚ ਇਥੇ ਆਇਆ। ਕੋਟ ਸ਼ਮੀਰ ਦਾ ਇਲਾਕਾ ਭਾਈ ਡੱਲੇ ਦੇ ਅਧਿਕਾਰ ਖੇਤਰ ਵਿਚ ਸੀ। ਗੁਰੂ ਜੀ ਭਾਈ ਡੱਲੇ ਤੇ ਗੁਰਸਿੱਖ ਸੰਗਤਾਂ ਸਮੇਤ ਜੰਡਾਲੀ ਟਿੱਬੇ ਤੋਂ ਹੁੰਦੇ ਹੋਏ ਤਲਵੰਡੀ ਸਾਬੋ ਪਹੁੰਚੇ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਸ੍ਰ: ਫਤਹਿ ਸਿੰਘ ਨੇ ਯਾਦਗਾਰੀ ਗੁਰੂ-ਘਰ ਦਾ ਨਿਰਮਾਣ ਕਰਵਾਇਆ। ਗੁਰਦੁਆਰਾ ਸਾਹਿਬ ਦੇ ਨਾਲ ਸਰੋਵਰ ਹੋਣ ਕਰਕੇ 'ਗੁਰੂ-ਸਰ' ਦੇ ਨਾਮ ਨਾਲ ਪ੍ਰਸਿੱਧ



ਹੈ। ਗੁਰਦੁਆਰਾ ਸਾਹਿਬ ਦੀ ਦੋ ਮੰਜ਼ਲੀ ਇਮਾਰਤ ਨਵੀਂ ਬਣੀ ਹੋਈ ਹੈ। ਇਹ ਅਸਥਾਨ ਪਿੰਡ ਕੋਟ ਸ਼ਮੀਰ ਤੋਂ ਥੋੜਾ ਬਾਹਰਵਾਰ ਹੈ।

ਇਸ ਅਸਥਾਨ 'ਤੇ ਪਹਿਲੀ, ਪੰਜਵੀਂ ਤੇ ਦਸਵੀਂ ਪਾਤਸ਼ਾਹੀ ਦੇ ਪ੍ਰਕਾਸ਼ ਗੁਰਪੁਰਬ ਅਤੇ ਖਾਲਸੇ ਦਾ ਸਿਰਜਣਾ ਦਿਹਾੜਾ ਵਿਸਾਖੀ ਵਿਸ਼ੇਸ਼ ਰੂਪ ਵਿਚ ਮਨਾਏ ਜਾਂਦੇ ਹਨ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ- ਪ੍ਰਸ਼ਾਦਿ ਦਾ ਪ੍ਰਬੰਧ ਹੈ ਅਤੇ ਰਿਹਾਇਸ਼ ਵਾਸਤੇ ਵੀ ਦੋ ਕਮਰੇ ਬਣੇ ਹੋਏ ਹਨ। ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲੋਕਲ ਕਮੇਟੀ ਰਾਹੀਂ ਕਰਦੀ ਹੈ।

ਇਹ ਇਤਿਹਾਸਕ ਅਸਥਾਨ ਪਿੰਡ ਕੋਟ ਸ਼ਮੀਰ, ਤਹਿਸੀਲ/ਜ਼ਿਲਾ ਬਠਿੰਡਾ ਵਿਚ ਬਠਿੰਡਾ ਰੇਲਵੇ ਸਟੇਸ਼ਨ ਤੇ ਬੱਸ ਸਟੈਂਡ ਤੋਂ ੧੪ ਕਿਲੋਮੀਟਰ ਦੀ ਦੂਰੀ 'ਤੇ ਬਠਿੰਡਾ-ਤਲਵੰਡੀ ਸਾਬੋ ਰੋਡ 'ਤੇ ਸਥਿਤ ਹੈ।

# ਗੁਰਦੁਆਰਾ ਪਾਤਸ਼ਾਹੀ ਦਸਵੀਂ, ਹਾਜੀ ਰਤਨ

(ਬਠਿੰਡਾ) ਪੰਜਾਬ

ਦਸਮੇਸ਼ ਪਿਤਾ, ਗੁਰੂ ਗੋਬਿੰਦ ਸਿੰਘ ਜੀ, ਜਗਤ-ਜਲੰਦੇ ਨੂੰ ਤਾਰਦੇ ਹੋਏ, ਗੁਰੂ-ਕਾਸ਼ੀ, ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਪਵਿੱਤਰ ਧਰਤੀ ਤੋਂ ਇਸ ਅਸਥਾਨ 'ਤੇ ੧੭੦੬ ਈ. ਨੂੰ ਪਧਾਰੇ ਅਤੇ ਮੁਸਲਮਾਨ ਫ਼ਕੀਰ ਹਾਜੀ ਰਤਨ (ਰਤਨ ਹਾਜੀ ਅਸਲ ਨਾਂ) ਦੇ ਮਕਬਰੇ ਪਾਸ ਪੜਾਅ ਕੀਤਾ। ਗੁਰੂ ਜੀ ਕੁਝ ਸਮਾਂ ਇਸ ਜਗ੍ਹਾ 'ਤੇ ਠਹਿਰੇ ਤੇ ਭਾਈ ਚਾਂਦ ਸ਼ਾਹ ਨਾਲ ਗਿਆਨ-ਚਰਚਾ ਕੀਤੀ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਆਲੀਸ਼ਾਨ ਗੁਰਦੁਆਰਾ ਸੁਭਾਇਮਾਨ ਹੈ, ਜਿਸ ਦੀ ਵਰਤਮਾਨ ਇਮਾਰਤ ੧੯੯੬ ਈ. 'ਚ ਬਣੀ ਹੈ ਅਤੇ ਗੁਰਦੁਆਰਾ ਸਾਹਿਬ ਦੇ ਨਾਲ ਸੁੰਦਰ ਸਰੋਵਰ ਹੈ। ਗੁਰਦੁਆਰਾ ਸਾਹਿਬ ਦਾ ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਹੈ।



ਗੁਰਦੁਆਰਾ ਪਾਤਸ਼ਾਹੀ ਦਸਵੀਂ, ਹਾਜੀ ਰਤਨ



ਗੁਰਦੁਆਰਾ ਪਾਤਸ਼ਾਹੀ ਦਸਵੀਂ, ਕਿਲ੍ਹਾ ਮੁਬਾਰਕ (ਬਠਿੰਡਾ)

ਬਠਿੰਡਾ ਦੇ ਸ਼ਾਹੀ ਕਿਲ੍ਹੇ ਵਿਚ ਵੀ ਗੁਰੂ ਜੀ ਨੇ ਮੁਬਾਰਕ ਚਰਨ ਪਾਏ। ਉਨ੍ਹਾਂ ਦੀ ਯਾਦ ਵਿਚ 'ਗੁਰਦੁਆਰਾ ਪਾਤਸ਼ਾਹੀ ਦਸਵੀਂ ਕਿਲ੍ਹਾ ਮੁਬਾਰਕ' ਬਣਿਆ ਹੋਇਆ ਹੈ।

ਇਹ ਇਤਿਹਾਸਕ ਅਸਥਾਨ ਰੇਲਵੇ ਸਟੇਸ਼ਨ ਬਠਿੰਡਾ ਤੋਂ ਤਿੰਨ ਕਿਲੋਮੀਟਰ ਅਤੇ ਬੱਸ ਸਟੈਂਡ ਬਠਿੰਡਾ ਤੋਂ ਬਠਿੰਡਾ-ਮਾਨਸਾ ਰੋਡ 'ਤੇ ਕੇਵਲ ਇਕ ਕਿਲੋਮੀਟਰ ਦੀ ਦੂਰੀ 'ਤੇ ਹੈ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਰਿਹਾਇਸ਼, ਲੰਗਰ-ਪ੍ਰਸ਼ਾਦਿ ਦਾ ਪ੍ਰਬੰਧ ਵਧੀਆ ਹੈ। ਰਿਹਾਇਸ਼ ਵਾਸਤੇ ੧੦ ਕਮਰੇ, ਇਕ ਹਾਲ ਕਮਰਾ, ਇਕ ਰੈਸਟ ਹਾਊਸ ਹੈ। ਗੁਰਮਤਿ ਲਿਟਰੇਚਰ ਹਾਊਸ ਵੀ ਹੈ।

ਇਸ ਅਸਥਾਨ 'ਤੇ ਗੁਰੂ ਨਾਨਕ ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਗੁਰਪੁਰਬ ਤੇ ਵੈਸਾਖੀ ਵਿਸ਼ੇਸ਼ ਤੌਰ 'ਤੇ ਮਨਾਏ ਜਾਂਦੇ ਹਨ। ਵਧੇਰੇ ਜਾਣਕਾਰੀ ਲਈ ੦੧੬੪-੨੨੦੨੩੭ ਫੋਨ ਨੰਬਰ ਦੀ ਸਹੂਲਤ ਪ੍ਰਾਪਤ ਹੈ।

# ਗੁਰਦੁਆਰਾ ਪਾਤਸ਼ਾਹੀ ਦਸਵੀਂ ਬਾਜਕ

(ਬਠਿੰਡਾ) ਪੰਜਾਬ



ਜਿਵੇਂ ਕਿ ਨਾਮ ਤੋਂ ਹੀ ਸਪੱਸ਼ਟ ਹੈ ਕਿ 'ਗੁਰਦੁਆਰਾ ਪਾਤਸ਼ਾਹੀ ਦਸਵੀਂ', ਬਾਜਕ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਯਾਦਗਾਰ ਵਜੋਂ ਸੁਭਾਇਮਾਨ ਹੈ। ਗੁਰੂ ਗੋਬਿੰਦ ਸਿੰਘ ਜੀ ਡੱਡੇਆਣਾ ਤੋਂ ਇਥੇ ਆਏ ਤੇ ਕੁਝ ਸਮਾਂ ਇਥੇ ਨਿਵਾਸ ਕੀਤਾ। ਸੱਧੂ ਅਤੇ ਬੱਧੂ ਨਾਮੀ ਦੋ ਦੀਵਾਨੇ ਸਾਧਾਂ ਨੇ ਗੁਰੂ ਜੀ ਨੂੰ ਖੂਬ ਆਦਰ-ਸਤਿਕਾਰ ਦਿੱਤਾ ਤੇ ਟਹਿਲ-ਸੇਵਾ ਕੀਤੀ। ਮਾਲਵੇ ਵਿਚ ਜੋ ਲੋਕ, ਢੱਡ-ਸਾਰੰਗੀ ਨਾਲ ਗਾਉਂਦੇ ਸਨ ਉਨ੍ਹਾਂ ਨੂੰ 'ਦੀਵਾਨੇ' ਕਿਹਾ ਜਾਂਦਾ ਸੀ। ਸੱਧੂ ਅਤੇ ਬੱਧੂ ਨਾਮੀ ਦੀਵਾਨਿਆਂ ਨੇ ਢੱਡ ਸਾਰੰਗੀ ਨਾਲ ਗੁਰੂ ਗੋਬਿੰਦ ਸਿੰਘ ਨੂੰ 'ਸੱਦ' ਸੁਣਾਈ। ਗੁਰੂ ਜੀ ਇਨ੍ਹਾਂ ਦੀ ਰਾਗ ਵਿੱਦਿਆ ਤੋਂ ਬਹੁਤ ਖੁਸ਼ ਹੋਏ।

ਇਨ੍ਹਾਂ ਦੀਵਾਨੇ ਸਾਧਾਂ ਦੀ ਬੇਨਤੀ 'ਤੇ ਗੁਰੂ ਜੀ ਨੇ ਫਿਰ ਮਾਛੀਵਾੜੇ ਵਾਲਾ ਲਿਬਾਸ ਧਾਰਨ ਕੀਤਾ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਸ: ਧਿਆਨ ਸਿੰਘ ਨੇ ਗੁਰੂ-ਘਰ ਦੀ ਸੇਵਾ ਕਰਵਾਈ। ਹੁਣ ਗੁਰੂ-ਘਰ ਦੇ ਨਜ਼ਦੀਕ ਸੁੰਦਰ ਸਰੋਵਰ ਵੀ ਬਣਿਆ ਹੋਇਆ ਹੈ। ਪਹਿਲਾਂ ਪ੍ਰਬੰਧ, ਪਿਤਾ-ਪੁਰਖੀ ਸੀ, ਹੁਣ ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲੋਕਲ ਕਮੇਟੀ ਰਾਹੀਂ ਕਰਦੀ ਹੈ। ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ੫ ਮਾਰਚ, ੧੯੯੭ ਨੂੰ ਬਣਨੀ ਸ਼ੁਰੂ ਹੋਈ

ਇਸ ਅਸਥਾਨ 'ਤੇ ਗੁਰੂ ਨਾਨਕ- ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ, ਵੈਸਾਖੀ ਤੇ ਬੰਦੀ-ਛੋੜ ਦਿਵਸ (ਦੀਵਾਲੀ) ਵਿਸ਼ੇਸ਼ ਰੂਪ ਵਿਚ ਮਨਾਏ ਜਾਂਦੇ ਹਨ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਪ੍ਰਬੰਧ ਵਧੀਆ ਹੈ। ਰਿਹਾਇਸ਼ ਵਾਸਤੇ ਵੀ ੪ ਕਮਰੇ ਬਣੇ ਹੋਏ ਹਨ।

ਇਹ ਇਤਿਹਾਸਕ ਅਸਥਾਨ ਪਿੰਡ ਬਾਜਕ, ਤਹਿ: ਜ਼ਿਲ੍ਹਾ ਬਠਿੰਡਾ ਵਿਚ ਰੇਲਵੇ ਸਟੇਸ਼ਨ ਬਲੂਆਣਾ- ਸੰਗਤ ਤੋਂ ੧੨ ਕਿਲੋਮੀਟਰ ਤੇ ਬੱਸ ਸਟੈਂਡ ਬਠਿੰਡਾ ਤੋਂ ਗਿਦੜਬਾਹਾ- ਬਠਿੰਡਾ ਰੋਡ 'ਤੇ ੩੦ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ।

# ਗੁਰਦੁਆਰਾ ਪਾਤਸ਼ਾਹੀ ਦਸਵੀਂ, ਚੱਕ ਫਤੇ ਸਿੰਘ ਵਾਲਾ

(ਬਠਿੰਡਾ) ਪੰਜਾਬ



ਦਸਮੇਸ਼ ਪਿਤਾ, ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਚਰਨ-ਛੋਹ ਪ੍ਰਾਪਤ ਧਰਤ 'ਤੇ ਸਸ਼ੋਭਿਤ ਹੈ, ਗੁਰਦੁਆਰਾ ਪਾਤਸ਼ਾਹੀ ਦਸਵੀਂ ਚੱਕ ਫਤੇ ਸਿੰਘ ਵਾਲਾ। ਗੁਰੂ-ਘਰ ਦੇ ਪ੍ਰੇਮੀ ਗੁਰਸਿੱਖ ਭਾਈ ਭਗਤੂ ਦੇ ਪੋਤਰੇ, ਭਾਈ ਰਾਮ ਸਿੰਘ ਦੀ ਬੇਨਤੀ ਨੂੰ ਸਵੀਕਾਰਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਤੋਂ ੧੯ ਜੇਠ ਸੰ: ੧੭੬੩ (੧੦ ਮਈ, ੧੭੦੬ ਈ.) ਨੂੰ ਇਥੇ ਆਏ। ਭਾਈ ਰਾਮ ਸਿੰਘ ਤੇ ਇਲਾਕੇ ਦੀਆਂ ਸੰਗਤਾਂ ਨੇ ਗੁਰੂ ਜੀ ਦਾ ਬਹੁਤ ਆਦਰ-ਮਾਣ ਕੀਤਾ। ਗੁਰੂ ਜੀ ਇਕ ਹਫਤਾ ਇਥੇ ਰਹੇ ਤੇ ਫਿਰ ਵਾਪਸ ਤਲਵੰਡੀ ਸਾਬੋ ਆ ਗਏ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਪ੍ਰੇਮੀ ਗੁਰਸਿੱਖਾਂ ਨੇ 'ਗੁਰੂ-ਘਰ' ਦਾ ਨਿਰਮਾਣ ਕਾਰਜ ਕਰਵਾਇਆ, ਜਿਸ ਦੀ ਸੇਵਾ-ਸੰਭਾਲ ਨਿਰਮਲੇ ਸਿੰਘ ਕਰਦੇ ਰਹੇ। ਹੁਣ ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲੋਕਲ ਕਮੇਟੀ ਰਾਹੀਂ ਕਰਦੀ ਹੈ। ਗੁਰਦੁਆਰਾ ਸਾਹਿਬ ਦੀ ੧੯੬੦ ਈ. ਵਿਚ ਬਣੀ ਇਮਾਰਤ ਦੀ ਥਾਂ 'ਤੇ ਨਵੀਂ ਇਮਾਰਤ ਦੀ ਉਸਾਰੀ ਕਰਵਾਈ ਗਈ। ਗੁਰਦੁਆਰਾ ਸਾਹਿਬ ਦੇ ਨਾਲ ਸਰੋਵਰ ਵੀ ਬਣਿਆ ਹੋਇਆ ਹੈ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਪ੍ਰਬੰਧ ਠੀਕ ਹੈ। ਰਿਹਾਇਸ਼ ਵਾਸਤੇ ੧੦ ਕਮਰੇ ਬਣੇ ਹੋਏ ਹਨ।

ਇਸ ਇਤਿਹਾਸਕ ਅਸਥਾਨ 'ਤੇ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਸਾਲਾਨਾ ਜੋੜ ਮੇਲਾ ਵਿਸ਼ੇਸ਼ ਰੂਪ ਵਿਚ ਮਨਾਏ ਜਾਂਦੇ ਹਨ।

ਇਹ ਇਤਿਹਾਸਕ ਗੁਰਦੁਆਰਾ, ਪਿੰਡ ਫਤੇ ਸਿੰਘ ਵਾਲਾ, ਤਹਿਸੀਲ/ਜ਼ਿਲ੍ਹਾ ਬਠਿੰਡਾ ਵਿਚ ਰੇਲਵੇ ਸਟੇਸ਼ਨ ਤੇ ਬੱਸ ਸਟੈਂਡ ਭੁੱਚੋ ਮੰਡੀ ਤੋਂ ਕੇਵਲ ੪ ਕਿਲੋਮੀਟਰ ਦੀ ਦੂਰੀ 'ਤੇ ਬਠਿੰਡਾ-ਬਰਨਾਲਾ ਰੋਡ 'ਤੇ ਸਥਿਤ ਹੈ। ਲਿੰਕ ਰੋਡ ਭੁੱਚੋ ਮੰਡੀ-ਤਲਵੰਡੀ ਸਾਬੋ ਵੀ ਹੈ।

# ਗੁਰਦੁਆਰਾ ਪਾਤਸ਼ਾਹੀ ਛੇਵੀਂ ਤੇ ਦਸਵੀਂ ਭਗਤਾ ਭਾਈ ਕਾ

(ਬਠਿੰਡਾ) ਪੰਜਾਬ



ਗੁਰਦੁਆਰਾ ਪਾਤਸ਼ਾਹੀ ਛੇਵੀਂ 'ਤੇ ਦਸਵੀਂ (ਭਗਤਾ ਭਾਈ ਕਾ) ਗੁਰੂ ਹਰਿਗੋਬਿੰਦ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਯਾਦ ਵਿਚ ਸੁਭਾਇਮਾਨ ਹੈ। ਮਾਲਵਾ ਪ੍ਰਚਾਰ-ਫੇਰੀ ਸਮੇਂ (੧੬੩੧-੧੬੩੪ ਈ.) ਗੁਰੂ ਹਰਿਗੋਬਿੰਦ ਸਾਹਿਬ ਦਿਆਲਪੁਰ ਤੋਂ ਭਾਈ ਭਗਤੇ ਆਏ। 'ਭਗਤਾ ਭਾਈ ਕਾ' ਨਗਰ ਭਾਈ ਬਹਿਲੋ ਦੇ ਪੋਤਰੇ 'ਭਗਤੇ' ਨੇ ਵਸਾਇਆ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਭਾਈ ਬਹਿਲੋ ਦੇ ਪਰਿਵਾਰ ਨੇ ਬਹੁਤ ਆਦਰ-ਮਾਣ ਦਿੱਤਾ। ਗੁਰਦੇਵ ਦੀ ਚਰਨ-ਛੋਹ ਪ੍ਰਾਪਤ ਧਰਤ 'ਤੇ ਪ੍ਰੇਮੀ ਗੁਰਸਿੱਖਾਂ ਨੇ 'ਮੰਜੀ ਸਾਹਿਬ' ਦਾ ਨਿਰਮਾਣ ਕਰਵਾਇਆ।

ਦਸਮੇਸ਼ ਪਿਤਾ, ਗੁਰੂ ਗੋਬਿੰਦ ਸਿੰਘ ਜੀ ਦੀਨੇ ਕਾਂਗੜ ਤੋਂ ਸ਼ਿਕਾਰ ਖੇਡਦੇ ਹੋਏ, ਭਾਈ ਭਗਤੇ ਦੇ ਖੂਹ ਦੇ ਨਜ਼ਦੀਕ ਇਕ ਪਿੱਪਲ ਹੇਠ ਬਿਰਾਜੇ। ਇਕ ਸ਼ਸ਼ਤਰਧਾਰੀ ਪ੍ਰੇਮੀ ਗੁਰਸਿੱਖ ਆਪਣੇ ਨੌਜੁਆਨ ਸਪੁੱਤਰ ਸਮੇਤ ਗੁਰੂ ਜੀ ਦੇ ਚਰਨਾਂ 'ਚ ਹਾਜ਼ਰ ਹੋਇਆ ਤੇ ਘੁੰਗਣੀਆਂ ਭੇਂਟ ਕੀਤੀਆਂ ਅਤੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਨੌਜੁਆਨ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ਿਸ਼ ਕੀਤੀ ਜਾਵੇ। ਗੁਰੂ ਜੀ ਨੇ ਨੌਜੁਆਨ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ਿਸ਼ ਕਰ ਨਾਮ ਘੁੰਗਣਾ ਸਿੰਘ ਰੱਖਿਆ। ਭਾਈ ਭਗਤੇ ਦੇ ਸਪੁੱਤਰ ਭਾਈ ਗੁਰਦਾਸ ਨੂੰ ਜਦ ਗੁਰੂ ਜੀ ਦੀ ਆਮਦ ਦਾ ਪਤਾ ਚੱਲਿਆ ਤਾਂ ਉਹ ਗੁਰੂ ਜੀ ਨੂੰ ਮਾਣ-ਸਤਿਕਾਰ ਸਹਿਤ ਆਪਣੇ ਘਰ ਲੈ ਗਿਆ ਤੇ ਗੁਰਦੇਵ ਦੀ ਖੂਬ ਟਹਿਲ-ਸੇਵਾ ਕੀਤੀ।

ਗੁਰੂ ਜੀ ਦੀ ਆਮਦ ਦੀ ਯਾਦ ਵਿਚ ਪ੍ਰੇਮੀ ਗੁਰਸਿੱਖਾਂ ਨੇ ਭਾਈ ਭਗਤੇ ਦੇ ਖੂਹ ਦੇ ਨਜ਼ਦੀਕ ਯਾਦਗਾਰੀ ਗੁਰਦੁਆਰੇ ਦਾ ਨਿਰਮਾਣ ਕਾਰਜ ਕਰਵਾਇਆ। ਰਿਆਸਤ ਫਰੀਦਕੋਟ ਵੱਲੋਂ ਇਸ ਅਸਥਾਨ ਨੂੰ ਕੁਝ ਜ਼ਮੀਨ ਜਗੀਰ ਦੇ ਰੂਪ ਵਿਚ ਭੇਂਟ ਕੀਤੀ ਗਈ। ਗੁਰਦੁਆਰਾ ਸਾਹਿਬ ਦੀ ਵਰਤਮਾਨ ਇਮਾਰਤ ਨਵੀਂ ਬਣੀ ਹੈ। ਪ੍ਰਬੰਧ, ਸ਼੍ਰੋਮਣੀ ਗੁ: ਪ੍ਰ: ਕਮੇਟੀ ਲੋਕਲ ਕਮੇਟੀ ਰਾਹੀਂ ਕਰਦੀ ਹੈ। ਇਸ ਇਤਿਹਾਸਕ ਅਸਥਾਨ 'ਤੇ ਪਹਿਲੀ ਛੇਵੀਂ ਤੇ ਦਸਵੀਂ ਪਾਤਸ਼ਾਹੀ ਦੇ ਪ੍ਰਕਾਸ਼ ਗੁਰਪੁਰਬ ਅਤੇ ਪੰਚਮ ਤੇ ਨੌਵੀਂ ਪਾਤਸ਼ਾਹੀ ਦੇ ਸ਼ਹੀਦੀ ਦਿਹਾੜੇ ਵਿਸ਼ੇਸ਼ ਰੂਪ ਵਿਚ ਮਨਾਏ ਜਾਂਦੇ ਹਨ।

ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਪ੍ਰਬੰਧ ਵਧੀਆ ਹੈ। ਇਹ ਅਸਥਾਨ ਪਿੰਡ 'ਭਗਤਾ ਭਾਈ ਕਾ' ਤਹਿਸੀਲ ਫੂਲ, ਜ਼ਿਲ੍ਹਾ ਬਠਿੰਡਾ ਵਿਚ, ਰੇਲਵੇ ਸਟੇਸ਼ਨ ਬਠਿੰਡਾ ਤੋਂ ੨੨ ਕਿਲੋਮੀਟਰ ਤੇ ਬੱਸ ਸਟੈਂਡ 'ਭਗਤਾ ਭਾਈ ਕਾ' ਤੋਂ ਕੇਵਲ ਇਕ ਕਿਲੋਮੀਟਰ ਦੀ ਦੂਰੀ 'ਤੇ ਬਠਿੰਡਾ-ਮੋਗਾ ਰੋਡ 'ਤੇ ਸਥਿਤ ਹੈ।

# ਗੁਰਦੁਆਰਾ 'ਗੁਰੂਸਰ' ਨਿਥਾਣਾ

(ਬਠਿੰਡਾ) ਪੰਜਾਬ



ਗੁਰਦੁਆਰਾ 'ਗੁਰੂ ਸਰ' ਨਿਥਾਣਾ, ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ-ਛੋਹ ਪ੍ਰਾਪਤ ਪਵਿੱਤਰ ਧਰਤ 'ਤੇ ਸੁਭਾਇਮਾਨ ਹੈ। ਗੁਰੂ ਹਰਿਗੋਬਿੰਦ ਸਾਹਿਬ ਮਾਲਵਾ ਪ੍ਰਚਾਰ-ਫੇਰੀ ਸਮੇਂ ਦਸੰਬਰ, ੧੬੩੪ ਈ: ਵਿਚ ਗੁਰੂ ਘਰ ਦੇ ਪ੍ਰੀਤਵਾਨ, ਗੁਰੂ ਨਾਨਕ ਨਾਮ-ਲੇਵਾ ਕਾਲੂ ਨਾਥ ਨੂੰ ਮਿਲਣ ਗਏ ਅਤੇ ਇਕ ਰਾਤ ਨਿਵਾਸ ਕੀਤਾ। ਕਾਲੂ ਨਾਥ ਨੇ ਗੁਰੂ ਹਰਿਗੋਬਿੰਦ ਸਾਹਿਬ ਤੇ ਮੁਗਲੀਆ ਫੌਜ ਵਿਚ ਹੋਏ ਮਹਿਰਾਜ ਯੁੱਧ ਸਮੇਂ ਗੁਰੂ ਸਾਹਿਬ ਜੀ ਵੱਲੋਂ ਹਿੱਸਾ ਲਿਆ, ਅਤੇ ਗੁਰੂ ਜੀ ਦੀ ਬਹੁਤ ਟਹਿਲ-ਸੇਵਾ ਤੇ ਸਹਾਇਤਾ ਕੀਤੀ। ਗੁਰੂ ਜੀ ਇਥੋਂ ਕਾਂਗੜ ਨੂੰ ਚਲੇ ਗਏ।

ਗੁਰੂ ਜੀ ਦੀ ਆਮਦ ਦੀ ਯਾਦ ਵਿਚ ਪ੍ਰੇਮੀ ਗੁਰਸਿੱਖਾਂ ਨੇ 'ਮੰਜੀ ਸਾਹਿਬ' ਦਾ ਨਿਰਮਾਣ ਕਰਵਾਇਆ। ਗੁਰਦੁਆਰਾ ਸਾਹਿਬ ਦੇ ਨਜ਼ਦੀਕ ਸਰੋਵਰ ਬਣਨ ਕਰਕੇ ਨਾਮ 'ਗੁਰੂਸਰ' ਪ੍ਰਸਿੱਧ ਹੋਇਆ।

੧੯੫੭ ਈ: ਵਿਚ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਉਸਾਰੀ ਗਈ। ੧੯੯੫ ਈ: ਵਿਚ ਗੁਰਦੁਆਰਾ ਸਾਹਿਬ ਦੀ ਪੁਰਾਤਨ ਇਮਾਰਤ ਦੀ ਥਾਂ ਵਿਸ਼ਾਲ ਇਮਾਰਤ ਦੀ ਨਵ-ਉਸਾਰੀ ਸ਼ੁਰੂ ਕੀਤੀ ਗਈ। ਇਸ ਅਸਥਾਨ 'ਤੇ ਪਹਿਲੀ, ਛੇਵੀਂ ਤੇ ਦਸਵੀਂ ਪਾਤਸ਼ਾਹੀ ਦੇ ਪ੍ਰਕਾਸ਼ ਗੁਰਪੁਰਬ ਅਤੇ ਪੰਚਮ ਪਾਤਸ਼ਾਹੀ ਦਾ ਸ਼ਹੀਦੀ ਦਿਹਾੜਾ ਵਿਸ਼ੇਸ਼ ਰੂਪ ਵਿਚ ਮਨਾਏ ਜਾਂਦੇ ਹਨ।

ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰ: ਕਮੇਟੀ ਲੋਕਲ ਕਮੇਟੀ ਰਾਹੀਂ ਕਰਦੀ ਹੈ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਪ੍ਰਬੰਧ ਹੈ।

ਇਹ ਇਤਿਹਾਸਕ ਅਸਥਾਨ ਪਿੰਡ ਨਿਥਾਣਾ, ਤਹਿਸੀਲ ਨਿਥਾਣਾ, ਜ਼ਿਲ੍ਹਾ ਬਠਿੰਡਾ ਵਿਚ ਰੇਲਵੇ ਸਟੇਸ਼ਨ ਭੁੱਚੋ ਮੰਡੀ ਤੋਂ ੧੩ ਕਿਲੋਮੀਟਰ ਅਤੇ ਬੱਸ ਸਟੈਂਡ ਨਿਥਾਣਾ ਤੋਂ ਇਕ ਕਿਲੋਮੀਟਰ ਦੀ ਦੂਰੀ 'ਤੇ ਭਗਤਾ-ਬਠਿੰਡਾ ਰੋਡ 'ਤੇ ਸਥਿਤ ਹੈ।

# ਗੁਰਦੁਆਰਾ ਪਾਤਸ਼ਾਹੀ ਛੇਵੀਂ, ਭਾਈ ਰੂਪਾ

(ਬਠਿੰਡਾ) ਪੰਜਾਬ

ਮੀਰੀ-ਪੀਰੀ ਦੇ ਮਾਲਕ, ਗੁਰੂ ਹਰਿਗੋਬਿੰਦ ਸਾਹਿਬ ਆਪਣੀ ਮਾਲਵਾ ਪ੍ਰਚਾਰ ਫੇਰੀ ਸਮੇਂ ੧੬੩੧ ਈ: ਵਿਚ ਪ੍ਰੇਮੀ ਗੁਰਸਿੱਖ ਭਾਈ ਸਾਧੂ ਤੇ ਉਸ ਦੇ ਸਪੁੱਤਰ ਰੂਪ ਚੰਦ (੧੬੧੪-੧੭੦੯) ਈ: ਨੂੰ ਗੁਮਟੀ ਪਿੰਡ ਦੇ ਨਜ਼ਦੀਕ ਇਕ ਜੰਡ ਦੇ ਦਰਖਤ ਹੇਠ ਮਿਲੇ। ਪ੍ਰੇਮੀ ਗੁਰਸਿੱਖਾਂ ਨੇ ਗੁਰੂ ਜੀ ਤੇ ਸੰਗੀ ਸਾਥੀਆਂ ਨੂੰ ਜਲ ਛਕਾਇਆ। ਗੁਰੂ ਹਰਿਗੋਬਿੰਦ ਜੀ ਨੇ ਇਸ ਗੁਰਸਿੱਖ ਪਰਿਵਾਰ ਦੀ ਸਿੱਖੀ ਪ੍ਰਤੀ ਦ੍ਰਿੜ੍ਹਤਾ ਤੇ ਸੇਵਾ ਭਾਵਨਾ ਨੂੰ ਮੁੱਖ ਰੱਖਦਿਆਂ 'ਰੂਪ ਚੰਦ' ਨੂੰ 'ਭਾਈ' ਪਦ ਦੀ ਉਪਾਧੀ ਬਖ਼ਸ਼ਿਸ ਕੀਤੀ ਅਤੇ 'ਭਾਈ ਰੂਪ ਚੰਦ' ਦੇ ਨਾਂ 'ਤੇ ਨਵਾਂ ਪਿੰਡ ਆਬਾਦ ਕਰਨ ਦਾ ਆਦੇਸ਼ ਕੀਤਾ। ਇਸ ਕਾਰਜ ਵਿਚ ਗੁਰੂ ਜੀ ਨੇ ਖੁਦ ਸਹਾਇਤਾ ਕੀਤੀ।

ਭਾਈ ਰੂਪ ਚੰਦ ਤੇ ਪਰਿਵਾਰ ਦੀ ਗੁਰਸਿੱਖੀ ਪ੍ਰਤੀ ਪਰਪੱਕਤਾ ਤੇ ਲੰਗਰ ਦੀ ਸੇਵਾ ਭਾਵਨਾ ਨੂੰ ਸਨਮੁਖ ਰੱਖਦਿਆਂ ਇਕ ਖੰਡਾ ਤੇ ਲੰਗਰ ਵਰਤਾਉਣ ਵਾਲਾ ਕੜਛਾ, ਪਰਿਵਾਰ ਨੂੰ ਯਾਦਗਾਰ ਵਜੋਂ ਬਖ਼ਸ਼ਿਸ ਕੀਤਾ ਜੋ ਅੱਜ ਵੀ ਬਾਗੜੀਆ ਪਰਿਵਾਰ ਪਾਸ ਸੁਰੱਖਿਅਤ ਹਨ। ਗੁਰੂ ਹਰਿਗੋਬਿੰਦ ਸਾਹਿਬ ਦੀ ਚਰਨ-ਛੋਹ ਪ੍ਰਾਪਤ ਭਾਈ ਰੂਪ ਚੰਦ ਦਾ ਘਰ ਗੁਰਦੁਆਰੇ ਦੇ ਰੂਪ ਵਿਚ ਪ੍ਰਗਟ ਹੋਇਆ। ਭਾਈ ਰੂਪ ਚੰਦ ਦੇ ਸਪੁੱਤਰ ਪਰਮ ਸਿੰਘ ਤੇ ਧਰਮ ਸਿੰਘ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਅੰਮ੍ਰਿਤ-ਦਾਤ ਪ੍ਰਾਪਤ ਕਰ ਗੁਰੂ-ਪਰਿਵਾਰ ਦੇ ਮੈਂਬਰ ਬਣੇ। ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿਚ ਬਣੇ ਇਤਿਹਾਸਕ ਅਸਥਾਨ ਦਾ ਪ੍ਰਬੰਧ ਭਾਈ ਰੂਪ ਚੰਦ ਦਾ ਪਰਿਵਾਰ ਹੀ ਕਰਦਾ ਰਿਹਾ। ਹੁਣ ਪ੍ਰਬੰਧ, ਸ਼੍ਰੋਮਣੀ ਗੁ: ਪ੍ਰ: ਕਮੇਟੀ ਲੋਕਲ ਕਮੇਟੀ ਰਾਹੀਂ ਕਰਦੀ ਹੈ।

ਇਸ ਇਤਿਹਾਸਕ ਅਸਥਾਨ 'ਤੇ ਗੁਰੂ ਨਾਨਕ ਦੇਵ ਜੀ, ਗੁਰੂ ਅਰਜਨ ਦੇਵ ਜੀ ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਵੱਡੀ ਪੱਧਰ 'ਤੇ ਮਨਾਏ ਜਾਂਦੇ ਹਨ। ਗੁਰਦੁਆਰਾ ਪਾਤਸ਼ਾਹੀ ਛੇਵੀਂ, ਭਾਈ ਰੂਪਾ, ਪਿੰਡ ਤਹਿਸੀਲ ਰਾਮਪੁਰਾ ਫੂਲ, ਜ਼ਿਲ੍ਹਾ ਬਠਿੰਡਾ ਵਿਚ, ਰੇਲਵੇ ਸਟੇਸ਼ਨ ਰਾਮਪੁਰਾ ਫੂਲ ਤੋਂ ੧੫ ਕਿਲੋਮੀਟਰ ਦੀ ਦੂਰੀ 'ਤੇ ਬਰਨਾਲਾ-ਭਗਤਾ ਰੋਡ 'ਤੇ ਸਥਿਤ ਹੈ।

ਗੁਰਦੁਆਰਾ ਸਾਹਿਬ ਦੇ ਨਜ਼ਦੀਕ ਇਕ ਪਰਿਵਾਰ ਪਾਸ ਇਕ ਪੁਰਾਤਨ ਰੱਥ ਹੈ, ਜਿਸ ਬਾਰੇ ਮਨੌਤ ਹੈ ਕਿ ਇਸ ਰੱਥ ਦੀ ਵਰਤੋਂ ਗੁਰੂ ਹਰਿਗੋਬਿੰਦ ਸਾਹਿਬ ਤੇ ਗੁਰੂ ਹਰਿ ਰਾਇ ਸਾਹਿਬ ਕਰਦੇ ਰਹੇ ਹਨ ਅਤੇ ਇਹ ਰੱਥ ਸੰਮਤ ੧੭੪੪ ਈ. ਨੂੰ ਦੇਹਰਾਦੂਨ ਤੋਂ ਇਥੇ ਆਇਆ।



ਪੁਰਾਤਨ ਰੱਥ

# ਗੁਰਦੁਆਰਾ 'ਪਾਤਸ਼ਾਹੀ ਦਸਵੀਂ' ਭਦੌੜ

## (ਸੰਗਰੂਰ) ਪੰਜਾਬ

ਗੁਰਦੁਆਰਾ 'ਪਾਤਸ਼ਾਹੀ ਦਸਵੀਂ' ਭਦੌੜ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ-ਛੋਹ ਪ੍ਰਾਪਤ ਧਰਤ ਸੁਹਾਵੀ 'ਤੇ ਸੁਸ਼ੋਭਿਤ ਹੈ। ਗੁਰੂ ਗੋਬਿੰਦ ਸਿੰਘ ਜੀ ਦਸੰਬਰ, ੧੭੦੫ ਈ: ਵਿਚ ਦੀਨੇ-ਕਾਂਗੜ ਤੋਂ ਆਪਣੇ ਸੰਗੀ-ਸੇਵਕਾਂ ਗੁਰਸਿੱਖਾਂ ਨਾਲ ਸ਼ਿਕਾਰ ਖੇਡਦੇ ਹੋਏ ਇਸ ਅਸਥਾਨ 'ਤੇ ਆਏ। ਉਸ ਸਮੇਂ ਇਹ ਇਲਾਕਾ ਬੇ-ਅਬਾਦ ਤੇ ਜੰਗਲ ਨੁਮਾ ਸੀ। ਗੁਰੂ ਜੀ ਨੇ ਇਲਾਕੇ ਦੇ ਮੁਖੀ-ਗੁਰੂ ਘਰ ਦੇ ਪ੍ਰੇਮੀ ਗੁਰਸਿੱਖ ਭਾਈ ਆਸਾ ਸਿੰਘ ਦੇ ਘਰ ਨਿਵਾਸ ਕੀਤਾ। ਪ੍ਰੇਮੀ ਗੁਰਸਿੱਖਾਂ ਨੇ ਗੁਰੂ ਜੀ ਦੀ ਆਮਦ ਦੀ ਯਾਦ ਵਿਚ ਯਾਦਗਾਰ ਕਾਇਮ ਕੀਤੀ। ਪਟਿਆਲਾ ਦੇ ਮਹਾਰਾਜਾ ਆਲਾ ਸਿੰਘ ਨੇ ਆਪਣੇ ਰਾਜ ਕਾਲ ਦੌਰਾਨ ਇਲਾਕੇ ਭਦੌੜ ਦੇ ਵਿਕਾਸ ਕਾਰਜ ਵਿਚ ਚੋਖਾ ਯੋਗਦਾਨ ਪਾਇਆ। ਗੁਰੂ ਗੋਬਿੰਦ ਸਿੰਘ ਸਬੰਧੀ ਬਣੇ ਯਾਦਗਾਰੀ ਸਥਾਨ 'ਤੇ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦੀ ਉਸਾਰੀ ਕਰਵਾਈ ਅਤੇ ਗੁਰਦੁਆਰਾ ਸਾਹਿਬ ਦੇ ਨਾਮ ਕੁਝ ਜ਼ਮੀਨ ਜਗੀਰ ਦੇ ਰੂਪ ਵਿਚ ਲਗਵਾਈ।

ਵਿਸ਼ਵਾਸ ਕੀਤਾ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਆਪਣੇ ਪ੍ਰੇਮੀ ਗੁਰਸਿੱਖਾਂ ਨੂੰ ਬਖ਼ਸ਼ਿਸ਼ ਰੂਪ ਵਿਚ ਕੁਝ ਸ਼ਸਤਰ ਬਖ਼ਸ਼ਿਸ਼ ਕੀਤੇ, ਜੋ ਗੁਰਦੁਆਰਾ ਸਾਹਿਬ ਵਿਖੇ ਆਦਰ-ਸਤਿਕਾਰ ਸਹਿਤ ਸੰਭਾਲੇ ਹੋਏ ਹਨ। ਇਕ ਸ੍ਰੀ ਸਾਹਿਬ ਉਪਰ 'ਸ੍ਰੀ ਅਕਾਲ ਸਹਾਇ ਪਾਤਸ਼ਾਹੀ ਦਸਵੀਂ' ਉਕਰਿਆ ਹੋਇਆ ਹੈ।



ਖੰਡਰਾਤ ਹੋਏ ਪੁਰਾਤਨ ਕਿਲ੍ਹੇ ਦੀਆਂ ਨਿਸ਼ਾਨੀਆਂ ਵਿਚ ਗੁਰਦੁਆਰਾ ਸਾਹਿਬ ਦੀ ੧੯੯੫ ਈ: ਵਿਚ ਬਣੀ ਨਵੀਂ ਆਲੀਸ਼ਾਨ ਇਮਾਰਤ ਦੂਰੋਂ ਦਿਖਾਈ ਦਿੰਦੀ ਹੈ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਮੀਰੀ-ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਵੀ ਆਪਣੇ ਮੁਬਾਰਕ ਚਰਨ ਇਸ ਨਗਰ ਵਿਖੇ ਪਾਏ ਸਨ। ਉਨ੍ਹਾਂ ਦੀ ਆਮਦ ਦੀ ਯਾਦ ਵਿਚ 'ਗੁਰਦੁਆਰਾ ਪਾਤਸ਼ਾਹੀ ਛੇਵੀਂ' ਅਲੱਗ ਬਣਿਆ ਹੋਇਆ ਹੈ। ਇਨ੍ਹਾਂ ਦੋਹਾਂ ਹੀ ਇਤਿਹਾਸਕ ਅਸਥਾਨਾਂ ਦਾ ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਲੋਕਲ ਕਮੇਟੀ ਰਾਹੀਂ ਕਰਦੀ ਹੈ।

ਇਨ੍ਹਾਂ ਇਤਿਹਾਸਕ ਅਸਥਾਨਾਂ 'ਤੇ ਪਹਿਲੀ, ਪੰਜਵੀਂ, ਛੇਵੀਂ ਤੇ ਦਸਵੀਂ ਪਾਤਸ਼ਾਹੀ ਦੇ ਪ੍ਰਕਾਸ਼ ਗੁਰਪੁਰਬ ਵਿਸ਼ੇਸ਼ ਰੂਪ ਵਿਚ ਮਨਾਏ ਜਾਂਦੇ ਹਨ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਪ੍ਰਬੰਧ ਹੈ।

ਇਹ ਅਸਥਾਨ ਕਸਬਾ ਭਦੌੜ, ਤਹਿਸੀਲ ਬਰਨਾਲਾ-ਜ਼ਿਲ੍ਹਾ ਸੰਗਰੂਰ ਵਿਚ, ਬਰਨਾਲਾ ਰੇਲਵੇ ਸਟੇਸ਼ਨ ਤੋਂ ੨੫ ਕਿਲੋਮੀਟਰ ਦੀ ਦੂਰੀ 'ਤੇ ਬਰਨਾਲਾ-ਭਗਤਾ ਸੜਕ 'ਤੇ ਸਥਿਤ ਹੈ।

# ਗੁਰਦੁਆਰਾ ਪਾਤਸ਼ਾਹੀ ਛੇਵੀਂ, ਅਕੋਈ

(ਸੰਗਰੂਰ) ਪੰਜਾਬ



ਗੁਰਦੁਆਰਾ ਪਾਤਸ਼ਾਹੀ ਛੇਵੀਂ (ਅਕੋਈ) ਗੁਰੂ ਹਰਿਗੋਬਿੰਦ ਸਾਹਿਬ ਦੀ ਮਾਲਵਾ ਯਾਤਰਾ ਦੀਆਂ ਯਾਦਾਂ ਦੀ ਯਾਦਗਾਰ ਵਜੋਂ ਸੁਭਾਇਮਾਨ ਹੈ। ਗੁਰੂ ਹਰਿਗੋਬਿੰਦ ਸਾਹਿਬ ਮਾਣਕ ਚੰਦ ਪ੍ਰੇਮੀ ਦਾ ਪ੍ਰੇਮ ਜਾਣ ਕੇ ਸੰਮਤ, ੧੬੭੩ (੧੬੧੬ ਈ:) ਨੂੰ ਸ਼ੇਟੀ ਤੋਂ ਚਲ ਕੇ ਇਥੇ ਆਏ ਸਨ। ਭਾਈ ਮਾਣਕ ਚੰਦ ਪ੍ਰੇਮੀ ਨੇ ਪਹਿਲਾਂ ਗੁਰੂ ਜੀ ਦੀ ਆਮਦ ਦੀ ਯਾਦ ਵਿਚ ਯਾਦਗਾਰ ਬਣਾਈ। ਫਿਰ 'ਬੜਰੁਖਾਂ' ਦੇ ਸਿਰਦਾਰ ਦੀਵਾਨ ਸਿੰਘ ਨੇ ਪੁਰਾਣੀ ਯਾਦਗਾਰ ਦੀ ਥਾਂ ਗੁਰਦੁਆਰੇ ਦਾ ਨਿਰਮਾਣ ਕਾਰਜ ਕਰਵਾਇਆ। ਇਸ ਅਸਥਾਨ ਦੀ ਸੇਵਾ-ਸੰਭਾਲ ਪਹਿਲਾਂ ਨਿਹੰਗ ਸਿੰਘਾਂ ਪਾਸ ਸੀ ਹੁਣ ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਲੋਕਲ ਕਮੇਟੀ ਰਾਹੀਂ ਕਰਦੀ ਹੈ। ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ੧੯੭੯ ਈ: ਵਿਚ ਬਣ ਕੇ ਤਿਆਰ ਹੋਈ ਹੈ। ਆਮ ਲੋਕਾਂ ਦਾ ਵਿਸ਼ਵਾਸ ਹੈ ਕਿ ਆਦਿ ਗੁਰੂ, ਗੁਰੂ ਨਾਨਕ ਦੇਵ ਜੀ ਨੇ ਵੀ ਆਪਣੇ ਮੁਬਾਰਕ ਚਰਨ ਇਸ ਧਰਤ 'ਤੇ ਪਾਏ ਸਨ। ਇਸ ਇਤਿਹਾਸਕ ਅਸਥਾਨ 'ਤੇ ਪਹਿਲੀ, ਛੇਵੀਂ, ਨੌਵੀਂ, ਤੇ ਦਸਵੀਂ ਪਾਤਸ਼ਾਹੀ ਦੇ ਪ੍ਰਕਾਸ਼ ਗੁਰਪੁਰਬ ਵਿਸ਼ੇਸ਼ ਰੂਪ ਵਿਚ ਮਨਾਏ ਜਾਂਦੇ ਹਨ।

ਇਹ ਅਸਥਾਨ ਪਿੰਡ ਅਕੋਈ ਤਹਿਸੀਲ/ ਜ਼ਿਲ੍ਹਾ ਸੰਗਰੂਰ ਵਿਚ, ਸੰਗਰੂਰ ਰੇਲਵੇ ਸਟੇਸ਼ਨ ਤੋਂ ੫ ਕਿਲੋਮੀਟਰ ਦੀ ਦੂਰੀ 'ਤੇ ਸੰਗਰੂਰ-ਧੂਰੀ ਰੋਡ 'ਤੇ ਸਥਿਤ ਹੈ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ ਪ੍ਰਸ਼ਾਦਿ ਦਾ ਪ੍ਰਬੰਧ ਸੁਚੱਜਾ ਹੈ।

ਵਧੇਰੇ ਜਾਣਕਾਰੀ ੦੧੭੭੨-੩੬੨੯੫ ਫ਼ੋਨ ਨੰਬਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਗੁਰਦੁਆਰਾ 'ਪਾਤਸ਼ਾਹੀ ਨੌਵੀਂ' ਢਿਲਵਾਂ

## (ਸੰਗਰੂਰ) ਪੰਜਾਬ



ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਮਾਲਵਾ ਪ੍ਰਚਾਰ ਫੇਰੀ ਸਮੇਂ ਹੰਡਿਆਇਆ ਤੋਂ ਚਲ ਕੇ ਨਾਭਾ-ਪਟਿਆਲਾ ਰਿਆਸਤ ਦੇ ਸਾਂਝੇ ਪਿੰਡ ਢਿਲਵਾਂ ਵਿਖੇ ਆਏ ਅਤੇ ਕੁਝ ਸਮਾਂ ਇਥੇ ਨਿਵਾਸ ਕੀਤਾ। ਗੁਰੂ ਜੀ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਲੋਕਲ, ਲੋਕ ਗੁਰੂ-ਘਰ ਦੇ ਸ਼ਰਧਾਲੂ ਬਣੇ। ਗੁਰੂ-ਘਰ ਦੇ ਪ੍ਰੀਤਵਾਨਾਂ ਨੇ ਗੁਰੂ ਜੀ ਦੀ ਯਾਦ ਵਿਚ ਮੰਜੀ ਸਾਹਿਬ ਦਾ ਨਿਰਮਾਣ ਕਰਵਾਇਆ। ਰਿਆਸਤ ਨਾਭਾ ਵੱਲੋਂ ਯਾਦਗਾਰ ਨੂੰ ਵਿਸਤਰਤ ਰੂਪ ਦਿੱਤਾ ਗਿਆ ਤੇ ਕੁਝ ਜ਼ਮੀਨ ਜਗੀਰ ਦੇ ਰੂਪ ਵਿਚ ਗੁਰੂ-ਘਰ ਦੇ ਨਾਮ ਲਗਵਾਈ ਗਈ। ਗੁਰਦੁਆਰਾ ਸਾਹਿਬ ਦੀ ਨਵੀਨਤਮ ਇਮਾਰਤ ੧੯੯੬ ਈ: ਵਿਚ ਸੰਪੂਰਨ ਹੋਈ। ਇਸ ਇਤਿਹਾਸਕ ਅਸਥਾਨ ਦਾ ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਲੋਕਲ ਕਮੇਟੀ ਰਾਹੀਂ ਕਰਦੀ ਹੈ।

ਗੁਰਦੁਆਰਾ ਪਾਤਸ਼ਾਹੀ ਨੌਵੀਂ ਢਿਲਵਾਂ ਵਿਖੇ ਪਹਿਲੀ-ਨੌਵੀਂ ਤੇ ਦਸਵੀਂ ਪਾਤਸ਼ਾਹੀ ਦੇ ਪ੍ਰਕਾਸ਼ ਗੁਰਪੁਰਬ ਤੇ ਪੰਜਵੀਂ ਤੇ ਨੌਵੀਂ ਪਾਤਸ਼ਾਹੀ ਦਾ ਸ਼ਹੀਦੀ ਦਿਹਾੜਾ ਅਤੇ ਖਾਲਸੇ ਦਾ ਸਿਰਜਣਾ ਦਿਵਸ, ਵਿਸਾਖੀ ਵਿਸ਼ੇਸ਼ ਰੂਪ ਵਿਚ ਮਨਾਏ ਜਾਂਦੇ ਹਨ।

ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਪ੍ਰਬੰਧ ਹੈ।

ਇਹ ਅਸਥਾਨ ਪਿੰਡ ਢਿਲਵਾਂ, ਤਹਿਸੀਲ ਬਰਨਾਲਾ ਜ਼ਿਲ੍ਹਾ ਸੰਗਰੂਰ ਵਿਚ, ਬਰਨਾਲਾ ਤੋਂ ਤਪਾ ਰੋਡ 'ਤੇ ਤਪਾ ਤੋਂ ੪ ਕਿਲੋਮੀਟਰ ਅਤੇ ਬਰਨਾਲਾ ਤੋਂ ੧੬ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ।

# ਗੁਰਦੁਆਰਾ 'ਗੁਰੂਸਰ' ਪਾਤਸ਼ਾਹੀ ਨੌਵੀਂ, ਹੰਢਿਆਇਆ

## (ਸੰਗਰੂਰ) ਪੰਜਾਬ

ਸ੍ਰੀ ਗੁਰੂ ਤੇਗ ਬਹਾਦਰ ਜੀ ਮਾਲਵਾ ਪ੍ਰਚਾਰ ਫੇਰੀ ਦੌਰਾਨ ਪਿੰਡ ਸੇਖੇ ਤੋਂ ਚਲ ਕੇ ਸੰਮਤ ੧੭੨੨ ਬਿ: (੧੬੬੫ ਈ:) ਨੂੰ ਇਸ ਅਸਥਾਨ 'ਤੇ ਆਏ। ਕੁਭੜਾ ਨਿਵਾਸੀ ਭਾਈ ਜਵੰਦੇ ਨੇ ਗੁਰੂ ਜੀ ਦੀ ਖੂਬ ਟਹਿਲ-ਸੇਵਾ ਕੀਤੀ ਪਰ ਇਥੋਂ ਦੇ ਵਸਨੀਕਾਂ ਨੇ ਖਾਸ ਆਓ ਭਗਤ ਨਾ ਕੀਤੀ। ਗੁਰਦੇਵ ਜੀ ਦੇ ਪਾਵਨ ਪਵਿੱਤਰ ਬਚਨ ਸੁਣ ਕੇ ਬਹੁਤ ਸਾਰੇ ਲੋਕਾਂ ਦੇ ਭਰਮ-ਭੁਲੇਖੇ ਦੂਰ ਹੋਏ ਤੇ ਬਹੁਤ ਸਾਰੀ ਸੰਗਤ ਗੁਰੂ ਜੀ ਦੀ ਸ਼ਰਨ ਵਿਚ ਆਈ। ਗੁਰੂ ਜੀ ਨੇ ਇਕ ਟੋਭੇ ਦੇ ਨਜ਼ਦੀਕ ਨਿਵਾਸ ਕੀਤਾ ਸੀ, ਪ੍ਰੇਮੀ ਗੁਰਸਿੱਖਾਂ ਨੇ ਗੁਰੂ ਜੀ ਦੀ ਆਮਦ ਦੀ ਯਾਦ ਵਿਚ ਯਾਦਗਾਰ 'ਤੇ ਸਰੋਵਰ ਦਾ ਨਿਰਮਾਣ ਕਾਰਜ ਕਰਵਾਇਆ ਜਿਸ ਕਰਕੇ ਇਹ ਅਸਥਾਨ 'ਗੁਰੂ-ਸਰ ਪਾਤਸ਼ਾਹੀ ਨੌਵੀਂ' ਦੇ ਨਾਮ ਨਾਲ ਪ੍ਰਸਿੱਧ ਹੋਇਆ।

ਮਹਾਰਾਜਾ ਕਰਮ ਸਿੰਘ ਨੇ (੧੭੯੮-੧੮੪੫ ਈ:) ਆਪਣੇ ਰਾਜ ਸਮੇਂ ਗੁਰਦੁਆਰਾ ਸਾਹਿਬ ਦੀ ਸੁੰਦਰ ਇਮਾਰਤ ਦਾ ਨਿਰਮਾਣ ਕਰਵਾਇਆ ਤੇ ਕੁਝ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਂ ਜਗੀਰ ਰੂਪ ਵਿਚ ਲਗਵਾਈ। ਗੁਰਦੁਆਰਾ ਸਾਹਿਬ ਦੀ ਨਵੀਨਤਮ ਅਤਿ ਸੁੰਦਰ ਇਮਾਰਤ ਦੂਰੋਂ ਦਿਖਾਈ ਦਿੰਦੀ ਹੈ। ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਲੋਕਲ ਕਮੇਟੀ ਰਾਹੀਂ ਕਰਦੀ ਹੈ। ਇਸ ਇਤਿਹਾਸਕ ਅਸਥਾਨ 'ਤੇ ਗੁਰੂ ਨਾਨਕ ਦੇਵ ਜੀ, ਗੁਰੂ ਤੇਗ ਬਹਾਦਰ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਵਿਸ਼ੇਸ਼ ਰੂਪ ਵਿਚ ਮਨਾਏ ਜਾਂਦੇ ਹਨ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਪ੍ਰਬੰਧ ਸੁਚੱਜਾ ਹੈ। ਰਿਹਾਇਸ਼ ਵਾਸਤੇ ਵੀ ਪੰਜ ਕਮਰੇ ਬਣੇ ਹੋਏ ਹਨ।



ਇਹ ਇਤਿਹਾਸਕ ਅਸਥਾਨ ਪਿੰਡ ਹੰਢਿਆਇਆ, ਤਹਿਸੀਲ ਬਰਨਾਲਾ, ਜ਼ਿਲ੍ਹਾ ਸੰਗਰੂਰ ਵਿਚ ਬਰਨਾਲਾ ਤੋਂ ੪ ਕਿਲੋਮੀਟਰ ਦੀ ਦੂਰੀ 'ਤੇ ਬਰਨਾਲਾ-ਮਾਨਸਾ ਸੜਕ 'ਤੇ ਸਥਿਤ ਹੈ।

# ਗੁਰਦੁਆਰਾ 'ਝਿੜਾ ਸਾਹਿਬ' ਕਾਂਝਲਾ

## (ਸੰਗਰੂਰ) ਪੰਜਾਬ



ਗੁਰਦੁਆਰਾ 'ਝਿੜਾ ਸਾਹਿਬ' ਕਾਂਝਲਾ ਗੁਰੂ ਹਰਿਗੋਬਿੰਦ ਸਾਹਿਬ ਦੀ ਚਰਨ-ਛੋਹ ਪ੍ਰਾਪਤ ਧਰਤ 'ਤੇ ਸੁਭਾਇਮਾਨ ਹੈ। ਗੁਰੂ ਹਰਿਗੋਬਿੰਦ ਸਾਹਿਬ ਨਾਨਕਿਆਣਾ ਸਾਹਿਬ (ਮੰਗੇਵਾਲ) ਤੋਂ ਇਥੇ ਆਏ 'ਤੇ ਕੁਝ ਸਮਾਂ ਦਰਖ਼ਤਾਂ ਦੀ ਇਕ ਝਿੜੀ ਹੇਠ ਨਿਵਾਸ ਕੀਤਾ। ਪ੍ਰੇਮੀ ਗੁਰਸਿੱਖਾਂ ਨੇ ਗੁਰੂ ਜੀ ਦੀ ਆਮਦ ਦੀ ਯਾਦ ਵਿਚ ਯਾਦਗਾਰ ਦਾ ਨਿਰਮਾਣ ਕਰਵਾਇਆ। ਬਾਬਾ ਅਤਰ ਸਿੰਘ ਮਸਤੂਆਣਾ ਦੇ ਸੇਵਕ ਮਹੰਤ ਬਿਸ਼ਨ ਸਿੰਘ ਨੇ ਇਸ ਅਸਥਾਨ 'ਤੇ ਸੁੰਦਰ ਗੁਰਦੁਆਰੇ ਦਾ ਨਿਰਮਾਣ ਕਰਵਾਇਆ। ਆਮ ਲੋਕਾਂ ਦਾ ਵਿਸ਼ਵਾਸ ਹੈ ਕਿ ਆਦਿ ਗੁਰੂ, ਗੁਰੂ ਨਾਨਕ ਦੇਵ ਜੀ ਤੇ ਗੁਰੂ ਤੇਗ ਬਹਾਦਰ ਸਾਹਿਬ ਨੇ ਵੀ ਆਪਣੇ ਮੁਬਾਰਕ ਚਰਨ ਇਸ ਅਸਥਾਨ 'ਤੇ ਪਾਏ ਸਨ।

ਇਸ ਅਸਥਾਨ 'ਤੇ ਪਹਿਲੀ, ਛੇਵੀਂ ਤੇ ਨੌਵੀਂ ਪਾਤਸ਼ਾਹੀ ਦੇ ਪ੍ਰਕਾਸ਼ ਗੁਰਪੁਰਬ ਵਿਸ਼ੇਸ਼ ਰੂਪ ਵਿਚ ਮਨਾਏ ਜਾਂਦੇ ਹਨ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਪ੍ਰਬੰਧ ਠੀਕ ਹੈ। ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਲੋਕਲ ਕਮੇਟੀ ਰਾਹੀਂ ਕਰਦੀ ਹੈ।

ਇਹ ਅਸਥਾਨ ਪਿੰਡ ਕਾਂਝਲਾ, ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ ਵਿਚ ਰੇਲਵੇ ਸਟੇਸ਼ਨ ਧੂਰੀ ਤੋਂ ੧੫ ਕਿਲੋਮੀਟਰ ਦੀ ਦੂਰੀ ਬਰਨਾਲਾ-ਧੂਰੀ ਰੋਡ 'ਤੇ ਸਥਿਤ ਹੈ।

# ਗੁਰਦੁਆਰਾ 'ਮੰਜੀ ਸਾਹਿਬ' ਮੂਲੋਵਾਲ

## (ਸੰਗਰੂਰ) ਪੰਜਾਬ



ਗੁਰਦੁਆਰਾ 'ਮੰਜੀ ਸਾਹਿਬ' ਮੂਲੋਵਾਲ, ਗੁਰੂ ਤੇਗ ਬਹਾਦਰ ਸਾਹਿਬ ਦੀ ਮਾਲਵਾ ਪ੍ਰਚਾਰ ਫੇਰੀ ਦੀ ਯਾਦ ਵਿਚ ਸੁਭਾਇਮਾਨ ਹੈ। ਗੁਰੂ ਤੇਗ ਬਹਾਦਰ ਸਾਹਿਬ ਜੀ ੧੬੭੦ ਈ: ਵਿਚ ਰਾਜੋਮਾਜਰੇ ਤੋਂ ਦੁਪਹਿਰ ਵੇਲੇ ਇਥੇ ਆਏ ਅਤੇ ਇਕ ਖੂਹ ਦੇ ਨਜ਼ਦੀਕ ਅਰਾਮ ਕੀਤਾ। ਜਿਸ ਅਸਥਾਨ 'ਤੇ ਗੁਰੂ ਜੀ ਬਿਰਾਜਮਾਨ ਹੋਏ ਉਸ ਬਾਰੇ ਚੌਧਰੀ ਗੋਂਦੇ ਨੇ ਕਿਹਾ, 'ਇਹ ਅਸਥਾਨ ਸੁਲਤਾਨ ਦਾ ਹੈ ਅਤੇ ਬਹੁਤ ਸਾਰੇ ਸਖੀ ਸਰਵਰੀਏ ਇਸ ਦੀ ਪੂਜਾ ਕਰਦੇ ਹਨ।" ਗੁਰੂ ਜੀ ਨੇ ਸੁਭਾਵਿਕ ਕਿਹਾ, "ਹੁਣ ਇਹ ਅਸਥਾਨ 'ਗੁਰੂ' ਦਾ ਹੈ।" ਗੁਰੂ ਜੀ ਜਿਸ ਖੂਹ ਦੇ ਨਜ਼ਦੀਕ ਬੈਠੇ ਸਨ ਉਸ ਦਾ ਨਾਮ 'ਗੁਰੂ ਕਾ ਖੂਹ' ਪ੍ਰਚਲਿਤ ਹੋਇਆ। ਗੁਰੂ ਜੀ ਨੇ ਚੌਧਰੀ ਗੋਂਦੇ ਨੂੰ ਵਹਿਮਾਂ-ਭਰਮਾਂ ਤੋਂ ਨਿਜਾਤ ਦਿਵਾਈ ਤੇ ਪਿੰਡ ਦਾ ਮੁਖੀ ਸਿੱਖ ਥਾਪਿਆ। ਕੁਝ ਇਕ ਵਿਦਵਾਨਾਂ ਦਾ ਮੱਤ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਆਪਣੇ ਮੁਬਾਰਕ ਚਰਨ ੧੪ ਦਸੰਬਰ, ੧੭੦੫ ਈ: ਨੂੰ ਇਸ ਧਰਤ 'ਤੇ ਪਾਏ ਸਨ। ਗੁਰੂ ਸਾਹਿਬਾਨ ਦੀ ਯਾਦ ਵਿਚ ਪ੍ਰੇਮੀ ਗੁਰਸਿੱਖਾਂ ਨੇ ਯਾਦਗਾਰੀ 'ਮੰਜੀ ਸਾਹਿਬ' ਦਾ ਨਿਰਮਾਣ ਕਰਵਾਇਆ। ੧੯੨੫ ਈ: ਵਿਚ ਮਹਾਰਾਜਾ ਕਰਮ ਸਿੰਘ ਪਟਿਆਲਾ ਨੇ 'ਮੰਜੀ ਸਾਹਿਬ' ਦੇ ਸਥਾਨ 'ਤੇ ਵਿਸ਼ਾਲ ਗੁਰਦੁਆਰੇ ਦੀ ਇਮਾਰਤ ਦੀ ਉਸਾਰੀ ਕਰਵਾਈ। ੧੯੪੪ ਈ: ਵਿਚ ਗੁ: ਸਾਹਿਬ ਦੀ ਇਮਾਰਤ ਨੂੰ ਨਵੀਨ ਰੂਪ ਦੇਣ ਦਾ ਕਾਰਜ ਅਰੰਭਿਆ ਗਿਆ ਜੋ ੧੯੬੦ ਈ: ਵਿਚ ਸੰਪੂਰਨ ਹੋਇਆ। ਰਵਾਇਤ ਅਨੁਸਾਰ ਗੁਰੂ ਤੇਗ ਬਹਾਦਰ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਦੋ 'ਹੁਕਮਨਾਮੇ' ਸੰਗਤ ਨੂੰ ੨੭ ਅਗਸਤ, ੧੯੫੨ ਨੂੰ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਖੁਦਵਾਈ ਕਰਦਿਆਂ ਮਿਲੇ ਸਨ। ਇਸ ਇਤਿਹਾਸਕ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁ: ਪ੍ਰ: ਕਮੇਟੀ, ਲੋਕਲ ਕਮੇਟੀ ਰਾਹੀਂ ਕਰਦੀ ਹੈ।

ਇਸ ਅਸਥਾਨ 'ਤੇ ਪਹਿਲੀ, ਪੰਜਵੀਂ, ਨੌਵੀਂ ਤੇ ਦਸਵੀਂ ਪਾਤਸ਼ਾਹੀ ਦੇ ਪ੍ਰਕਾਸ਼ ਗੁਰਪੁਰਬ ਤੇ ਹਰ ਸਾਲ ਸਾਲਾਨਾ ਜੋੜ ਮੇਲਾ ੨੯-੩੦ ਦਸੰਬਰ ਨੂੰ ਮਨਾਇਆ ਜਾਂਦਾ ਹੈ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਪ੍ਰਬੰਧ ਵਧੀਆ ਹੈ। ਰਿਹਾਇਸ਼ ਵਾਸਤੇ ਵੀ ੧੦ ਕਮਰੇ ਬਣੇ ਹੋਏ ਹਨ।

ਇਹ ਅਸਥਾਨ ਪਿੰਡ ਮੂਲੋਵਾਲ, ਤਹਿਸੀਲ ਧੂਰੀ ਜ਼ਿਲ੍ਹਾ ਸੰਗਰੂਰ ਵਿਚ, ਰੇਲਵੇ ਸਟੇਸ਼ਨ ਤੇ ਬੱਸ ਸਟੈਂਡ ਧੂਰੀ ਤੋਂ ੧੧ ਕਿਲੋਮੀਟਰ ਦੀ ਦੂਰੀ 'ਤੇ ਧੂਰੀ-ਬਰਨਾਲਾ ਸੜਕ 'ਤੇ ਸਥਿਤ ਹੈ। ਵਧੇਰੇ ਜਾਣਕਾਰੀ ੦੧੬੭੯-੭੩੨੦੯ ਫ਼ੋਨ ਨੰਬਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਗੁਰਦੁਆਰਾ ਬਾਬਾ ਗਾਂਧਾ ਸਿੰਘ, ਬਰਨਾਲਾ

## (ਸੰਗਰੂਰ) ਪੰਜਾਬ



ਬਾਬਾ ਆਲਾ ਸਿੰਘ ਦੀ ਸਪੁੱਤਰੀ ਬੀਬੀ ਪਰਧਾਨ ਕੌਰ ਬਹੁਤ ਹੀ ਵਿਦਵਾਨ ਤੇ ਧਾਰਮਿਕ ਪਰਵਿਰਤੀ ਦੀ ਮਾਲਕ ਸੀ। ਬੀਬੀ ਪਰਧਾਨ ਕੌਰ ਦਾ ਵਿਆਹ ਭਾਈ ਸਾਧ ਸਿੰਘ (ਪ੍ਰਚਲਤ ਨਾਂ ਭਾਈ ਮੋਹਰ ਸਿੰਘ) ਨਾਲ ਬਰਨਾਲੇ ਵਿਖੇ ਹੋਇਆ। ਪਰ ਜਲਦੀ ਹੀ ਇਨ੍ਹਾਂ ਦਾ ਪਤੀ ਗੁਰਪੁਰੀ ਪਿਆਨਾ ਕਰ ਗਿਆ। ਬੀਬੀ ਪਰਧਾਨ ਕੌਰ ਨੇ ਗੁਰਮਤਿ ਗਿਆਨ ਦੇ ਪ੍ਰਚਾਰ-ਪ੍ਰਸਾਰ ਤੇ ਪੰਥ ਦੇ ਭਲੇ ਹਿਤ ਵਿਦਿਅਕ ਕੇਂਦਰ ਸਥਾਪਤ ਕਰਨ ਦੀ ਇੱਛਾ ਨਾਲ ਬਹੁਤ ਸਾਰੀ ਜ਼ਮੀਨ-ਜ਼ਾਇਦਾਦ ਭੇਂਟ ਕਰਕੇ 'ਧਾਰਮਿਕ-ਵਿਦਿਅਕ ਕੇਂਦਰ' ਦੀ ਸਥਾਪਨਾ ਕੀਤੀ, ਜਿਸ ਨੂੰ ਅੱਜ ਕਲ੍ਹ ਗੁਰਦੁਆਰਾ ਬਾਬਾ ਗਾਂਧਾ ਸਿੰਘ ਕਿਹਾ ਜਾਂਦਾ ਹੈ। ਧਾਰਮਿਕ-ਵਿਦਿਅਕ ਕੇਂਦਰ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸੰਤ ਨਿੱਕਾ ਸਿੰਘ (ਨਿਰਮਲੇ) ਦੀ ਸੇਵਾ ਪ੍ਰਾਪਤ ਕੀਤੀ ਗਈ। ਕਿਹਾ ਜਾਂਦਾ ਹੈ ਕਿ ਗਿਆਨੀ ਗਿਆਨ ਸਿੰਘ ਨੇ ਵੀ ਕੁਝ ਸਮਾਂ ਇਥੇ ਰਹਿ ਕੇ 'ਗਿਆਨ' ਦੀ ਪ੍ਰਾਪਤੀ ਕੀਤੀ। ਸੰਤ ਨਿੱਕਾ ਸਿੰਘ ਤੋਂ ਪਿਛੋਂ ਮਹੰਤ ਭਾਗ ਸਿੰਘ ਸਿੰਘ ਤੇ ਬਾਬਾ ਗਾਂਧਾ ਸਿੰਘ ਕਾਫ਼ੀ ਸਮਾਂ ਇਸ ਅਸਥਾਨ ਦੇ ਪ੍ਰਬੰਧਕ ਰਹੇ। ਬਾਬਾ ਗਾਂਧਾ ਸਿੰਘ ਜੀ ਨੇ 'ਧਾਰਮਿਕ ਵਿਦਿਅਕ ਕੇਂਦਰ' ਦੀ ਐਸੀ ਭੈ-ਭਾਵਨੀ ਨਾਲ ਸੇਵਾ-ਸੰਭਾਲ ਕੀਤੀ ਕਿ ਇਹ ਅਸਥਾਨ ਉਨ੍ਹਾਂ ਦੇ ਨਾਂ 'ਤੇ ਗੁਰਦੁਆਰਾ ਬਾਬਾ ਗਾਂਧਾ ਸਿੰਘ ਬਰਨਾਲਾ ਵਜੋਂ ਪ੍ਰਸਿੱਧ ਹੋਇਆ। ਗੁਰਦੁਆਰਾ ਬਾਬਾ ਗਾਂਧਾ ਸਿੰਘ ਦੇ ਆਖਰੀ ਮਹੰਤ ਬਾਬਾ ਗੁਰਬਚਨ ਸਿੰਘ ਨੇ ਗੁਰਦੁਆਰੇ ਦੀ ਸਾਰੀ ਪੰਥਕ ਜਾਇਦਾਦ ਪੰਥ ਹਵਾਲੇ ਕਰਦਿਆਂ ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨੂੰ ਸੌਂਪ ਦਿੱਤਾ। ਹੁਣ ਇਹ ਅਸਥਾਨ ਸ਼੍ਰੋਮਣੀ ਗੁ: ਪ੍ਰ: ਕਮੇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਵਿਚ ਹੈ।

ਸ਼੍ਰੋਮਣੀ ਗੁ: ਪ੍ਰ: ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰੇ ਦੀ ਆਲੀਸ਼ਾਨ ਇਮਾਰਤ ੧੯੯੭ ਈ: ਵਿਚ ਬਣਾਈ ਗਈ। ਇਸ ਅਸਥਾਨ 'ਤੇ ਆਦਿ ਗੁਰੂ, ਗੁਰੂ ਨਾਨਕ ਦੇਵ ਜੀ ਦਾ ਆਗਮਨ ਗੁਰਪੁਰਬ ਵਿਸ਼ੇਸ਼ ਤੌਰ 'ਤੇ ਮਨਾਇਆ ਜਾਂਦਾ ਹੈ। ਇਹ ਅਸਥਾਨ ਬਰਨਾਲਾ ਸ਼ਹਿਰ ਵਿਚ ਰੇਲਵੇ ਸਟੇਸ਼ਨ ਬਰਨਾਲੇ ਤੋਂ ਇਕ ਕਿਲੋਮੀਟਰ ਤੇ ਬੱਸ ਸਟੈਂਡ ਬਰਨਾਲਾ ਤੋਂ ਕੇਵਲ ੫੦੦ ਮੀਟਰ ਦੀ ਦੂਰੀ 'ਤੇ ਸਥਿਤ ਹੈ। ਬਰਨਾਲਾ ਪੰਜਾਬ ਦੇ ਜ਼ਿਲ੍ਹਾ ਸੰਗਰੂਰ ਦੀ ਤਹਿਸੀਲ ਹੈ, ਜੋ ਸੜਕੀ ਮਾਰਗ ਰਾਹੀਂ ਸੰਗਰੂਰ, ਮੋਗਾ, ਬਠਿੰਡਾ, ਲੁਧਿਆਣਾ ਆਦਿ ਪ੍ਰਮੁੱਖ ਸ਼ਹਿਰਾਂ ਨਾਲ ਜੁੜਿਆ ਹੈ।

ਯਾਤਰੂਆਂ ਦੀ ਟਹਿਲ-ਸੇਵਾ ਲਈ ਗੁਰਦੁਆਰੇ ਵਿਚ ਲੰਗਰ-ਪ੍ਰਸ਼ਾਦਿ ਰਿਹਾਇਸ਼ ਦਾ ਸੁਚੱਜਾ ਪ੍ਰਬੰਧ ਹੈ। ਰਿਹਾਇਸ਼ ਵਾਸਤੇ ੧੦ ਕਮਰੇ ਬਣੇ ਹੋਏ ਹਨ। ਵਧੇਰੇ ਜਾਣਕਾਰੀ ਲਈ ੦੧੬੭੯-੩੨੯੫੧ ਫੋਨ ਨੰਬਰ ਦੀ ਸਹੂਲਤ ਹੈ।

# ਗੁਰਦੁਆਰਾ ਸ੍ਰੀ ਨਾਨਕਿਆਣਾ ਸਾਹਿਬ

## (ਸੰਗਰੂਰ) ਪੰਜਾਬ

ਆਦਿ ਗੁਰੂ, ਗੁਰੂ ਨਾਨਕ ਸਾਹਿਬ ਤੇ ਮੀਰੀ-ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪਾਵਨ ਚਰਨ-ਛੋਹ ਦੀ ਯਾਦ ਵਿਚ ਸਸ਼ੋਭਿਤ ਹੈ, ਗੁਰਦੁਆਰਾ ਸ੍ਰੀ ਨਾਨਕਿਆਣਾ ਸਾਹਿਬ (ਸੰਗਰੂਰ)। ਗੁਰੂ ਨਾਨਕ ਸਾਹਿਬ ਪੂਰਬ ਦੀ ਉਦਾਸੀ ਸਮੇਂ ਇਸ ਅਸਥਾਨ 'ਤੇ ੧੫ ਦਿਨ ਠਹਿਰ ਕੇ ਨਾਮ-ਬਾਣੀ ਦਾ ਪ੍ਰਚਾਰ ਕਰਦੇ ਰਹੇ । ਭਾਈ ਮਰਦਾਨਾ ਜੀ ਵੀ ਉਨ੍ਹਾਂ ਦੇ ਨਾਲ ਸਨ ।

ਗੁਰੂ ਹਰਿਗੋਬਿੰਦ ਸਾਹਿਬ ਜੀ ਅਕੋਈ ਸਾਹਿਬ ਤੋਂ ਇਥੇ ਆਏ ਸਨ । ਗੁਰੂ ਨਾਨਕ ਸਾਹਿਬ ਜੀ ਦੇ ਬਿਰਾਜਣ-ਅਸਥਾਨ 'ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ 'ਥੜ੍ਹੇ' ਦਾ ਨਿਰਮਾਣ ਕਰਵਾਇਆ । ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਸੇਵਾ ਪਹਿਲਾਂ ਰਾਜਾ ਸਰੂਪ ਸਿੰਘ ਨੇ ਕਰਵਾਈ । ਰਾਜਾ ਸਰੂਪ ਸਿੰਘ ਦੇ ਗੁਰਪੁਰੀ ਪਿਆਨਾ ਕਰ ਜਾਣ 'ਤੇ ਉਨ੍ਹਾਂ ਦੇ ਸਪੁੱਤਰ ਰਾਜਾ ਰਘੁਬੀਰ ਸਿੰਘ ਨੇ ਗੁਰਦੁਆਰਾ ਸਾਹਿਬ ਦੀ ਇਮਾਰਤ ਨੂੰ ਨਵਾਂ ਰੂਪ ਪ੍ਰਦਾਨ ਕੀਤਾ ਤੇ ਇਕ ਵਿਸ਼ੇਸ਼ ਨਿਸ਼ਾਨ ਸਾਹਿਬ ਲਗਵਾਇਆ । ਮੌਜੂਦਾ ਇਮਾਰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ੧੯੯੦ ਈ: ਵਿਚ ਬਣਾਈ ਗਈ । ਇਸ ਗੁਰਦੁਆਰਾ ਸਾਹਿਬ ਦੇ ਨਾਲ ਹੀ ਗੁਰਦੁਆਰਾ ਕਰੀਰ ਸਾਹਿਬ ਅਤੇ ਵਿਸ਼ਾਲ ਸੁੰਦਰ ਸਰੋਵਰ ਹੈ ।



ਗੁਰਮਤਿ ਵਿਚਾਰਧਾਰਾ ਦੇ ਪਾਠਕਾਂ ਵਾਸਤੇ ਬਹੁਤ ਵਧੀਆ ਲਾਇਬ੍ਰੇਰੀ ਹੈ; ਗੁਰਮਤਿ ਲਿਟਰੇਚਰ ਹਾਊਸ ਹੈ, ਜਿਸ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਪ੍ਰਾਪਤ ਕੀਤੇ ਜਾ ਸਕਦੇ ਹਨ । ਸਮੇਂ-ਸਮੇਂ ਅੰਮ੍ਰਿਤ ਸੰਚਾਰ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ ।

ਗੁਰੂ ਨਾਨਕ ਸਾਹਿਬ ਦਾ ਆਗਮਨ ਪੁਰਬ ਅਤੇ ਖਾਲਸੇ ਦਾ ਸਿਰਜਣਾ ਦਿਹਾੜਾ ਵੱਡੀ ਪੱਧਰ 'ਤੇ ਮਨਾਏ ਜਾਂਦੇ ਹਨ ।

ਇਹ ਇਤਿਹਾਸਕ ਅਸਥਾਨ ਮੰਗਲਵਾਲ ਦੇ ਨਜ਼ਦੀਕ ਸੰਗਰੂਰ ਸ਼ਹਿਰ ਦੇ ਵਿਚ, ਰੇਲਵੇ ਸਟੇਸ਼ਨ ਸੰਗਰੂਰ ਤੋਂ ੩ ਕਿਲੋਮੀਟਰ ਤੇ ਬੱਸ ਸਟੈਂਡ ਤੋਂ ੨ ਕਿਲੋਮੀਟਰ ਦੀ ਦੂਰੀ 'ਤੇ ਸੰਗਰੂਰ ਬਾਲੀਆਂ ਰੋਡ 'ਤੇ ਸਥਿਤ ਹੈ । ਯਾਤਰੂਆਂ ਦੀ ਟਹਿਲ-ਸੇਵਾ ਲਈ ਲੰਗਰ-ਪ੍ਰਸ਼ਾਦਿ ਤੇ ਰਿਹਾਇਸ਼ ਦਾ ਸੁਚੱਜਾ ਪ੍ਰਬੰਧ ਹੈ । ਵਧੇਰੇ ਜਾਣਕਾਰੀ ੦੧੬੭੨-੩੨੯੫੧ ਫੋਨ ਨੰ: ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ ।

ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਖ਼ਸ਼ਿਸ਼ ਗੁਰਜ਼, ਗੁਰਦੁਆਰਾ ਸਾਹਿਬ ਵਿਚ ਸੁਰੱਖਿਅਤ ਹੈ ।

# ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ, ਭਵਾਨੀਗੜ੍ਹ

## (ਸੰਗਰੂਰ) ਪੰਜਾਬ



ਨੌਵੇਂ ਪਾਤਸ਼ਾਹ, ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮਾਲਵੇ ਦੀ ਪ੍ਰਚਾਰ ਫੇਰੀ ਸਮੇਂ ਆਪਣੇ ਨਿਕਟਵਰਤੀ ਗੁਰਸਿੱਖਾਂ ਸਮੇਤ ਆਲੋ-ਹਰਖ ਤੋਂ ਹੁੰਦੇ ਹੋਏ ਇਸ ਅਸਥਾਨ ਨੂੰ ਚਰਨ-ਛੋਹ ਬਖ਼ਸ਼ਿਸ਼ ਕਰ, ਪਵਿੱਤਰ ਕੀਤਾ। ਗੁਰੂ ਜੀ ਇਸ ਅਸਥਾਨ 'ਤੇ ਦੋ ਦਿਨ ਬਿਰਾਜੇ ਤੇ ਨਾਮ-ਬਾਣੀ ਦਾ ਪ੍ਰਚਾਰ ਕੀਤਾ। ਗੁਰੂ ਜੀ ਦੀ ਚਰਨ-ਛੋਹ ਪ੍ਰਾਪਤ ਧਰਤ 'ਤੇ ਪ੍ਰੇਮੀ ਗੁਰਸਿੱਖਾਂ ਨੇ ਯਾਦਗਾਰੀ ਗੁਰਦੁਆਰਾ ਤਿਆਰ ਕਰਵਾਇਆ। ੧੯੧੬ ਈ: ਵਿਚ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਨਵ-ਉਸਾਰੀ ਕੀਤੀ ਗਈ। ਇਸ ਗੁਰ-ਅਸਥਾਨ 'ਤੇ ਪਹਿਲੀ, ਨੌਵੀਂ ਤੇ ਦਸਵੀਂ ਪਾਤਸ਼ਾਹੀ ਦੇ ਪ੍ਰਕਾਸ਼ ਗੁਰਪੁਰਬ, ਗੁਰੂ ਅਰਜਨ ਸਾਹਿਬ ਦਾ ਸ਼ਹੀਦੀ ਦਿਹਾੜਾ ਤੇ ਸਾਲਾਨਾ ਜੋੜ ਮੇਲਾ ੧੯-੨੦ ਕੱਤਕ ਨੂੰ ਮਨਾਇਆ ਜਾਂਦਾ ਹੈ। ਨਜ਼ਦੀਕ ਹੀ ਇਤਿਹਾਸਕ ਗੁਰਦੁਆਰਾ ਆਲੋ-ਹਰਖ ਦੇਖਣਯੋਗ ਹੈ।

ਭਵਾਨੀਗੜ੍ਹ ਪਟਿਆਲਾ-ਸੰਗਰੂਰ ਰੂਟ 'ਤੇ ਸੰਗਰੂਰ ਜ਼ਿਲ੍ਹੇ ਦਾ ਪ੍ਰਮੁੱਖ ਕਸਬਾ ਹੈ, ਜੋ ਪਟਿਆਲਾ ਤੋਂ ੩੬ ਕਿਲੋਮੀਟਰ ਅਤੇ ਰੇਲਵੇ ਸਟੇਸ਼ਨ ਸੰਗਰੂਰ ਤੋਂ ੨੦ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਗੁਰਦੁਆਰਾ ਸਾਹਿਬ ਭਵਾਨੀਗੜ੍ਹ ਬੱਸ ਸਟੈਂਡ ਤੋਂ ਡੇਢ ਕਿਲੋਮੀਟਰ ਦੀ ਦੂਰੀ 'ਤੇ ਸੁਭਾਇਮਾਨ ਹੈ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਸੁਚੱਜਾ ਪ੍ਰਬੰਧ ਹੈ। ਇਸ ਇਤਿਹਾਸਕ ਅਸਥਾਨ ਦਾ ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲੋਕਲ ਕਮੇਟੀ, ਰਾਹੀਂ ਕਰਦੀ ਹੈ। ਵਧੇਰੇ ਜਾਣਕਾਰੀ ੦੧੬੭੨-੨੦੩੧੩ ਫੋਨ ਨੰਬਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਗੁਰਦੁਆਰਾ 'ਪਾਤਸ਼ਾਹੀ ਦਸਵੀਂ' ਬਰਗਾੜੀ

## (ਫ਼ਰੀਦਕੋਟ) ਪੰਜਾਬ



ਜਵੇਂ ਕਿ ਨਾਮ ਤੋਂ ਹੀ ਸਪੱਸ਼ਟ ਹੈ, 'ਗੁਰਦੁਆਰਾ 'ਪਾਤਸ਼ਾਹੀ ਦਸਵੀਂ' ਬਰਗਾੜੀ, ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਯਾਦ ਵਿਚ ਸੁਸ਼ੋਭਿਤ ਹੈ। ਗੁਰੂ ਗੋਬਿੰਦ ਸਿੰਘ ਜੀ, ਦੀਨੇ ਕਾਂਗੜ ਤੋਂ ਕੋਟਕਪੂਰੇ ਜਾਣ ਸਮੇਂ ਦਸੰਬਰ, ੧੭੦੫ ਈ: ਵਿਚ ਪਿੰਡ ਬਾਂਦਰਾਂ ਤੋਂ ਆਏ ਅਤੇ ਤਿੰਨ ਦਿਨ ਇਥੇ ਨਿਵਾਸ ਕੀਤਾ। ਰਾਏ ਜੱਗੇ ਚੌਧਰੀ (ਜੋ ਸੰਘਰ ਕਿਆਂ ਬਰਾੜਾਂ ਵਿਚੋਂ ਸੀ) ਅਤੇ ਕੋਟਕਪੂਰੇ ਵਾਲੇ ਕਪੂਰੇ ਦੇ ਭਾਈ ਨੰਦ ਨੇ ਗੁਰੂ ਜੀ ਤੇ ਸਿੱਖ ਸੰਗਤਾਂ ਨੂੰ ਬਹੁਤ ਆਦਰ-ਸਤਿਕਾਰ ਦਿਤਾ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਪ੍ਰੇਮੀ ਗੁਰਸਿੱਖਾਂ ਨੇ ਯਾਦਗਾਰੀ ਗੁਰਦੁਆਰੇ ਦਾ ਨਿਰਮਾਣ ਕਾਰਜ ਕਰਵਾਇਆ। ਰਿਆਸਤ ਫਰੀਦਕੋਟ ਵੱਲੋਂ ਕੁਝ ਜ਼ਮੀਨ ਜਗੀਰ ਰੂਪ ਵਿਚ ਗੁਰਦੁਆਰਾ ਸਾਹਿਬ ਦੇ ਨਾਮ ਲਗਵਾਈ ਗਈ। ਗੁਰਦੁਆਰਾ ਸਾਹਿਬ ਦੀ ਵਰਤਮਾਨ ਇਮਾਰਤ ੧੯੯੬ ਈ. ਵਿਚ ਬਣ ਕੇ ਤਿਆਰ ਹੋਈ। ਗੁਰਦੁਆਰਾ ਸਾਹਿਬ ਦੇ ਸਰੋਵਰ ਹੋਣ ਕਰਕੇ ਗੁਰਦੁਆਰੇ ਦਾ ਨਾਮ ਕਿਧਰੇ ਕਿਧਰੇ 'ਗੁਰੂ ਸਰ' ਵੀ ਲਿਖਿਆ ਮਿਲਦਾ ਹੈ। ਇਸ ਇਤਿਹਾਸਕ ਅਸਥਾਨ 'ਤੇ ਪਹਿਲੀ ਤੇ ਦਸਵੀਂ ਪਾਤਸ਼ਾਹੀ ਦੇ ਪ੍ਰਕਾਸ਼ ਗੁਰਪੁਰਬ, ਪੰਜਵੀਂ ਤੇ ਨੌਵੀਂ ਪਾਤਸ਼ਾਹੀ ਦੇ ਸ਼ਹੀਦੀ ਦਿਹਾੜੇ ਅਤੇ ਖਾਲਸੇ ਦਾ ਸਿਰਜਣਾ ਦਿਵਸ ਵੈਸਾਖੀ ਵਿਸ਼ੇਸ਼ ਰੂਪ ਵਿਚ ਮਨਾਏ ਜਾਂਦੇ ਹਨ।

ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਪ੍ਰਬੰਧ ਵਧੀਆ ਹੈ ਅਤੇ ਰਿਹਾਇਸ਼ ਵਾਸਤੇ ਵੀ ਪੰਜ ਕਮਰੇ ਬਣੇ ਹੋਏ ਹਨ। ਪ੍ਰਬੰਧ, ਸ਼੍ਰੋਮਣੀ ਗੁ: ਪ੍ਰ: ਕਮੇਟੀ ਲੋਕਲ ਕਮੇਟੀ ਰਾਹੀਂ ਕਰਦੀ ਹੈ।

ਇਹ ਇਤਿਹਾਸਕ ਅਸਥਾਨ ਪਿੰਡ ਬਰਗਾੜੀ, ਤਹਿਸੀਲ ਜੈਤੋ, ਜ਼ਿਲ੍ਹਾ ਫਰੀਦਕੋਟ ਵਿਚ ਰੇਲਵੇ ਸਟੇਸ਼ਨ ਕੋਟਕਪੂਰੇ ਤੋਂ ੧੩ ਕਿਲੋਮੀਟਰ ਦੀ ਦੂਰੀ 'ਤੇ ਕੋਟਕਪੂਰਾ-ਬਠਿੰਡਾ ਰੋਡ 'ਤੇ ਸਥਿਤ ਹੈ।

# ਗੁਰਦੁਆਰਾ 'ਗੁਰੂ ਕੀ ਢਾਬ' ਮੱਤਾ

## (ਫਰੀਦਕੋਟ) ਪੰਜਾਬ



ਗੁਰਦੁਆਰਾ 'ਗੁਰੂ ਕੀ ਢਾਬ' ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਯਾਦਗਾਰ ਵਜੋਂ ਸੁਭਾਇਮਾਨ ਹੈ। ਇਸ ਅਸਥਾਨ 'ਤੇ ਗੁਰੂ ਗੋਬਿੰਦ ਸਿੰਘ ਜੀ 'ਬਹਿਮੀ ਨਾਮੀ ਸੱਯਦ' ਨੂੰ ਅੰਮ੍ਰਿਤ ਦੀ ਦਾਸ ਬਖ਼ਸ਼ਿਸ਼ ਕਰ, ਗੁਰੂ ਪਰਿਵਾਰ ਦਾ ਮੈਂਬਰ ਬਣਾਇਆ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਸੇਵਕਾਂ ਸਮੇਤ ਢਾਬ ਦੇ ਕੰਢੇ-ਦਰਖ਼ਤਾਂ ਦੇ ਹੇਠਾਂ ਕੁਝ ਸਮਾਂ ਨਿਵਾਸ ਕੀਤਾ। ਪਹਿਲਾਂ ਇਹ ਅਸਥਾਨ 'ਦੋਦੇ ਦੇ ਤਾਲ' ਦੇ ਨਾਮ ਨਾਲ ਜਾਣਿਆ ਜਾਂਦਾ ਸੀ ਪਰ ਗੁਰੂ ਜੀ ਦੀ ਆਮਦ ਤੋਂ ਬਾਅਦ 'ਗੁਰੂ ਕੀ ਢਾਬ' ਨਾਮ ਨਾਲ ਪ੍ਰਸਿੱਧ ਹੋਇਆ। ਗੁਰਦੁਆਰਾ ਸਾਹਿਬ ਦੇ ਨਾਲ ਇਕ ਅੱਠ ਕੋਨਾ ਸਰੋਵਰ ਹੈ, ਜਿਸ ਸਬੰਧੀ ਕੁਝ ਮਾਨਤਾਵਾਂ ਜੁੜੀਆਂ ਹੋਈਆਂ ਹਨ। ਗੁਰਦੁਆਰਾ ਸਾਹਿਬ ਦੀ ੧੯੯੧-੯੬ ਈ: ਵਿਚ ਨਵੀਂ ਬਣੀ ਇਮਾਰਤ ਬਹੁਤ ਆਲੀਸ਼ਾਨ ਹੈ। ਸ਼੍ਰੋਮਣੀ ਗੁ:ਪ੍ਰ: ਕਮੇਟੀ ਵੱਲੋਂ ਨਾਲ ਪਬਲਿਕ ਸਕੂਲ ਚਲਾਇਆ ਜਾ ਰਿਹਾ ਹੈ। ਪ੍ਰਬੰਧ ਸ਼੍ਰੋਮਣੀ ਗੁ: ਪ੍ਰ: ਕਮੇਟੀ ਲੋਕਲ ਕਮੇਟੀ ਰਾਹੀਂ ਕਰਦੀ ਹੈ। ਇਸ ਅਸਥਾਨ 'ਤੇ ਪਹਿਲੀ, ਪੰਜਵੀਂ ਤੇ ਦਸਵੀਂ ਪਾਤਸ਼ਾਹੀ ਦੇ ਪ੍ਰਕਾਸ਼ ਗੁਰਪੁਰਬ ਅਤੇ ਸਲਾਨਾ ਜੋੜ ਮੇਲਾ ਮਾਘ ਮਹੀਨੇ ਦੀ ਪਹਿਲੀ ਤਾਰੀਖ ਨੂੰ ਮਨਾਇਆ ਜਾਂਦਾ ਹੈ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਪ੍ਰਬੰਧ ਵਧੀਆ ਹੈ। ਰਿਹਾਇਸ਼ ਵਾਸਤੇ ੧੦ ਕਮਰੇ ਬਣੇ ਹੋਏ ਹਨ।

ਇਹ ਅਸਥਾਨ ਪਿੰਡ ਮੱਤਾ, ਤਹਿਸੀਲ ਜੈਤੋ, ਜ਼ਿਲ੍ਹਾ ਫਰੀਦਕੋਟ ਵਿਚ ਰੇਲਵੇ ਸਟੇਸ਼ਨ ਕੋਟਕਪੂਰੇ ਤੋਂ ੧੧ ਕਿਲੋਮੀਟਰ ਅਤੇ ਬੱਸ ਸਟੈਂਡ ਜੈਤੋਂ ਤੋਂ ੫ ਕਿਲੋਮੀਟਰ ਦੂਰੀ 'ਤੇ ਬਠਿੰਡਾ-ਜੈਤੋ-ਕੋਟਕਪੂਰਾ ਰੋਡ 'ਤੇ ਸਥਿਤ ਹੈ।

# ਗੁਰਦੁਆਰਾ 'ਗੰਗਸਰ ਸਾਹਿਬ' ਜੈਤੋ,

## (ਫਰੀਦਕੋਟ) ਪੰਜਾਬ



ਗੁਰਦੁਆਰਾ 'ਗੰਗਸਰ ਸਾਹਿਬ' ਉਹ ਪਵਿੱਤਰ ਅਸਥਾਨ ਹੈ, ਜਿਸ ਨੂੰ ਦਸਮੇਸ਼ ਪਿਤਾ, ਗੁਰੂ ਗੋਬਿੰਦ ਸਿੰਘ ਜੀ ਨੇ ਕੋਟਕਪੂਰੇ ਤੋਂ ਹੁੰਦੇ ਹੋਏ ੧੭੦੬ ਈ: ਵਿਚ ਜੈਤੋ ਪਿੰਡ ਵਿਚ ਪਾਣੀ ਦੀ ਢਾਬ ਕੰਢੇ ਚਰਨ-ਛੋਹ ਬਖ਼ਸ਼ਿਸ਼ ਕਰ ਪਵਿੱਤਰਤਾ ਤੇ ਇਤਿਹਾਸਕਤਾ ਪ੍ਰਦਾਨ ਕੀਤੀ। ਗੁਰੂ ਜੀ ਨੇ 'ਗੰਗਾ ਤੀਰਥ' ਦੇ ਭਰਮ ਨੂੰ ਨਵਿਰਤ ਕਰਨ ਲਈ ਪਾਣੀ ਦੀ ਢਾਬ ਨੂੰ 'ਗੰਗਸਰ' ਦਾ ਨਾਮ ਦਿਤਾ। ਮਹਾਰਾਜਾ ਹੀਰਾ ਸਿੰਘ ਨਾਭਾ ਨੇ ਸਤਿਗੁਰਾਂ ਦੀ ਯਾਦ ਵਿਚ ਇਤਿਹਾਸਕ ਅਸਥਾਨ 'ਤੇ ਸੁੰਦਰ ਗੁਰਦੁਆਰੇ ਦਾ ਨਿਰਮਾਣ ਕਾਰਜ ਕਰਵਾਇਆ ਤੇ ਕੁਝ ਜ਼ਮੀਨ ਜਗੀਰ ਦੇ ਰੂਪ ਵਿਚ ਗੁਰਦੁਆਰਾ ਸਾਹਿਬ ਦੇ ਨਾਮ ਲਗਵਾਈ। ੧੯੫੪ ਈ: ਵਿਚ ਗੁ: ਸਾਹਿਬ ਜੀ ਦੀ ਆਧੁਨਿਕ ਇਮਾਰਤ ਦੀ ਉਸਾਰੀ ਤੇ ਸਰੋਵਰ ਦੀ ਸੇਵਾ ਬਾਬਾ ਗੁਰਮੁਖ ਸਿੰਘ ਪਟਿਆਲਾ ਵਾਲਿਆਂ ਨੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਕਰਵਾਈ।

ਅਕਾਲੀ ਲਹਿਰ ਸਮੇਂ ਮਹਾਰਾਜਾ ਰਿਪੁਦਮਨ ਸਿੰਘ 'ਨਾਭਾ' ਦੀ ਬਹਾਲੀ ਲਈ ਰਖਵਾਏ ਗਏ ਅਖੰਡ ਪਾਠ ਨੂੰ ਅੰਗਰੇਜ਼ ਸਰਕਾਰ ਨੇ ੧੪ ਸਤੰਬਰ, ੧੯੨੩ ਈ. ਨੂੰ ਜ਼ਬਰੀ ਬੰਦ ਕਰਵਾ ਕੇ ਅਖੰਡ ਪਾਠ ਖੰਡਨ ਕਰਨ ਦਾ ਕੁਕਰਮ ਕੀਤਾ, ਜਿਸ 'ਤੇ ਸ਼੍ਰੋਮਣੀ ਪ੍ਰਬੰਧਕ ਕਮੇਟੀ ਨੇ ਸ਼੍ਰੋਮਣੀ ਅਕਾਲੀ ਦਲ ਦੇ ਸਹਿਯੋਗ ਨਾਲ ਮੋਰਚਾ ਲਾ ਦਿੱਤਾ। ਸ੍ਰੀ ਅਕਾਲ ਤਖਤ ਸਾਹਿਬ ਤੋਂ ਬਹੁਤ ਸਾਰੇ ਸ਼ਹੀਦੀ ਜਥੇ ਇਸ ਮੋਰਚੇ ਵਿਚ ਸ਼ਾਮਲ ਹੋਏ। ਬਹੁਤ ਸਾਰੇ ਸਿੰਘ ਸ਼ਹੀਦ ਹੋਏ। ਅਖੀਰ ੨੧ ਜੁਲਾਈ, ੧੯੨੫ ਈ: ਨੂੰ ਅੰਗਰੇਜ਼, ਸਾਮਰਾਜ ਨੂੰ ਪੰਥਕ ਏਕਤਾ ਤੇ ਸਿੱਖ ਸ਼ਕਤੀ ਦੇ ਅੱਗੇ ਝੁਕਣਾ ਪਿਆ, ਖਾਲਸੇ ਨੂੰ ਫਤਹਿ ਪ੍ਰਾਪਤ ਹੋਈ। ਜੈਤੋ ਦੇ ਮੋਰਚੇ ਵਿਚ ਜਵਾਹਰ ਲਾਲ ਨਹਿਰੂ, ਡਾ.ਕਿਚਲੂ ਤੇ ਮਿਸਟਰ ਗਿਡਵਾਨੀ ਨੇ ਵੀ ਗ੍ਰਿਫ਼ਤਾਰੀ ਦਿੱਤੀ। ਹਰ ਸਾਲ ੨੧ ਫਰਵਰੀ ਨੂੰ ਸ਼ਹੀਦ ਸਿੰਘਾਂ ਦੀ ਯਾਦ ਸ਼ਹੀਦੀ ਜੋੜ ਮੇਲਾ ਇਸ ਅਸਥਾਨ 'ਤੇ ਵਿਸ਼ੇਸ਼ ਤੌਰ 'ਤੇ ਮਨਾਇਆ ਜਾਂਦਾ ਹੈ।

ਇਸ ਇਤਿਹਾਸਕ ਅਸਥਾਨ ਦਾ ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਲੋਕਲ ਕਮੇਟੀ ਰਾਹੀਂ ਕਰਦੀ ਹੈ। ਇਸ ਅਸਥਾਨ 'ਤੇ ਗੁਰੂ ਨਾਨਕ ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਵਿਸ਼ੇਸ਼ ਰੂਪ ਵਿਚ ਮਨਾਏ ਜਾਂਦੇ ਹਨ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ੧੦ ਕਮਰੇ ਹਨ। ਗੁਰਦੁਆਰਾ ਗੰਗਸਰ ਦੇ ਨਜ਼ਦੀਕ ਹੀ ਗੁਰਦੁਆਰਾ ਟਿੱਬੀ ਸਾਹਿਬ ਤੇ ਗੁਰਦੁਆਰਾ ਅੰਗੀਠਾ ਸਾਹਿਬ ਇਤਿਹਾਸਕ ਸਥਾਨ ਹਨ।

ਇਹ ਅਸਥਾਨ 'ਜੈਤੋ ਮੰਡੀ' ਜੋ ਕਿ ਫਰੀਦਕੋਟ ਜ਼ਿਲ੍ਹੇ ਦੀ ਤਹਿਸੀਲ ਹੈ, ਵਿਚ ਫਰੀਦਕੋਟ-ਬਠਿੰਡਾ ਮੇਨ ਸੜਕ 'ਤੇ ਹੈ। ਕੋਟਕਪੂਰੇ ਤੇ ਗੋਨਿਆਣਾ ਮੰਡੀ ਤੋਂ ਵੀ ਸੜਕਾਂ ਮਿਲਦੀਆਂ ਹਨ। ਬਠਿੰਡਾ-ਫਿਰੋਜ਼ਪੁਰ ਰੇਲਵੇ ਲਾਈਨ 'ਤੇ ਜੈਤੋ ਰੇਲਵੇ ਸਟੇਸ਼ਨ ਤੋਂ ਇਹ ਅਸਥਾਨ ਇਕ ਕਿਲੋਮੀਟਰ ਦੀ ਦੂਰੀ 'ਤੇ ਹੈ। ਵਧੇਰੇ ਜਾਣਕਾਰੀ ੦੧੬੩੫-੩੦੯੨੪, ੬੪੨੦੪ ਫੋਨ ਨੰਬਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਗੁਰਦੁਆਰਾ 'ਭਾਈ ਬਹਿਲੋ ਜੀ' ਫਫੜੇ ਭਾਈ ਕੇ

## (ਮਾਨਸਾ) ਪੰਜਾਬ



ਗੁਰੂ-ਘਰ ਦੇ ਅਨਿਨ ਸ਼ਰਧਾਲੂ, ਭਾਈ ਬਹਿਲੋ ਜੀ ਦਾ ਜਨਮ ਸੰਮਤ ੧੬੪੦ (੧੫੮੩ ਈ.) ਨੂੰ ਫਫੜੇ ਭਾਈ ਕੇ ਵਿਖੇ ਹੋਇਆ। ਭਾਈ ਬਹਿਲੋ ਜੀ ਪਹਿਲਾਂ ਸਖੀ ਸਰਵਰੀਏ ਸਨ। ਸੰਮਤ ੧੬੬੦ (੧੬੦੩ ਈ.) ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਰਨ ਆਏ ਅਤੇ ਗੁਰਸਿੱਖੀ ਧਾਰਨ ਕੀਤੀ। ਅੰਮ੍ਰਿਤ ਸਰੋਵਰ ਤੇ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਉਸਾਰੀ ਦੀ ਕਾਰ-ਸੇਵਾ ਵਿਚ ਭਾਈ ਸਾਹਿਬ ਨੇ ਤਨ-ਮਨ ਨਾਲ ਸੇਵਾ ਕਰਕੇ ਵਡਮੁਲਾ ਯੋਗਦਾਨ ਪਾਇਆ ਅਤੇ ਆਪਣਾ ਨਾਮ ਗੁਰੂ ਅਰਜਨ ਦੇਵ ਜੀ ਦੇ ਪ੍ਰਮੁੱਖ ਸਿੱਖਾਂ ਵਿਚ ਸ਼ਾਮਲ ਕਰਵਾਇਆ। ਅੰਮ੍ਰਿਤਸਰ ਦੀ ਸੇਵਾ ਸੰਪੂਰਨ ਹੋਣ 'ਤੇ ਗੁਰੂ ਅਰਜਨ ਦੇਵ ਜੀ ਨੇ ਭਾਈ ਬਹਿਲੋ ਨੂੰ ਆਪਣੇ ਇਲਾਕੇ ਵਿਚ ਗੁਰਮਤਿ ਪ੍ਰਚਾਰ ਦੀ ਸੇਵਾ ਸੌਂਪੀ, ਜਿਸ ਤਹਿਤ ਭਾਈ ਸਾਹਿਬ ਨੇ ਰਿਆਸਤ ਫ਼ਰੀਦਕੋਟ- ਨਾਭੇ ਵਿਚ ਸਿੱਖੀ ਪ੍ਰਚਾਰ ਕਰਕੇ ਨਾਮਨਾ ਖੱਟਿਆ। ਭਾਈ ਬਹਿਲੋ ਦੀ ਵੰਸ਼ ਨੂੰ 'ਭਾਈ ਕੇ' ਕਹਿ ਕੇ ਯਾਦ ਕੀਤਾ ਜਾਂਦਾ ਹੈ, ਜਿਸ ਕਰਕੇ ਇਨ੍ਹਾਂ ਦਾ ਨਗਰ 'ਫਫੜੇ' ਵੀ ਫਫੜੇ ਭਾਈ ਕੇ ਵਜੋਂ ਪ੍ਰਸਿੱਧ ਹੋਇਆ।

ਭਾਈ ਬਹਿਲੋ ਜੀ ਸੰਮਤ ੧੭੦੦ ( ੧੬੪੩ ਈ.) ਵਿਚ ਗੁਰਪੁਰੀ ਪਿਆਨਾ ਕਰ ਗਏ। ਨਗਰ ਨਿਵਾਸੀਆਂ ਨੇ ਗੁਰੂ-ਘਰ ਦੇ ਪ੍ਰੀਤਵਾਨ ਇਸ ਗੁਰਸਿੱਖ ਦੀ ਯਾਦ ਵਿਚ ਯਾਦਗਾਰੀ ਗੁਰਦੁਆਰੇ ਦਾ ਨਿਰਮਾਣ ਕਾਰਜ ਕਰਵਾਇਆ। ਵਰਤਮਾਨ ਆਲੀਸ਼ਾਨ ਦੋ ਮੰਜ਼ਲੀ ਇਮਾਰਤ ਦਾ ਨਿਰਮਾਣ ਕਾਰਜ ੧੯੮੫ ਈ: ਵਿਚ ਸੰਪੂਰਨ ਹੋਇਆ।

ਇਸ ਅਸਥਾਨ 'ਤੇ ਗੁਰੂ ਨਾਨਕ ਦੇਵ ਜੀ, ਗੁਰੂ ਅਰਜਨ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਅਤੇ ਸਾਲਾਨਾ ਜੋੜ-ਮੇਲਾ ਵਿਸ਼ੇਸ਼ ਰੂਪ ਵਿਚ ਮਨਾਏ ਜਾਂਦੇ ਹਨ। ਗੁਰਦੁਆਰੇ ਦਾ ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਲੋਕਲ ਕਮੇਟੀ ਰਾਹੀਂ ਕਰਦੀ ਹੈ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਪ੍ਰਬੰਧ ਹੈ ਤੇ ਰਿਹਾਇਸ਼ ਵਾਸਤੇ ਵੀ ੧੦ ਕਮਰੇ ਬਣੇ ਹੋਏ ਹਨ।

ਇਹ ਅਸਥਾਨ ਪਿੰਡ 'ਫਫੜੇ ਭਾਈ ਕੇ' ਤਹਿਸੀਲ ਬੁਢਲਾਡਾ, ਜ਼ਿਲ੍ਹਾ ਮਾਨਸਾ ਵਿਚ, ਰੇਲਵੇ ਸਟੇਸ਼ਨ ਬੁਢਲਾਡਾ ਤੋਂ ੧੦ ਕਿਲੋਮੀਟਰ ਅਤੇ ਸੜਕੀ ਮਾਰਗ ਮਾਨਸਾ-ਬੁਢਲਾਡਾ ਤੋਂ ਕੇਵਲ ਇਕ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ।

ਵਧੇਰੇ ਜਾਣਕਾਰੀ ੦੧੬੫੨-੮੩੨੪੨ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਗੁਰਦੁਆਰਾ 'ਸੂਲੀ-ਸਰ' ਕੋਟ ਧਰਮੂ

## (ਮਾਨਸਾ) ਪੰਜਾਬ



ਗੁਰਦੁਆਰਾ 'ਸੂਲੀ-ਸਰ' ਕੋਟ ਧਰਮੂ, ਗੁਰੂ ਤੇਗ ਬਹਾਦਰ ਸਾਹਿਬ ਦੀ ਪਾਵਨ ਯਾਦ ਵਿਚ ਸ਼ੋਭਨੀਕ ਹੈ। ਗੁਰੂ ਤੇਗ ਬਹਾਦਰ ਸਾਹਿਬ ਮਾਲਵਾ ਪ੍ਰਚਾਰ-ਫੇਰੀ ਸਮੇਂ, ਤਲਵੰਡੀ ਸਾਬੋ ਤੋਂ ਗੁਰੂ-ਘਰ ਦੇ ਪ੍ਰੀਤਵਾਨ ਗੁਰਸਿੱਖ ਭਾਈ ਜਗਤੇ ਦੇ ਪ੍ਰੇਮ ਵੱਸ ਇਸ ਨਗਰ ਵਿਚ ਆਏ ਅਤੇ ਕੁਝ ਦਿਨ ਇਥੇ ਨਿਵਾਸ ਕੀਤਾ। ਸਥਾਨਕ ਪਰੰਪਰਾ ਅਨੁਸਾਰ, ਚੋਰ ਗੁਰੂ-ਘਰ ਦੇ ਘੋੜੇ ਚੋਰੀ ਕਰਨ ਆਇਆ ਅਤੇ ਰਾਤ ਦੇ ਹਨੇਰੇ ਵਿਚ ਸੂਲੀ-ਨੁਮਾ ਜੰਡ ਦੇ ਦਰਖ਼ਤ ਵਿਚ ਵੱਜ ਕੇ ਸਖ਼ਤ ਜ਼ਖ਼ਮੀ ਹੋਇਆ। ਚੋਰ ਨੂੰ ਆਪਣੀ ਕੀਤੀ 'ਤੇ ਬਹੁਤ ਪਛਤਾਵਾ ਹੋਇਆ- ਗੁਰੂ ਸ਼ਰਨ ਵਿਚ ਆ ਕੇ ਮੁਆਫੀ ਮੰਗੀ ਅਤੇ ਗੁਰਸਿੱਖੀ ਧਾਰਨ ਕੀਤੀ। ਇਹ ਅਸਥਾਨ ਇਸ ਕਰਕੇ 'ਸੂਲੀ-ਸਰ' ਦੇ ਨਾਮ 'ਤੇ ਪ੍ਰਸਿੱਧ ਹੋਇਆ। ਰਿਆਸਤ ਪਟਿਆਲਾ ਵੱਲੋਂ ਇਸ ਅਸਥਾਨ ਨੂੰ ਕੁਝ ਜ਼ਮੀਨ ਜਗੀਰ ਦੇ ਰੂਪ ਵਿਚ ਭੇਂਟ ਕੀਤੀ ਗਈ। ਗੁਰਦੁਆਰਾ ਸਾਹਿਬ ਦੀ ਨਵੀਂ ਬਣੀ ਬਹੁ ਮੰਜ਼ਲੀ ਇਮਾਰਤ ਬਹੁਤ ਸੁੰਦਰ ਹੈ। ਗੁਰਦੁਆਰਾ ਸਾਹਿਬ ਨਾਲ ਵਿਸ਼ਾਲ ਸਰੋਵਰ ਵੀ ਹੈ।

ਇਸ ਇਤਿਹਾਸਕ ਅਸਥਾਨ 'ਤੇ ਗੁਰੂ ਨਾਨਕ ਦੇਵ ਜੀ ਤੇ ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰਕਾਸ਼ ਗੁਰਪੁਰਬ ਵਿਸ਼ੇਸ਼ ਰੂਪ ਵਿਚ ਮਨਾਏ ਜਾਂਦੇ ਹਨ। ਇਸ ਇਤਿਹਾਸਕ ਅਸਥਾਨ ਦਾ ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲੋਕਲ ਕਮੇਟੀ ਰਾਹੀਂ ਕਰਦੀ ਹੈ।

ਇਹ ਅਸਥਾਨ ਪਿੰਡ ਕੋਟ ਧਰਮੂ (ਧਰਮੂ ਦਾ ਕੋਟ) ਤਹਿਸੀਲ/ਜ਼ਿਲ੍ਹਾ ਮਾਨਸਾ ਵਿਚ, ਰੇਲਵੇ ਸਟੇਸ਼ਨ ਮਾਨਸਾ ਤੋਂ ੧੦ ਕਿਲੋਮੀਟਰ ਅਤੇ ਮਾਨਸਾ-ਸਰਸਾ ਸੜਕ 'ਤੇ ਪਿੰਡ ਕੋਟ ਧਰਮੂ ਵਿਖੇ ਸਥਿਤ ਹੈ।

# ਗੁਰਦੁਆਰਾ 'ਪਾਤਸ਼ਾਹੀ ਨੌਵੀਂ' ਭਿੱਖੀ

## (ਮਾਨਸਾ) ਪੰਜਾਬ



ਗੁਰੂ ਤੇਗ ਬਹਾਦਰ ਸਾਹਿਬ ਦੀ ਚਰਨ-ਛੋਹ ਪ੍ਰਾਪਤ ਧਰਤ 'ਤੇ ਸੁਸ਼ੋਭਿਤ ਹੈ ਇਤਿਹਾਸਕ ਗੁਰਦੁਆਰਾ, 'ਪਾਤਸ਼ਾਹੀ ਨੌਵੀਂ' ਭਿੱਖੀ। ਗੁਰੂ ਤੇਗ ਬਹਾਦਰ ਜੀ ਮਾਲਵਾ ਪ੍ਰਚਾਰ-ਫੇਰੀ ਸਮੇਂ ਇਸ ਨਗਰ ਵਿਖੇ ਆਏ। ਚੌਧਰੀ ਗੈਂਡਾ ਚਾਹਲ ਤੇ ਉਸ ਦਾ ਸਪੁੱਤਰ ਦੇਸੂ ਜੋ ਸਖੀ ਸਰਵਰੀਏ ਸਨ, ਗੁਰੂ ਸੰਗਤ ਵਿਚ ਆਏ ਅਤੇ ਇਕ ਅਕਾਲ ਪੁਰਖ ਵਾਹਿਗੁਰੂ ਦੇ ਉਪਾਸ਼ਕ ਬਣੇ। ਗੁਰੂ ਜੀ ਕਾਫ਼ੀ ਦਿਨ ਇਸ ਨਗਰ ਵਿਚ ਰਹੇ ਅਤੇ ਗੁਰਬਾਣੀ ਦਾ ਉਪਦੇਸ਼ ਸੰਗਤਾਂ ਨੂੰ ਦ੍ਰਿੜ੍ਹ ਕਰਵਾਉਂਦੇ ਰਹੇ। ਪ੍ਰੇਮੀ ਗੁਰਸਿੱਖਾਂ ਨੇ ਗੁਰੂ ਜੀ ਦੀ ਆਮਦ ਦੀ ਯਾਦ ਵਿਚ ਯਾਦਗਾਰੀ ਅਸਥਾਨ ਦਾ ਨਿਰਮਾਣ ਕਰਵਾਇਆ। ਮਹਾਰਾਜਾ ਕਰਮ ਸਿੰਘ ਪਟਿਆਲਾ ਵਾਲਿਆਂ ਨੇ ਆਪਣੇ ਰਾਜ-ਕਾਲ (੧੭੯੮-੧੮੪੫ ਈ:) ਦੌਰਾਨ ਗੁਰਦੁਆਰੇ ਦਾ ਨਿਰਮਾਣ ਕਾਰਜ ਕਰਵਾਇਆ ਅਤੇ ਗੁਰਦੁਆਰਾ ਸਾਹਿਬ ਦੇ ਨਾਮ ਜ਼ਮੀਨ-ਜਾਇਦਾਦ ਜਗੀਰ ਵਜੋਂ ਲਗਵਾਈ। ਵਰਤਮਾਨ ਗੁਰਦੁਆਰੇ ਦੀ ਦੋ ਮੰਜ਼ਲੀ ਇਮਾਰਤ ਨਵੀਂ ਬਣੀ ਹੋਈ ਹੈ। ਇਸ ਇਤਿਹਾਸਕ ਅਸਥਾਨ 'ਤੇ ਗੁਰੂ ਨਾਨਕ ਸਾਹਿਬ, ਗੁਰੂ ਤੇਗ ਬਹਾਦਰ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ, ਸ਼ਰਧਾ-ਸਤਿਕਾਰ ਨਾਲ ਮਨਾਏ ਜਾਂਦੇ ਹਨ। ਗੁਰਦੁਆਰੇ ਦੇ ਨਾਲ ਸਰੋਵਰ ਵੀ ਬਣਿਆ ਹੋਇਆ ਹੈ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਪ੍ਰਬੰਧ ਠੀਕ ਹੈ। ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲੋਕਲ ਕਮੇਟੀ ਰਾਹੀਂ ਕਰਦੀ ਹੈ। ਇਹ ਇਤਿਹਾਸਕ ਅਸਥਾਨ ਪਿੰਡ ਭਿੱਖੀ, ਤਹਿਸੀਲ ਜ਼ਿਲ੍ਹਾ ਮਾਨਸਾ ਵਿਚ, ਰੇਲਵੇ ਸਟੇਸ਼ਨ, ਮਾਨਸਾ ਤੋਂ ੧੮ ਕਿਲੋਮੀਟਰ ਅਤੇ ਪਟਿਆਲਾ-ਸੁਨਾਮ ਰੋਡ 'ਤੇ ਪਿੰਡ ਭਿੱਖੀ ਦੇ ਬੱਸ ਸਟੈਂਡ ਤੋਂ ਕੇਵਲ ੦.੫ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ।

# ਗੁਰਦੁਆਰਾ ਸ੍ਰੀ ਬੇਰ ਸਾਹਿਬ, ਸੁਲਤਾਨਪੁਰ ਲੋਧੀ

## (ਕਪੂਰਥਲਾ) ਪੰਜਾਬ



ਸੁਲਤਾਨਪੁਰ ਲੋਧੀ (ਕਪੂਰਥਲਾ) ਦੀ ਪਵਿੱਤਰ ਧਰਤੀ ਨੂੰ ਮਾਣ ਸਤਿਕਾਰ ਹਾਸਲ ਹੈ, ਕਿ ਇਥੇ ਜਗਤ ਗੁਰੂ, ਗੁਰੂ ਨਾਨਕ ਨੇ ਚੜ੍ਹਦੀ ਜਵਾਨੀ ਦੇ ਕਈ ਸਾਲ, ਮਾਨਵਤਾ ਦੇ ਭਲੇ, ਸਚੁ ਧਰਮ ਦਾ ਸੰਦੇਸ਼ ਦੇਣ ਲਈ ਲੇਖੇ ਲਾਏ।

ਸੁਲਤਾਨਪੁਰ ਲੋਧੀ ਭਾਵੇਂ ਧਾਰਮਿਕ, ਰਾਜਨੀਤਿਕ, ਸਾਹਿਤਕ, ਵਪਾਰਕ ਪੱਖੋਂ ਪੁਰਾਤਨ-ਇਤਿਹਾਸਕ ਸ਼ਹਿਰ ਹੈ, ਪਰ ਆਧੁਨਿਕ ਪ੍ਰਸਿੱਧੀ ਸਿੱਖ ਇਤਿਹਾਸ ਤੇ ਧਾਰਮਿਕ ਅਸਥਾਨਾਂ ਕਰਕੇ ਹੀ ਹੈ।

ਭੈਣ ਨਾਨਕੀ ਦੇ ਸੱਦੇ 'ਤੇ ਗੁਰੂ ਨਾਨਕ ਸਾਹਿਬ ਤਲਵੰਡੀ ਤੋਂ ਸੁਲਤਾਨਪੁਰ ਲੋਧੀ ਆਏ ਤੇ ਫਿਰ 'ਤੇਰਾ ! ਤੇਰਾ !' ਕਹਿ ਕੇ ਤਰਾਜ਼ੂ ਤੋਲਦੇ ਹੋਏ, ਮੋਦੀਖਾਨੇ ਵਿਚ ਮੋਦੀ ਦਾ ਕਾਰਜ ਕਰਦੇ ਰਹੇ। ਇਸ ਧਰਤੀ ਤੋਂ ਹੀ ਵੇਈ ਪ੍ਰਵੇਸ਼ ਉਪਰੰਤ 'ਨਾ ਹਮ ਹਿੰਦੂ ਨ ਮੁਸਲਮਾਨ' ਦਾ ਅਲਾਹੀ ਨਾਦ ਪਹਿਲੀ ਵਾਰ ਗੂੰਜਿਆ, ਜਿਸ ਨਾਲ ਭਾਈਚਾਰਕ ਏਕਤਾ-ਸਭੇ ਸਾਂਝੀਵਾਲਤਾ ਦਾ ਸੰਦੇਸ਼ ਦ੍ਰਿੜ੍ਹ ਹੋਇਆ । ਨਮਾਜ਼ ਦੀ ਅਸਲੀਅਤ ਪ੍ਰਗਟ ਕਰਨ ਲਈ ਕਾਜ਼ੀ ਨਾਲ, ਗੁਰੂ ਨਾਨਕ ਸਾਹਿਬ ਜੀ ਨਮਾਜ਼ ਵੀ ਇਥੇ ਹੀ ਪੜ੍ਹਦੇ ਹਨ।

ਇਸ ਸੁਹਾਵੀ ਧਰਤ 'ਤੇ ਹੀ ਗੁਰੂ ਨਾਨਕ ਸਾਹਿਬ ਗ੍ਰਿਹਸਤ ਮਾਰਗ 'ਚ ਪ੍ਰਵੇਸ਼ ਕਰਦੇ ਹਨ। ਇਥੇ ਹੀ ਬਾਬਾ ਸ੍ਰੀ ਚੰਦ ਤੇ ਬਾਬਾ ਲਖਮੀ ਦਾਸ ਪ੍ਰਗਟ ਹੁੰਦੇ ਹਨ।

ਰੱਬੀ-ਗਿਆਨ ਦੀਆਂ ਰਿਸ਼ਮਾਂ ਵੰਡਣ, ਧਰਤ ਲੋਕਾਈ ਨੂੰ ਸੋਧਣ ਤੇ ਜਗਤ ਜਲੰਦੇ ਨੂੰ ਤਾਰਨ ਲਈ ਭਾਈ ਮਰਦਾਨੇ ਰਾਹੀਂ ਰੂਹਾਨੀ ਰਬਾਬ ਦੀਆਂ ਤਾਰਾਂ ਵੀ ਇਥੇ ਹੀ ਹਰਕਤ ਵਿਚ ਆਉਂਦੀਆਂ ਹਨ। ਰਬਾਬੀ ਮਰਦਾਨੇ ਦੇ ਸੰਗ-ਸਾਥ ਗੁਰੂ ਨਾਨਕ ਸਾਹਿਬ ਪਹਿਲੀ ਉਦਾਸੀ ਇਸ ਪਵਿੱਤਰ ਧਰਤੀ ਤੋਂ ਸ਼ੁਰੂ ਕਰਦੇ ਹਨ।

ਆਦਿ ਗੁਰੂ, ਗੁਰੂ ਨਾਨਕ ਦੇਵ ਜੀ ਜਿਸ ਬੇਰੀ ਹੇਠਾਂ ਵੇਈਂ ਨਦੀ 'ਤੇ ਰੋਜ਼ਾਨਾ ਇਸ਼ਨਾਨ ਕਰਦੇ ਸਨ ਉਸ ਸਥਾਨ 'ਤੇ ਪਾਵਨ ਪਵਿੱਤਰ ਇਤਿਹਾਸਕ ਗੁਰਦੁਆਰਾ ਬੇਰ ਸਾਹਿਬ ਦੀ ਆਲੀਸ਼ਾਨ-ਸ਼ਾਹੀ ਇਮਾਰਤ ਸੁਭਾਇਮਾਨ ਹੈ।

ਆਧੁਨਿਕ ਇਮਾਰਤ ਦਾ ਨਿਰਮਾਣ ੧੯੩੮-੪੨ ਈ: ਵਿਚ ਹੋਇਆ ਭਾਵੇਂ ਕਿ ਸਿੱਖਾਂ ਦੇ ਚੜ੍ਹਦੀ ਕਲਾ ਦੇ ਦਿਨਾਂ ਵਿਚ ਪਹਿਲਾਂ ਸ੍ਰ: ਜੱਸਾ ਸਿੰਘ ਆਹਲੂਵਾਲੀਏ ਤੇ ਸ੍ਰ: ਫਤਹਿ ਸਿੰਘ ਆਹਲੂਵਾਲੀਏ ਨੇ ਗੁਰੂ ਜੀ ਦੇ ਅਲੌਕਿਕ ਕਾਰਨਾਮਿਆਂ ਨੂੰ ਸਦੀਵਤਾ ਪ੍ਰਦਾਨ ਕਰਨ ਲਈ ਯਾਦਗਾਰਾਂ ਕਾਇਮ ਕੀਤੀਆਂ ਸਨ।

ਗੁਰੂ ਨਾਨਕ ਸਾਹਿਬ ਤੋਂ ਪਿਛੋਂ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਮੁਬਾਰਕ ਚਰਨ-ਛੋਹ ਵੀ ਇਸ ਧਰਤ ਨੂੰ ਪ੍ਰਾਪਤ ਹੋਈ। ਗੁਰਦੁਆਰਾ ਬੇਰ ਸਾਹਿਬ ਤੋਂ ਇਲਾਵਾ ਗੁਰਦੁਆਰਾ ਹੱਟ ਸਾਹਿਬ, ਗੁਰੂ ਕਾ ਬਾਗ, ਕੋਠੜੀ ਸਾਹਿਬ, ਸੰਤ ਘਾਟ, ਅੰਤਰਯਾਮਤਾ, ਬੇਬੇ ਨਾਨਕੀ ਦਾ ਘਰ ਆਦਿ ਪਵਿੱਤਰ ਅਸਥਾਨ ਦੇਖਣਯੋਗ ਹਨ।

ਯਾਤਰੂਆਂ ਦੀ ਰਿਹਾਇਸ਼ ਲਈ ਵੀ ਗੁਰੂ ਨਾਨਕ ਨਿਵਾਸ ਦੀ ਦੋ ਮੰਜ਼ਿਲਾਂ ਸ਼ਾਨਦਾਰ ਇਮਾਰਤ ਹੈ। ੧੦ ਕਮਰੇ ਬਾਥਰੂਮਾਂ ਸਮੇਤ ਤੇ ਚਾਰ ਰੈਸਟ ਹਾਊਸ ਵੀ ਸੰਗਤਾਂ ਦੇ ਆਰਾਮ ਲਈ ਬਣੇ ਹਨ। ਲੰਗਰ-ਪ੍ਰਸ਼ਾਦਿ ਦਾ ਸੁਚੱਜਾ ਪ੍ਰਬੰਧ ਹੈ।

ਇਸ ਪਵਿੱਤਰ ਅਸਥਾਨ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਗੁਰਪੁਰਬ ਤੇ ਖਾਲਸੇ ਦੀ ਸਿਰਜਨਾ ਦਿਹਾੜੇ ਵੱਡੀ ਪੱਧਰ 'ਤੇ ਮਨਾਏ ਜਾਂਦੇ ਹਨ।



ਗੁਰਦੁਆਰਾ ਅੰਤਰ ਯਾਤਮਾ ਸਾਹਿਬ

ਸੁਲਤਾਨਪੁਰ ਲੋਧੀ ਕਪੂਰਥਲਾ ਜ਼ਿਲ੍ਹੇ ਦੀ ਤਹਿਸੀਲ ਹੈ। ਰੇਲਵੇ ਸਟੇਸ਼ਨ ਸੁਲਤਾਨਪੁਰ ਲੋਧੀ ਤੋਂ ਗੁ: ਸਾਹਿਬ ਤੋਂ ਇਕ ਕਿਲੋਮੀਟਰ ਤੇ ਬਸ ਸਟੈਂਡ ਤੋਂ ਕੇਵਲ ੩੦੦ ਮੀਟਰ ਦੀ ਦੂਰੀ 'ਤੇ ਹੈ। ਸੁਲਤਾਨਪੁਰ ਲੋਧੀ, ਕਪੂਰਥਲਾ ਫਿਰੋਜ਼ਪੁਰ ਰੋਡ 'ਤੇ ਸਥਿਤ ਹੈ। ਸੜਕੀ ਮਾਰਗ ਰਾਹੀਂ ਸੁਲਤਾਨਪੁਰ ਲੋਧੀ ਗੋਇੰਦਵਾਲ ਸਾਹਿਬ ਨਾਲ ਵੀ ਜੁੜਦਾ ਹੈ।

ਵਧੇਰੇ ਜਾਣਕਾਰੀ ਲਈ ੦੧੮੨੮-੨੨੦੪੧ ਤੇ ਫੋਨ ਕੀਤਾ ਜਾ ਸਕਦਾ ਹੈ।

# ਗੁਰਦੁਆਰਾ ਬਾਉਲੀ ਸਾਹਿਬ ਪਾਤਸ਼ਾਹੀ ਛੇਵੀਂ, ਨਡਾਲਾ

## (ਕਪੂਰਥਲਾ) ਪੰਜਾਬ

ਮੀਰੀ-ਪੀਰੀ ਦੇ ਮਾਲਕ, ਗੁਰੂ ਹਰਿਗੋਬਿੰਦ ਸਾਹਿਬ ਦੀ ਚਰਨ-ਛੋਹ ਪ੍ਰਾਪਤ ਧਰਤ 'ਤੇ ਸੁਭਾਇਮਾਨ ਹੈ, ਗੁਰਦੁਆਰਾ 'ਬਾਉਲੀ ਸਾਹਿਬ ਪਾਤਸ਼ਾਹੀ ਛੇਵੀਂ' ਨਡਾਲਾ। ਲੋਕਲ ਰਵਾਇਤ ਅਨੁਸਾਰ, ਗੁਰੂ ਹਰਿਗੋਬਿੰਦ ਸਾਹਿਬ (੧੫੯੫-੧੬੪੪) ਇਕ ਤੋਂ ਵੱਧ ਵਾਰ ਇਸ ਅਸਥਾਨ 'ਤੇ ਆਏ ਅਤੇ ਸੰਗਤਾਂ ਨੂੰ ਨਾਮ-ਬਾਣੀ ਨਾਲ ਜੋੜਿਆ।



ਗੁਰੂ ਜੀ ਦੀ ਆਮਦ ਦੀ ਯਾਦ ਵਿਚ, ਪ੍ਰੇਮੀ ਗੁਰਸਿੱਖਾਂ ਨੇ 'ਬਾਉਲੀ' ਦਾ ਨਿਰਮਾਣ ਕਰਵਾਇਆ, ਜਿਸ 'ਤੇ ਇਹ ਅਸਥਾਨ 'ਬਾਉਲੀ ਸਾਹਿਬ' ਦੇ ਨਾਮ 'ਤੇ ਪ੍ਰਸਿੱਧ ਹੋਇਆ। ਗੁਰਦੁਆਰਾ ਸਾਹਿਬ ਦੀ ਬਹੁ-ਮੰਜ਼ਲੀ ਸ਼ਾਨਦਾਰ ਇਮਾਰਤ ਅਤੇ ਝੂਲਦੇ ਦੋ ਕੇਸਰੀ ਪਰਚਮ ਦੂਰ ਤੋਂ ਦਿਖਾਈ ਦਿੰਦੇ ਹਨ। ਇਸ ਅਸਥਾਨ ਦਾ ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਲੋਕਲ ਕਮੇਟੀ ਰਾਹੀਂ ਕਰਦੀ ਹੈ। ਇਸ ਅਸਥਾਨ 'ਤੇ ਪਹਿਲੀ, ਛੇਵੀਂ ਤੇ ਦਸਵੀਂ ਪਾਤਸ਼ਾਹੀ ਦੇ ਪ੍ਰਕਾਸ਼ ਗੁਰਪੁਰਬ ਵਿਸ਼ੇਸ਼ ਰੂਪ ਵਿਚ ਮਨਾਏ ਜਾਂਦੇ ਹਨ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਵਧੀਆ ਪ੍ਰਬੰਧ ਹੈ। ਰਿਹਾਇਸ਼ੀ ਕੁਝ ਕਮਰੇ ਵੀ ਬਣੇ ਹੋਏ ਹਨ।

ਇਹ ਇਤਿਹਾਸਕ ਅਸਥਾਨ ਪਿੰਡ ਨਡਾਲਾ, ਤਹਿਸੀਲ ਭੁਲੱਥ, ਜ਼ਿਲ੍ਹਾ ਕਪੂਰਥਲਾ ਵਿਚ ਸੁਭਾਨਪੁਰ ਤੋਂ ੧੦ ਕਿਲੋਮੀਟਰ ਦੀ ਦੂਰੀ 'ਤੇ ਸੁਭਾਨਪੁਰ-ਟਾਂਡਾ ਰੋਡ 'ਤੇ ਸਥਿਤ ਹੈ।

# ਸਟੇਟ ਗੁਰਦੁਆਰਾ ਸਾਹਿਬ

## (ਕਪੂਰਥਲਾ) ਪੰਜਾਬ



ਜਿਵੇਂ ਕਿ ਨਾਂ ਤੋਂ ਹੀ ਸਪੱਸ਼ਟ ਹੈ, ਇਹ ਗੁਰਦੁਆਰਾ ਕਪੂਰਥਲਾ ਸਟੇਟ (ਰਿਆਸਤ) ਨਾਲ ਸਬੰਧਤ ਹੈ। ਆਹਲੂਵਾਲੀਆ ਮਿਸਲ ਦੇ ਸਰਦਾਰ ਜੱਸਾ ਸਿੰਘ ਨੇ ੧੭੮੦ ਈ: ਰਿਆਸਤ ਕਪੂਰਥਲਾ 'ਤੇ ਕਬਜ਼ਾ ਕਰਕੇ, ਕਪੂਰਥਲਾ ਨੂੰ ਰਾਜਧਾਨੀ ਬਣਾਇਆ। ੨੬ ਅਕਤੂਬਰ, ੧੮੭੭ ਈ: ਵਿਚ ਮਹਾਰਾਜਾ ਜਗਜੀਤ ਸਿੰਘ ਰਿਆਸਤ ਕਪੂਰਥਲਾ ਦੇ ਰਾਜ ਸਿੰਘਾਸਨ 'ਤੇ ਬੈਠੇ। ਮਹਾਰਾਜਾ ਜਗਜੀਤ ਸਿੰਘ ਨੂੰ ਵਿੱਦਿਆ, ਕਲਾ ਤੇ ਭਵਨ ਨਿਰਮਾਣ ਕਲਾ ਵਿਚ ਵਿਸ਼ੇਸ਼ ਰੁਚੀ ਸੀ। ਇਸ ਕਰਕੇ ਉਨ੍ਹਾਂ ਨੇ ਰਿਆਸਤ ਕਪੂਰਥਲਾ ਵਿਚ ਬਹੁਤ ਸਾਰੇ ਭਵਨਾਂ ਦਾ ਨਿਰਮਾਣ ਕਰਵਾਇਆ, ਤੇ ਬਾਗ-ਬਗੀਚੇ ਲਗਵਾਏ।

ਸਟੇਟ ਗੁਰਦੁਆਰਾ ਸਾਹਿਬ ਦੀ ਸ਼ਾਨਦਾਰ ਇਮਾਰਤ ਵੀ ਮਹਾਰਾਜਾ ਜਗਜੀਤ ਸਿੰਘ ਦੀ ਭਵਨ ਕਲਾ ਦੇ ਪਿਆਰ ਨੂੰ ਪ੍ਰਗਟ ਕਰਦੀ ਹੈ। ਇਸ ਗੁਰਦੁਆਰਾ ਸਾਹਿਬ ਦੀ ਇਮਾਰਤ ਦਾ ਨਿਰਮਾਣ ਕਾਰਜ ਉਨ੍ਹਾਂ ਖਾਸ ਰੁਚੀ ਲੈ ਕੇ ਕਰਵਾਇਆ। ਰਿਆਸਤੀ ਗੁਰਦੁਆਰਾ ਹੋਣ ਕਰਕੇ ਪਹਿਲਾਂ ਪ੍ਰਬੰਧ ਰਿਆਸਤ ਕਪੂਰਥਲਾ ਹੀ ਕਰਦੀ ਸੀ। ਪੈਪਸੂ ਦੇ ਬਣਨ 'ਤੇ ਇਸ ਗੁਰਦੁਆਰੇ ਦਾ ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਪਾਸ ਆਇਆ।

ਇਸ ਗੁਰਦੁਆਰਾ ਸਾਹਿਬ ਵਿਖੇ ਯਾਤਰੂਆਂ ਦੀ ਟਹਿਲ-ਸੇਵਾ ਲੰਗਰ-ਪ੍ਰਸ਼ਾਦਿ ਦਾ ਵਧੀਆ ਪ੍ਰਬੰਧ ਹੈ। ਰਿਹਾਇਸ਼ ਵਾਸਤੇ ਵੀ ਪੰਜ ਕਮਰੇ ਬਣੇ ਹੋਏ ਹਨ। ਇਸ ਗੁਰੂ-ਘਰ ਵਿਖੇ, ਪਹਿਲੀ, ਪੰਜਵੀਂ ਤੇ ਦਸਵੀਂ ਪਾਤਸ਼ਾਹੀ ਦੇ ਪ੍ਰਕਾਸ਼ ਗੁਰਪੁਰਬ ਅਤੇ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਵਿਸ਼ੇਸ਼ ਰੂਪ ਵਿਚ ਮਨਾਏ ਜਾਂਦੇ ਹਨ।

ਸਟੇਟ ਗੁਰਦੁਆਰਾ ਕਪੂਰਥਲਾ ਸ਼ਹਿਰ ਵਿਚ ਸਥਿਤ ਹੈ ਜੋ ਕਪੂਰਥਲਾ ਰੇਲਵੇ ਸਟੇਸ਼ਨ ਤੋਂ ੧.੫ ਕਿਲੋਮੀਟਰ ਅਤੇ ਬੱਸ ਸਟੈਂਡ ਕਪੂਰਥਲਾ ਤੋਂ ਕੇਵਲ ੦.੫ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ।

ਵਧੇਰੇ ਜਾਣਕਾਰੀ ੦੧੮੨੨-੩੨੨੨੨ ਫ਼ੋਨ ਨੰਬਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਗੁਰਦੁਆਰਾ ਸੁਖਚੈਨਆਣਾ ਸਾਹਿਬ, ਫਗਵਾੜਾ

## (ਕਪੂਰਥਲਾ) ਪੰਜਾਬ



ਗੁਰਦੁਆਰਾ ਸੁਖਚੈਨਆਣਾ ਸਾਹਿਬ (ਫਗਵਾੜਾ) ਕਪੂਰਥਲਾ, ਮੀਰੀ-ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਆਮਦ ਦੀ ਅਮਰ ਯਾਦਗਾਰ ਵਜੋਂ ਸੁਭਾਇਮਾਨ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ੧੬੩੫ ਈ: ਵਿਚ ਕਰਤਾਰਪੁਰ ਦੀ ਜੰਗ ਜਿੱਤਣ ਉਪਰੰਤ, ਕਰਤਾਰਪੁਰ ਤੋਂ ਕੀਰਤਪੁਰ ਨੂੰ ਜਾਣ ਸਮੇਂ ਇਸ ਅਸਥਾਨ ਨੂੰ ਆਪਣੇ ਮੁਬਾਰਕ ਚਰਨਾਂ ਦੀ ਛੋਹ ਬਖਸ਼ਿਸ਼ ਕਰ, ਇਤਿਹਾਸਕਤਾ ਪ੍ਰਦਾਨ ਕੀਤੀ। ਗੁਰੂ ਜੀ ਨੇ ਇਸ ਅਸਥਾਨ 'ਤੇ ਕੁਝ ਸਮਾਂ ਸੁਖਚੈਨ ਨਾਲ ਨਿਵਾਸ ਕਰਕੇ, ਧਰਮ ਪ੍ਰਚਾਰ ਕਾਰਜ ਕਰਦੇ ਰਹੇ। ਗੁਰੂ ਜੀ ਦੀ ਆਮਦ ਦੀ ਯਾਦਗਾਰ ਵਿਚ ਗੁਰਸਿੱਖਾਂ ਨੇ ਗੁਰਦੁਆਰੇ ਦਾ ਨਿਰਮਾਣ ਕਰਵਾਇਆ। ਸ੍ਰੀ ਗੁਰੂ ਹਰਿ ਰਾਇ ਸਾਹਿਬ ਦੀ ਚਰਨ-ਛੋਹ ਵੀ ਇਸ ਧਰਤ ਨੂੰ ਪ੍ਰਾਪਤ ਹੈ। ਉਨ੍ਹਾਂ ਦੀ ਯਾਦ ਵਿਚ ਬਾਂਸਾਂ ਵਾਲੇ ਬਾਜ਼ਾਰ ਵਿਚ ਗੁਰਦੁਆਰਾ ਸ਼ੋਭਨੀਕ ਹੈ। ਇਨ੍ਹਾਂ ਸਥਾਨਾਂ ਦੀ ਸੇਵਾ-ਸੰਭਾਲ ਪਹਿਲਾਂ ਉਦਾਸੀਆਂ ਪਾਸ ਸੀ, ਹੁਣ ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਕਰਦੀ ਹੈ।

ਇਹ ਇਤਿਹਾਸਕ ਅਸਥਾਨ ਜਲੰਧਰ-ਫਗਵਾੜਾ-ਲੁਧਿਆਣਾ ਜੀ. ਟੀ. ਰੋਡ 'ਤੇ ਫਗਵਾੜਾ ਬੱਸ ਸਟੈਂਡ ਤੇ ਰੇਲਵੇ ਸਟੇਸ਼ਨ ਤੋਂ ਲਗਭਗ ਤਿੰਨ ਕਿਲੋਮੀਟਰ ਦੀ ਦੂਰੀ 'ਤੇ ਫਗਵਾੜਾ-ਚੰਡੀਗੜ੍ਹ ਰੋਡ 'ਤੇ ਸਥਿਤ ਹੈ। ਫਗਵਾੜਾ ਪੰਜਾਬ ਦਾ ਪ੍ਰਮੁੱਖ ਨਗਰ ਹੈ ਜੋ ਜਲੰਧਰ ਤੋਂ ੨੨ ਕਿਲੋਮੀਟਰ ਤੇ ਲੁਧਿਆਣਾ ਤੋਂ ੩੮ ਕਿਲੋਮੀਟਰ ਦੀ ਦੂਰੀ 'ਤੇ ਪ੍ਰਮੁੱਖ ਸੜਕੀ ਤੇ ਰੇਲਵੇ ਮਾਰਗ ਨਾਲ ਜੁੜਿਆ ਹੈ।

ਇਸ ਇਤਿਹਾਸਕ ਅਸਥਾਨ 'ਤੇ ਆਦਿ ਗੁਰੂ, ਗੁਰੂ ਨਾਨਕ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਗੁਰਪੁਰਬ ਤੇ ਖਾਲਸੇ ਦਾ ਸਾਜਣਾ ਦਿਹਾੜਾ ਵੈਸਾਖੀ ਧੂਮ-ਧਾਮ ਨਾਲ ਮਨਾਏ ਜਾਂਦੇ ਹਨ । ਯਾਤਰੂਆਂ ਦੀ ਰਿਹਾਇਸ਼, ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਸੁਯੋਗ ਪ੍ਰਬੰਧ ਹੈ ।

ਵਧੇਰੇ ਜਾਣਕਾਰੀ ੦੧੮੨੪-੬੦੬੦੭ ਫ਼ੋਨ ਨੰਬਰ (ਪੀ.ਪੀ.) ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ ।

# ਗੁਰਦੁਆਰਾ ਚਰਨਕੰਵਲ ਸਾਹਿਬ ਪਾ: ਛੇਵੀਂ, ਜੀਂਦੋਵਾਲ

## ਬੰਗਾ (ਨਵਾਂਸ਼ਹਿਰ) ਪੰਜਾਬ



ਗੁਰਦੁਆਰਾ ਚਰਨਕੰਵਲ ਸਾਹਿਬ ਪਾ: ਛੇਵੀਂ, ਜੀਂਦੋਵਾਲ (ਬੰਗਾ), ਛੇਵੀਂ ਪਾਤਸ਼ਾਹੀ ਗੁਰੂ ਹਰਿਗੋਬਿੰਦ ਸਾਹਿਬ ਦੀ ਪਾਵਨ-ਪਵਿੱਤਰ ਯਾਦ ਵਿਚ ਸੁਭਾਇਮਾਨ ਹੈ। ਗੁਰੂ ਹਰਿਗੋਬਿੰਦ ਸਾਹਿਬ ਕਰਤਾਰਪੁਰ ਦੀ ਇਤਿਹਾਸਕ ਲੜਾਈ ਤੋਂ ਉਪਰੰਤ ਫਗਵਾੜੇ ਤੋਂ ਕੀਰਤਪੁਰ ਸਾਹਿਬ ਜਾਣ ਸਮੇਂ ਇਥੇ ਕੁਝ ਸਮੇਂ ਲਈ ਰੁਕੇ ਸਨ। ਗੁਰੂ ਜੀ ਦਾ ਸੁਹੇਲਾ ਘੋੜਾ ਬਿਮਾਰ ਹੋ ਗਿਆ ਸੀ, ਜਿਸ ਦਾ ਇਲਾਜ ਵੀ ਇਥੇ ਰਹਿ ਕੇ ਕਰਵਾਇਆ। ਨਗਰ ਨਿਵਾਸੀਆਂ ਨੇ ਗੁਰੂ ਜੀ ਤੇ ਗੁਰਸਿੱਖਾਂ ਦੀ ਖੂਬ ਟਹਿਲ ਸੇਵਾ ਕੀਤੀ। ਕੁਝ ਇਤਿਹਾਸਕਾਰਾਂ ਦਾ ਮੱਤ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਵੀ ਆਪਣੇ ਮੁਬਾਰਕ ਚਰਨ ਇਥੇ ਪਾਏ ਸਨ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਪ੍ਰੇਮੀ ਗੁਰਸਿੱਖਾਂ ਨੇ ਯਾਦਗਾਰੀ ਗੁਰਦੁਆਰੇ ਦਾ ਨਿਰਮਾਣ ਕਾਰਜ ਕਰਵਾਇਆ। ਸ਼ੇਰੇ ਪੰਜਾਬ, ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਕਾਲ ਦੌਰਾਨ ਇਸ ਇਤਿਹਾਸਕ ਅਸਥਾਨ 'ਤੇ ਸੁੰਦਰ ਦਰਬਾਰ ਹਾਲ ਤੇ ਰਿਹਾਇਸ਼ੀ ਕਮਰਿਆਂ ਦੀ ਉਸਾਰੀ ਕਰਵਾਈ । ਇਸ ਇਤਿਹਾਸਕ ਅਸਥਾਨ ਦਾ ਪ੍ਰਬੰਧ, ਪਹਿਲਾਂ ਉਦਾਸੀ ਸਾਧੂ ਕਰਦੇ ਸਨ । ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ੧੯੪੦ ਈ: ਵਿਚ ਸੰਪੂਰਨ ਹੋਈ। ਗੁਰਦੁਆਰਾ ਸਾਹਿਬ ਦੇ ਨਾਲ ਸੁੰਦਰ ਸਰੋਵਰ ਹੈ, ਜਿਸ ਦੀ ਸੇਵਾ ਸਰਦਾਰ ਧੰਨਾ ਸਿੰਘ ਦੀ ਸਪੁੱਤਰੀ ਨੇ ਕਰਵਾਈ। ਗੁਰਦੁਆਰਾ ਸਾਹਿਬ ਸਾਹਮਣੇ ਸੁੰਦਰ ਪਾਰਕ ਬਣੀ ਹੋਈ ਹੈ। ਹਰ ਸਾਲ ੨੧ ਹਾੜ ਨੂੰ ਸਾਲਾਨਾ ਜੋੜ-ਮੇਲਾ ਮਨਾਇਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ, ਗੁਰੂ ਹਰਿਗੋਬਿੰਦ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ, ਖਾਲਸਾ ਦਾ ਸਾਜਣਾ ਦਿਹਾੜਾ ਅਤੇ ਵੈਸਾਖੀ ਵਿਸ਼ੇਸ਼ ਰੂਪ ਵਿਚ ਮਨਾਏ ਜਾਂਦੇ ਹਨ। ਹਰ ਦੇਸੀ ਮਹੀਨੇ ਦੀ ਪਹਿਲੀ ਤਰੀਕ ਅਤੇ ਗੁਰਪੁਰਬਾਂ ਸਮੇਂ ਅੰਮ੍ਰਿਤ ਸੰਚਾਰ ਦਾ ਪ੍ਰਬੰਧ ਕੀਤਾ ਜਾਂਦਾ ਹੈ।

ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ, ਰਿਹਾਇਸ਼ ਆਦਿ ਦਾ ਸੁਚੱਜਾ ਪ੍ਰਬੰਧ ਹੈ। ਰਹਾਇਸ਼ ਵਾਸਤੇ ੬ ਕਮਰੇ ਬਣੇ ਹੋਏ ਹਨ। ਪ੍ਰਬੰਧ, ਸ਼੍ਰੋਮਣੀ ਗੁ: ਪ੍ਰ: ਕਮੇਟੀ ਸ੍ਰੀ ਅੰਮ੍ਰਿਤਸਰ ਪਾਸ ਹੈ। ਵਧੇਰੇ ਜਾਣਕਾਰੀ ੦੧੮੨੩-੬੦੧੪੪ ਫੋਨ ਨੰਬਰ 'ਤੇ ਪ੍ਰਾਪਤ ਕੀਤੀ ਜਾ ਸਕਦੀ ਹੈ।

# ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ

## (ਰੋਪੜ) ਪੰਜਾਬ



ਦਰਿਆ ਸਤਲੁਜ ਤੇ ਸ਼ਿਵਾਲਿਕ ਪਹਾੜੀਆਂ ਦਰਮਿਆਨ, ਕੁਦਰਤੀ ਨਜ਼ਾਰਿਆਂ ਭਰਪੂਰ ਬਹੁਤ ਰਮਣੀਕ ਮਨਲੁਭਾਉਣਾ ਦ੍ਰਿਸ਼ ਹੈ, ਖਾਲਸੇ ਦੀ ਜਨਮ-ਭੂਮੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਦਾ । ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਪਵਿੱਤਰ ਇਤਿਹਾਸਕ ਧਰਤ ਨੂੰ ਨੌਵੇਂ ਨਾਨਕ,

ਗੁਰੂ ਤੇਗ ਬਹਾਦਰ ਸਾਹਿਬ ਜੀ, ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ, ਪੰਜਾਂ ਪਿਆਰਿਆਂ, ਚਾਰੇ ਸਾਹਿਬਜ਼ਾਦਿਆਂ, ਬੇਅੰਤ ਗੁਰੂ ਸੁਆਰੇ ਗੁਰਸਿੱਖਾਂ-ਸ਼ਹੀਦਾਂ ਦੀ ਚਰਨ-ਧੂੜ ਪਰਸਣ ਦਾ ਮਾਣ ਸਤਿਕਾਰ ਹਾਸਲ ਹੈ। ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਦੇ ਜ਼ਰੇ-ਜ਼ਰੇ ਵਿਚ ਸਿੱਖਾਂ ਦਾ ਗੌਰਵਮਈ ਇਤਿਹਾਸ ਸਮੋਇਆ ਹੋਇਆ ਹੈ।



ਖ਼ਾਲਸੇ ਦੀ ਜਨਮ-ਭੂਮੀ ਦਾ ਮਨਮੋਹਕ ਦ੍ਰਿਸ਼

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮਾਖੋਵਾਲ ਪਿੰਡ ਦੀ ਜ਼ਮੀਨ ਖ਼ਰੀਦ ਕੇ ਮਾਤਾ ਨਾਨਕੀ ਦੇ ਨਾਮ 'ਤੇ 'ਚੱਕ ਮਾਤਾ ਨਾਨਕੀ' ਨਗਰ ਵਸਾ, ਗੁਰਮਤਿ ਦਾ ਪ੍ਰਚਾਰ-ਪ੍ਰਸਾਰ ਕੇਂਦਰ ਸਥਾਪਿਤ ਕੀਤਾ। ਇਸ ਪਵਿੱਤਰ ਧਰਤੀ 'ਤੇ ਹੀ ਗੁਰੂ ਤੇਗ ਬਹਾਦਰ ਸਾਹਿਬ ਤੇ ਬਾਲ ਗੋਬਿੰਦ ਰਾਇ ਦਾ ਪਹਿਲੀ ਵਾਰ ਮਿਲਾਪ ਹੋਇਆ। ਔਰੰਗਜ਼ੇਬ ਦੀ ਜ਼ੁਲਮੋ-ਸਿਤਮ ਦੇ ਸਤਾਏ ਹੋਏ ਕਸ਼ਮੀਰੀ ਪੰਡਤ, ਆਪਣੇ ਧਰਮ ਦੀ ਰੱਖਿਆ ਵਾਸਤੇ ਫ਼ਰਿਆਦੀ ਬਣ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਦਰਬਾਰ ਵਿਚ ਇਥੇ ਹੀ ਹਾਜ਼ਰ ਹੁੰਦੇ ਹਨ। ਇਸ ਇਤਿਹਾਸਕ ਅਸਥਾਨ ਤੋਂ ਬਾਲ ਗੋਬਿੰਦ ਰਾਇ, ਆਪਣੇ ਗੁਰੂ-ਪਿਤਾ, ਗੁਰੂ ਤੇਗ ਬਹਾਦਰ ਸਾਹਿਬ ਨੂੰ ਧਰਮ ਰੱਖਿਆ ਤੇ ਧਾਰਮਿਕ ਸੁਤੰਤਰਤਾ ਵਾਸਤੇ ੧੬੭੫ ਈ: ਵਿਚ ਕੁਰਬਾਨੀ ਦੇਣ ਲਈ ਤੋਰਦੇ ਹਨ। ਦਸਮੇਸ਼ ਪਿਤਾ, ਗੁਰੂ ਗੋਬਿੰਦ ਸਿੰਘ ਜੀ, ਨੌਂ ਸਾਲ ਦੀ ਉਮਰ ਵਿਚ ਦਸਵੇਂ ਨਾਨਕ ਦੇ ਰੂਪ ਵਿਚ ਗੁਰ-ਗੱਦੀ 'ਤੇ ਬਿਰਾਜਮਾਨ ਵੀ ਇਸ ਸੁਹਾਵੀ ਧਰਤ 'ਤੇ ਹੁੰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਆਪਣੀ ਸੰਸਾਰਿਕ ਯਾਤਰਾ ਦਾ ਵੱਡਾ ਹਿੱਸਾ ਇਥੇ ਹੀ ਅਲੌਕਿਕ ਦੈਵੀ ਮਿਸ਼ਨ ਦੀ ਪੂਰਤੀ-ਪ੍ਰਾਪਤੀ ਵਾਸਤੇ ਗੁਜ਼ਾਰਦੇ ਸਨ। ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਾਵਨ ਸੀਸ ਦਾ ਸਸਕਾਰ ਵੀ ਇਸ ਧਰਤੀ 'ਤੇ ਕੀਤਾ ਗਿਆ।



ਗੁਰਦੁਆਰਾ ਕਿਲ੍ਹਾ ਅਨੰਦਗੜ੍ਹ ਸਾਹਿਬ

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ 'ਭੰਗਾਣੀ ਯੁੱਧ' ਜਿੱਤਣ ਉਪਰੰਤ ਚੱਕ ਮਾਤਾ ਨਾਨਕੀ ਆਏ ਤਾਂ ਯੁੱਧ ਦ੍ਰਿਸ਼ਟੀ ਨੂੰ ਸਨਮੁਖ ਰੱਖਦਿਆਂ 'ਅਨੰਦਗੜ੍ਹ ਸਾਹਿਬ' ਨਾਮ ਦੇ ਕਿਲ੍ਹੇ ਦਾ ਨਿਰਮਾਣ ਕਰਵਾਇਆ ਜਿਸ ਤੋਂ 'ਅਨੰਦਪੁਰ ਸਾਹਿਬ' ਨਾਂ ਪ੍ਰਸਿੱਧ ਹੋਇਆ। ਪਹਾੜੀ ਤੇ ਮੁਗਲ ਹਾਕਮ ਕਈ ਵਾਰ ਸ੍ਰੀ ਅਨੰਦਪੁਰ ਸਾਹਿਬ 'ਤੇ ਹਮਲਾਵਰ ਹੋਏ। ਸਮੇਂ ਦੀ ਮੰਗ ਨੂੰ ਸਨਮੁਖ ਰੱਖਦਿਆਂ ਗੁਰੂ ਜੀ ਨੇ ਸਮੇਂ ਸਮੇਂ

੧)ਕੇਸਗੜ੍ਹ ਸਾਹਿਬ
੨)ਫਤਹਿਗੜ੍ਹ ਸਾਹਿਬ
੩)ਲੋਹਗੜ੍ਹ ਸਾਹਿਬ
੪) ਹੋਲਗੜ੍ਹ ਸਾਹਿਬ
੫) ਤਾਰਾਗੜ੍ਹ ਸਾਹਿਬ

ਕਿਲ੍ਹਿਆਂ ਦਾ ਨਿਰਮਾਣ ਵੀ ਕਰਵਾਇਆ।

੩੦ ਮਾਰਚ, ੧੬੯੯ ਨੂੰ ਵਿਸਾਖੀ ਵਾਲੇ ਦਿਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਪਵਿੱਤਰ ਅਸਥਾਨ 'ਤੇ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਿਰਜਣਾ ਕੀਤੀ । ਪਹਿਲਾਂ ਪੰਜ ਪਿਆਰਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਬਖਸ਼ਿਸ਼ ਕਰ ਨਵ ਜੀਵਨ ਪ੍ਰਦਾਨ ਕੀਤਾ। ਫਿਰ ਪੰਜ ਪਿਆਰਿਆਂ ਪਾਸੋਂ 'ਅੰਮ੍ਰਿਤ' ਦੀ ਦਾਤ ਪ੍ਰਾਪਤ ਕਰ ਗੁਰੂ ਗੋਬਿੰਦ ਰਾਇ ਤੋਂ ਗੁਰੂ ਗੋਬਿੰਦ ਸਿੰਘ ਬਣੇ। ਇਸ ਧਰਤ 'ਤੇ ਹੀ ਕੁਰੱਪਟ ਹੋ ਚੁਕੀ ਮਸੰਦ ਪ੍ਰਥਾ ਨੂੰ ਸਮਾਪਤ ਕਰ ਸਿੱਖ ਸੰਗਤਾਂ ਨੂੰ ਸਿੱਧਾ ਗੁਰੂ-ਪੰਥ ਨਾਲ ਜੋੜਿਆ। ਇਸ ਪਵਿੱਤਰ ਅਸਥਾਨ 'ਤੇ ਕਈ ਵਾਰ ਪਾਪ ਦੀਆਂ ਹਨੇਰੀਆਂ ਝੁੱਲੀਆਂ, ਝੱਖੜ ਆਏ, ਘੇਰਾਬੰਦੀਆਂ ਹੋਈਆਂ ਅਤੇ ਯੁੱਧ ਲੜੇ ਗਏ ਪਰ ਹਰ ਵਾਰ ਸਿੱਖ ਆਪਣੇ ਆਪ ਨੂੰ 'ਅਨੰਦਪੁਰੀ ਦਾ ਵਾਸੀ' ਹੋਣ ਦਾ ਮਾਣ ਮਹਿਸੂਸ ਕਰਦਾ ਰਿਹਾ।



ਗੁਰਦੁਆਰਾ ਗੁਰੂ ਕਾ ਲਾਹੌਰ

ਇਸ ਪਵਿੱਤਰ ਅਸਥਾਨ 'ਤੇ ਬਹੁਤ ਸਮਾਂ ਮਹੰਤਾਂ-ਪੁਜਾਰੀਆਂ ਦਾ ਪ੍ਰਬੰਧ ਰਿਹਾ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਸਮੇਂ ਇਹ ਅਸਥਾਨ ਪੰਥਕ ਪ੍ਰਬੰਧ ਭਾਵ ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਅਧੀਨ ਆਇਆ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਮੌਜੂਦਾ ਇਮਾਰਤ ੧੯੩੫-੧੯੪੧ ਈ: ਵਿਚ ਗੁਰੂ-ਪੰਥ ਵੱਲੋਂ, ਸੰਤ ਹਰੀ ਸਿੰਘ ਕਹਾਰਪੁਰੀਏ ਰਾਹੀਂ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਬਣਾਈ ਗਈ।

ਖਾਲਸਾ ਪੰਥ ਦੇ ੩੦੦ ਸਾਲਾ ਸਿਰਜਣਾ ਦਿਵਸ ਸਮੇਂ ਸੰਗਤਾਂ ਦੀ ਭਾਰੀ ਆਮਦ ਨੂੰ ਸਨਮੁਖ ਰੱਖਦਿਆਂ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਪਰਕਰਮਾਂ ਨੂੰ ਚੌੜਾ ਕਰਨ ਦਾ ਫੈਸਲਾ ਸ਼੍ਰੋਮਣੀ ਗੁ: ਪ੍ਰ: ਕਮੇਟੀ ਵੱਲੋਂ ਕੀਤਾ ਗਿਆ। ਇਹ ਕਾਰਜ ਬਾਬਾ ਮਹਿੰਦਰ ਸਿੰਘ ਜੀ ਮੁਖੀ, ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਬਰਮਿੰਘਮ ਇੰਗਲੈਂਡ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਕਿਰਪਾ ਸਦਕਾ ਸੰਪੂਰਨ ਹੋਇਆ।

ਖਾਲਸਾ ਪੰਥ ਦੇ ੩੦੦ ਸਾਲਾ ਸਿਰਜਣਾ ਦਿਵਸ ਸਮੇਂ ਸ੍ਰੀ ਅਨੰਦਪੁਰ ਸਾਹਿਬ ਨੂੰ ਹੋਰ ਵੀ ਸੁੰਦਰ ਤੇ ਖੂਬਸੂਰਤ ਬਣਾਉਣ ਲਈ ਕਦਮ ਚੁੱਕੇ ਗਏ।

ਸ੍ਰੀ ਅਨੰਦਪੁਰ ਸਾਹਿਬ ਦੀ ਇਤਿਹਾਸਕ ਧਰਤੀ ਦੇ ਦਰਸ਼ਨਾਂ ਨੂੰ ਆਏ ਯਾਤਰੂ ਨਿਮਨ ਲਿਖਤ ਇਤਿਹਾਸਕ ਅਸਥਾਨ ਦੇ ਦਰਸ਼ਨ ਕਰਨੇ ਆਪਣੇ ਸੁਭਾਗ ਸਮਝਦੇ ਹਨ:-

- ਗੁਰਦੁਆਰਾ ਗੁਰੂ ਕੇ ਮਹਿਲ
- ਗੁਰਦੁਆਰਾ ਸੀਸ ਗੰਜ ਸਾਹਿਬ
- ਗੁਰਦੁਆਰਾ ਮੰਜੀ ਸਾਹਿਬ
- ਗੁਰਦੁਆਰਾ ਭੋਰਾ ਸਾਹਿਬ
- ਗੁਰਦੁਆਰਾ ਅਕਾਲ ਬੁੰਗਾ ਸਾਹਿਬ
- ਗੁਰਦੁਆਰਾ ਥੜ੍ਹਾ ਸਾਹਿਬ
- ਗੁਰਦੁਆਰਾ ਦਮਦਮਾ ਸਾਹਿਬ
- ਗੁਰਦੁਆਰਾ ਮਾਤਾ ਜੀਤੋ ਜੀ
- ਗੁਰਦੁਆਰਾ ਗੁਰੂ ਕਾ ਲਾਹੌਰ
- ਗੁਰਦੁਆਰਾ ਬਿਭੋਰ ਸਾਹਿਬ
- ਗੁਰਦੁਆਰਾ ਪਰਿਵਾਰ ਵਿਛੋੜਾ ਸਾਹਿਬ



ਗੁਰਦੁਆਰਾ ਕਿਲ੍ਹਾ ਹੋਲਗੜ੍ਹ ਸਾਹਿਬ

ਤਖਤ ਸਾਹਿਬ ਦੇ ਨਾਲ ਹੀ ਸੁੰਦਰ ਵਿਸ਼ਾਲ ਸਰੋਵਰ ਹੈ। ਖਾਲਸੇ ਦੀ ਜਨਮਭੂਮੀ, ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਹਰ ਬੁੱਧਵਾਰ ਤੇ ਐਤਵਾਰ ਨੂੰ ਬਾਅਦ ਦੁਪਹਿਰ ੧੨ ਵਜੇ ਅੰਮ੍ਰਿਤ-ਅਭਿਲਾਖੀਆਂ ਵਾਸਤੇ ਅੰਮ੍ਰਿਤ ਦਾ ਬਾਟਾ ਤਿਆਰ ਹੁੰਦਾ ਹੈ। ਸਵੇਰੇ-ਸ਼ਾਮ ਦੀਵਾਨ ਦੀ ਸਮਾਪਤੀ ਉਪਰੰਤ ਨਿਮਨਲਿਖਤ ਪਵਿੱਤਰ ਇਤਿਹਾਸਕ ਸ਼ਸ਼ਤਰਾਂ ਦੇ ਦਰਸ਼ਨ ਸੰਗਤਾਂ ਨੂੰ ਕਰਵਾਏ ਜਾਂਦੇ ਹਨ:-

੧) ਦੋ-ਧਾਰਾ ਖੰਡਾ ੨) ਕਟਾਰ ੩) ਨਾਗਣੀ ਬਰਛਾ ੪) ਬੰਦੂਕ ੫) ਕਰਪਾ ਬਰਛਾ ੬) ਸੈਫ਼ ੭) ਵੱਡਾ ਬਰਛਾ ੮) ਛੋਟਾ ਬਰਛਾ ੯) ਸ਼ਮਸ਼ੀਰ ੧੦) ਸੁਨਹਿਰੀ ਚੱਕਰ ੧੧) ਗੈਂਡੇ ਦੀ ਢਾਲ ੧੨) ਦਾਹੇ ਆਹਣੀ।

ਹਜ਼ਾਰਾਂ ਸ਼ਰਧਾਲੂ ਇਸ ਪਵਿੱਤਰ ਅਸਥਾਨ ਦੀ ਚਰਨ-ਧੂੜ ਮਸਤਕ ਨੂੰ ਲਾਉਣ ਲਈ ਰੋਜ਼ਾਨਾ ਆਉਂਦੇ ਹਨ। ਸ਼ਰਧਾਲੂਆਂ ਦੀ ਸਹੂਲਤ ਵਾਸਤੇ ਸੂਚਨਾ ਦਫ਼ਤਰ, ਲਾਇਬ੍ਰੇਰੀ, ਡਿਸਪੈਂਸਰੀ ਲਿਟਰੇਚਰ ਹਾਊਸ ਬਣੇ ਹੋਏ ਹਨ।

ਯਾਤਰੂਆਂ ਦੀ ਟਹਿਲ-ਸੇਵਾ ਲਈ ਗੁਰੂ ਕੇ ਲੰਗਰ ਦਾ ੨੪ ਘੰਟੇ ਬਹੁਤ ਸੁੰਦਰ ਪ੍ਰਬੰਧ ਹੈ। ਰਿਹਾਇਸ਼ ਵਾਸਤੇ ਮਾਮਤਾ ਗੁਜਰੀ ਨਿਵਾਸ ਤੇ ਮਾਤਾ ਨਾਨਕੀ ਨਿਵਾਸ ਵਿਚ ਬਹੁਤ ਸੁੰਦਰ



ਗੁਰਦੁਆਰਾ ਬਿਭੌਰ ਸਾਹਿਬ (ਨੰਗਲ)



ਗੁਰਦੁਆਰਾ ਸੀਸਗੰਜ ਸਾਹਿਬ

ਬੇਸ਼ੁਮਾਰ ਕਮਰੇ ਹਨ।

ਇਸ ਪਾਵਨ ਇਤਿਹਾਸਕ ਅਸਥਾਨ 'ਤੇ ਸਾਰੇ ਗੁਰਪੁਰਬ, ਖਾਲਸੇ ਦਾ ਸਿਰਜਣਾ ਦਿਹਾੜਾ ਵਿਸਾਖੀ ਤੇ ਹੋਲਾ-ਮਹੱਲਾ ਪੰਥ ਸ਼ਾਨੋ ਸ਼ੌਕਤ ਨਾਲ, ਕੌਮੀ ਪੱਧਰ 'ਤੇ ਮਨਾਏ ਜਾਂਦੇ ਹਨ। ਇਸ ਸਮੇਂ ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ ਜੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਜਥੇਦਾਰ ਵਜੋਂ ਸੇਵਾ ਕਰ ਰਹੇ ਹਨ।

ਸੜਕੀ ਮਾਰਗ ਰਾਹੀਂ ਇਹ ਅਸਥਾਨ ਚੰਡੀਗੜ੍ਹ ਤੋਂ ੯੭ ਕਿਲੋਮੀਟਰ, ਰੋਪੜ ਤੋਂ ੪੫ ਕਿਲੋਮੀਟਰ ਨੰਗਲ ਤੋਂ ੨੨ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਦਿੱਲੀ-ਨੰਗਲ-ਊਨਾ ਰੇਲਵੇ ਲਾਈਨ 'ਤੇ 'ਸ੍ਰੀ ਅਨੰਦਪੁਰ ਸਾਹਿਬ' ਰੇਲਵੇ ਸਟੇਸ਼ਨ ਹੈ, ਜਿਸ ਤੋਂ ਇਹ ਪਵਿੱਤਰ ਅਸਥਾਨ, ਕੇਵਲ ੦.੫ ਕਿਲੋਮੀਟਰ ਦੀ ਦੂਰੀ 'ਤੇ ਹੈ।

ਵਧੇਰੇ ਜਾਣਕਾਰੀ ਲਈ ੦੧੯੮੭-੩੨੦੨੩, ੩੨੧੦੦, ੩੨੫੨੪ ਫੋਨ ਨੰਬਰ ਤੇ ੦੧੯੮੭-੩੨੫੨੩ ਨੰਬਰ ਤੇ ਫ਼ੈਕਸ ਦੀ ਸਹੂਲਤ ਹੈ।

# ਗੁਰਦੁਆਰਾ ਪਤਾਲਪੁਰੀ ਸਾਹਿਬ, ਕੀਰਤਪੁਰ ਸਾਹਿਬ

## (ਰੋਪੜ) ਪੰਜਾਬ

ਗੁਰਦੁਆਰਾ ਪਤਾਲਪੁਰੀ (ਕੀਰਤਪੁਰ ਸਾਹਿਬ) ਉਹ ਇਤਿਹਾਸਕ ਅਸਥਾਨ ਹੈ ਜਿਥੇ ਮੀਰੀ-ਪੀਰੀ ਦੇ ਮਾਲਕ, ਗੁਰੂ ਹਰਿਗੋਬਿੰਦ ਸਾਹਿਬ ਤੇ ਗੁਰੂ ਹਰਿਰਾਇ ਸਾਹਿਬ ਜੀ ਦੇ ਜੋਤੀ-ਜੋਤਿ ਸਮਾਉਣ ਉਪਰੰਤ ਅੰਤਮ ਸਸਕਾਰ ਕੀਤਾ ਗਿਆ। ਇਹ ਇਤਿਹਾਸਕ ਅਸਥਾਨ ਦਰਿਆ ਸਤਲੁਜ ਦੇ ਕਿਨਾਰੇ, ਪਹਾੜ ਦੇ ਪੈਰਾਂ ਵਿਚ, ਕੀਰਤਪੁਰ ਸਾਹਿਬ ਦੇ ਨਾਮ ਨਾਲ ਪ੍ਰਸਿੱਧ ਹੈ, ਭਾਵੇਂ ਕਿ ਕੀਰਤਪੁਰ ਸਾਹਿਬ ਨਗਰ ਵਿਚ ਹੋਰ ਵੀ ਬਹੁਤ ਸਾਰੇ ਪਵਿੱਤਰ ਇਤਿਹਾਸਕ ਅਸਥਾਨ ਹਨ।



ਕੀਰਤਪੁਰ ਸਾਹਿਬ ਇਤਿਹਾਸਕ ਨਗਰ ਹੈ, ਜਿਸ ਨੂੰ ਆਦਿ ਗੁਰੂ, ਗੁਰੂ ਨਾਨਕ ਦੇਵ ਜੀ, ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਹਰਿਰਾਇ ਸਾਹਿਬ, ਗੁਰੂ ਹਰਿਕ੍ਰਿਸ਼ਨ ਸਾਹਿਬ ਤੇ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ-ਛੋਹ ਪ੍ਰਾਪਤ ਹੈ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਗੁਰੂ ਪਿਤਾ, ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪਾਵਨ ਸੀਸ ਭਾਈ ਜੈਤਾ ਜੀ (ਭਾਈ ਜੀਵਨ ਸਿੰਘ) ਪਾਸੋਂ ਇਥੇ ਹੀ ਪ੍ਰਾਪਤ ਕੀਤਾ, ਫਿਰ ਆਪਣੇ ਹੱਥੀਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਅਗਨ ਭੇਟ ਕੀਤਾ। ਕੀਰਤਪੁਰ ਸਾਹਿਬ ਦੀ ਇਤਿਹਾਸਕ ਧਰਤੀ 'ਤੇ ਨਿਮਨਲਿਖਤ ਗੁਰਦੁਆਰੇ ਸੁਭਾਇਮਾਨ ਹਨ: ੧) ਗੁਰਦੁਆਰਾ ਚਰਨ ਕੰਵਲ ਸਾਹਿਬ, ੨) ਗੁਰਦੁਆਰਾ ਸ਼ੀਸ਼ ਮਹਿਲ ਸਾਹਿਬ, ੩) ਗੁਰਦੁਆਰਾ ਦਮਦਮਾ ਸਾਹਿਬ, ੪) ਗੁ: ਤਖ਼ਤ ਸਾਹਿਬ, ੫) ਗੁਰਦੁਆਰਾ ਸ੍ਰੀ ਹਰਿਮੰਦਰ ਸਾਹਿਬ, ੬) ਗੁਰਦੁਆਰਾ ਮੰਜੀ ਸਾਹਿਬ, ੭) ਗੁਰਦੁਆਰਾ ਬਿਬਾਨਗੜ੍ਹ ਸਾਹਿਬ, ੮) ਗੁਰਦੁਆਰਾ ਤੀਰ ਸਾਹਿਬ, ੯) ਗੁਰਦੁਆਰਾ ਬਾਬਾ ਗੁਰਦਿਤਾ ਜੀ ਆਦਿ.....।

ਗੁਰੂ ਨਾਨਕ ਸਾਹਿਬ ਜੀ ਪੀਰ ਬੁੱਢਣਸ਼ਾਹ ਨੂੰ ਇਸ ਧਰਤੀ 'ਤੇ ਹੀ ਮਿਲੇ ਸਨ। ਮੀਰੀ-ਪੀਰੀ ਦੇ ਮਾਲਕ, ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕੀਰਤਪੁਰ ਸਾਹਿਬ ਦੀ ਧਰਤੀ ਕਹਲੂਰ ਦੇ ਰਾਜਾ ਤਾਰਾ ਚੰਦ ਪਾਸੋਂ ਖ੍ਰੀਦ ਕੇ ਬਾਬਾ ਗੁਰਦਿਤਾ ਜੀ ਦੇ ਮਾਰਫਤ ਆਬਾਦ ਕਰਵਾਈ। ਗੁਰੂ ਹਰਿਗੋਬਿੰਦ ਸਾਹਿਬ ਸੰਮਤ ੧੬੯੧ ਬਿਕਰਮੀ (੧੬੩੪ ਈ:) ਵਿਚ ਪਹਿਲੀ ਵਾਰ ਇਥੇ ਪਧਾਰੇ ਤੇ ਫਿਰ ਜੋਤੀ-ਜੋਤਿ ਸਮਾਉਣ ਤਕ ਇਸ ਅਸਥਾਨ 'ਤੇ ਹੀ ਗੁਰਮਤਿ ਦਾ ਪ੍ਰਚਾਰ-ਪ੍ਰਸਾਰ ਕਰਦੇ ਰਹੇ। ਇਸ ਤਰ੍ਹਾਂ ਗੁਰੂ ਹਰਿਰਾਇ ਸਾਹਿਬ ਤੇ ਗੁਰੂ ਹਰਿਕ੍ਰਿਸ਼ਨ ਜੀ ਵੀ ਇਸ ਅਸਥਾਨ ਨੂੰ ਹੀ ਕੇਂਦਰ ਬਣਾ ਗੁਰਮਤਿ ਵਿਚਾਰਧਾਰਾ ਦਾ ਪ੍ਰਚਾਰ-ਪ੍ਰਸਾਰ ਕਰਦੇ ਰਹੇ।

ਗੁਰਦੁਆਰਾ ਪਤਾਲ ਪੁਰੀ ਸਾਹਿਬ ਵਿਖੇ ਸਾਰੇ ਗੁਰਪੁਰਬ, ਖਾਲਸੇ ਦਾ ਸਿਰਜਣਾ ਦਿਹਾੜਾ ਵੈਸਾਖੀ ਤੇ ਹੋਲਾ ਮਹੱਲਾ ਵਿਸ਼ੇਸ਼ ਰੂਪ ਵਿਚ ਮਨਾਏ ਜਾਂਦੇ ਹਨ। ਸਿੱਖ ਰਹਿਤ-ਮਰਿਆਦਾ ਤੋਂ ਅਣਜਾਣ ਬਹੁਤ ਸਾਰੇ ਲੋਕ ਇਥੇ ਮੁਰਦਿਆਂ ਦੀਆਂ ਹੱਡੀਆਂ ਜਲ ਪ੍ਰਵਾਹ ਕਰਨ ਆਉਂਦੇ ਹਨ। ਇਹ ਇਤਿਹਾਸਕ ਅਸਥਾਨ ਚੰਡੀਗੜ੍ਹ-ਰੋਪੜ-ਨੰਗਲ ਸੜਕ 'ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਤੋਂ ਕੇਵਲ ੮ ਕਿਲੋਮੀਟਰ ਦੀ ਦੂਰੀ 'ਤੇ ਹੈ।

ਯਾਤਰੂਆਂ ਦੀ ਰਿਹਾਇਸ਼, ਲੰਗਰ-ਪ੍ਰਸ਼ਾਦਿ ਦਾ ਸੁਚੱਜਾ ਪ੍ਰਬੰਧ ਹੈ। ਵਧੇਰੇ ਜਾਣਕਾਰੀ ੦੧੮੮੭-੩੮੨੩੯ ਫੋਨ ਨੰਬਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਗੁਰਦੁਆਰਾ ਪਰਿਵਾਰ ਵਿਛੋੜਾ ਪਾ: ਦਸਵੀਂ

## (ਰੋਪੜ) ਪੰਜਾਬ

ਗੁਰਦੁਆਰਾ ਪਰਿਵਾਰ ਵਿਛੋੜਾ, ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦੇ ਵਿਛੜਨ ਦੀ ਯਾਦ ਵਿੱਚ ਸੁਭਾਇਮਾਨ ਹੈ। ਅਨੰਦਪੁਰ ਸਾਹਿਬ ਨੂੰ ਛੱਡਣ ਉਪਰੰਤ ੫/੬ ਦਸੰਬਰ, ੧੭੦੫ ਈ: ਨੂੰ ਗੁਰੂ ਗੋਬਿੰਦ ਸਿੰਘ ਜੀ ਆਪਣੇ ਪਰਿਵਾਰਕ ਮੈਂਬਰਾਂ ਤੇ ਪਿਆਰੇ ਗੁਰਸਿੱਖਾਂ ਸਮੇਤ ਸਰਸਾ ਨਦੀ ਦੇ ਕਿਨਾਰੇ ਪੜਾਅ ਕਰਕੇ ਨਿਤਨੇਮ ਕਰ ਰਹੇ ਸਨ ਕਿ ਵੈਰੀ ਦਲਾਂ ਨੇ ਸਭ ਕਸਮਾਂ ਭੁਲਾ ਕੇ ਹਮਲਾ ਕਰ ਦਿਤਾ। ਇਕ ਪਾਸੇ ਵੈਰੀ ਦਾ ਟਿੱਡੀ ਦਲ 'ਤੇ ਦੂਸਰੇ ਪਾਸੇ ਸ਼ੂਕਦੀ ਬਰਸਾਤੀ ਸਰਸਾ ਨਦੀ ਤੇ ਵਿਚਕਾਰ ਗਿਣਤੀ ਦੇ ਕੁੱਝ ਸਿੰਘ। ਗੁਰੂ ਜੀ ਨੇ ਖਾਲਸਾ ਫ਼ੌਜ ਨੂੰ ਦੋ ਹਿੱਸਿਆ ਵਿੱਚ ਵੰਡਿਆ, ਇਕ ਦੁਸ਼ਮਣ ਦਲਾਂ ਨੂੰ ਰੋਕਣ ਵਾਸਤੇ ਤੇ ਦੂਸਰੀ ਸਰਸਾ ਨਦੀ ਪਾਰ ਕਰਨ ਲਈ। ਇਸ ਅਸਥਾਨ 'ਤੇ ਦੁਸ਼ਮਣ ਦਲਾਂ ਦਾ ਮੁਕਾਬਲਾ ਕਰਦੇ ਹੋਏ ਕੁੱਝ ਸਿੰਘ ਸ਼ਹੀਦ ਹੋ ਗਏ। ਗੁਰੂ ਗੋਬਿੰਦ ਸਿੰਘ ਜੀ, ਵੱਡੇ ਸਾਹਿਬਜ਼ਾਦੇ ਤੇ ਕੁੱਝ ਸਿੰਘ ਚਮਕੌਰ ਸਾਹਿਬ ਵੱਲ ਅਤੇ ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦੇ ਗੁਰੂ-ਘਰ ਦੇ ਰਸੋਈਏ ਗੰਗੂ ਬ੍ਰਾਹਮਣ ਨਾਲ ਮੁਰਿੰਡੇ ਨੂੰ ਚਲੇ ਗਏ। ਸਰਸਾ ਨਦੀ 'ਤੇ ਗੁਰੂ-ਘਰ ਦਾ ਬਹੁਤ ਸਾਰਾ ਜਾਨੀ ਤੇ ਮਾਲੀ ਨੁਕਸਾਨ ਹੋਇਆ।

ਪਰਿਵਾਰ ਵਿਛੋੜੇ ਦੇ ਸਥਾਨ 'ਤੇ ਪ੍ਰੇਮੀ ਗੁਰਸਿੱਖਾਂ ਨੇ ਯਾਦਗਾਰੀ ਗੁਰਦੁਆਰੇ ਦੀ ਸਥਾਪਨਾ ਕਰਵਾਈ। ਗੁਰਦੁਆਰਾ ਸਾਹਿਬ ਦੀ ਚਾਰ ਮੰਜਲਾਂ ਸੁੰਦਰ ਇਮਾਰਤ 'ਤੇ ਝੂਲਦਾ ਕੇਸਰੀ ਪਰਚਮ ਦੂਰ ਤੋਂ ਦਿਖਾਈ ਦਿੰਦਾ ਹੈ। ਗੁਰਦੁਆਰਾ ਸਾਹਿਬ ਦੀ ਆਧੁਨਿਕ ਆਲੀਸ਼ਾਨ ਇਮਾਰਤ ੧੯੭੦ ਈ: ਵਿਚ ਸੰਪੂਰਨ ਹੋਈ। ਇਸ ਇਤਿਹਾਸਕ ਅਸਥਾਨ ਦਾ ਪ੍ਰਬੰਧ, ਪਹਿਲਾਂ ਬਾਬਾ ਅਜੀਤ ਸਿੰਘ ਪਰਿਵਾਰ ਵਿਛੋੜਾ ਵਾਲੇ ਕਰਦੇ ਸਨ।

੧੪ ਮਈ, ੧੯੯੮ ਈ: ਉਨ੍ਹਾਂ ਨੇ ਪ੍ਰਬੰਧ, ਸ਼੍ਰੋਮਣੀ ਗੁ: ਪ੍ਰ: ਕਮੇਟੀ ਨੂੰ ਸੌਂਪ ਦਿਤਾ। ਹੁਣ ਪ੍ਰਬੰਧ, ਸ਼੍ਰੋਮਣੀ ਗੁ:ਪ੍ਰ:ਕਮੇਟੀ, ਮੈਨੇਜਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਰਾਹੀਂ ਕਰਦੀ ਹੈ। ਇਸ ਇਤਿਹਾਸਕ ਅਸਥਾਨ 'ਤੇ ਹਰ ਸਾਲ ਦਸੰਬਰ ਦੇ ਮਹੀਨੇ ਜੋੜ-ਮੇਲਾ ਮਨਾਇਆ ਜਾਂਦਾ ਹੈ।



ਇਹ ਪਾਵਨ ਇਤਿਹਾਸਕ ਅਸਥਾਨ ਪਿੰਡ ਸਰਸਾ ਨੰਗਲ, ਤਹਿਸੀਲ ਅਨੰਦਪੁਰ ਸਾਹਿਬ, ਜ਼ਿਲ੍ਹਾ ਰੋਪੜ ਵਿਚ, ਰੋਪੜ ਸ਼ਹਿਰ ਤੋਂ ੧੨ ਕਿਲੋਮੀਟਰ ਦੂਰ, ਸਰਸਾ ਨਦੀ ਤੋਂ ਕੇਵਲ ੩੦੦ ਮੀਟਰ ਦੀ ਵਿੱਥ 'ਤੇ ਰੋਪੜ-ਅਨੰਦਪੁਰ ਸਾਹਿਬ ਰੋਡ 'ਤੇ ਸਥਿਤ ਹੈ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਵਧੀਆ ਪ੍ਰਬੰਧ ਹੈ। ਯਾਤਰੂਆਂ ਦੀ ਰਹਾਇਸ਼ ਵਾਸਤੇ ੧੫ ਕਮਰੇ ਬਣੇ ਹੋਏ ਹਨ। ਵਧੇਰੇ ਜਾਣਕਾਰੀ ੦੧੮੧-੨੨੪੪੩ ਫੋਨ ਨੰਬਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਗੁਰਦੁਆਰਾ ਸ੍ਰੀ ਭੱਠਾ ਸਾਹਿਬ

## (ਰੋਪੜ) ਪੰਜਾਬ



ਗੁਰਦੁਆਰਾ ਸ੍ਰੀ ਭੱਠਾ ਸਾਹਿਬ, ਦਸਮੇਸ਼ ਪਿਤਾ, ਗੁਰੂ ਗੋਬਿੰਦ ਜੀ ਦੀ ਆਮਦ ਦੀ ਪਾਵਨ ਯਾਦ ਵਿਚ ਸੁਭਾਇਮਾਨ ਹੈ। ਕਿਹਾ ਜਾਂਦਾ ਹੈ ਕਿ ਇਸ ਸੁਹਾਣੀ ਧਰਤ ਨੂੰ ਚਾਰ ਵਾਰ ਗੁਰਦੇਵ ਜੀ ਦੀ ਚਰਨ-ਛੋਹ ਪ੍ਰਾਪਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਪਹਿਲੀ ਵਾਰ ਗੁਰਦੇਵ 'ਭੰਗਾਣੀ ਯੁੱਧ' ਜਿੱਤਣ ਉਪਰੰਤ ਸ੍ਰੀ ਅਨੰਦਪੁਰ ਵਾਪਸੀ ਸਮੇਂ ਇਕ ਸੇਵਕ ਪਰਿਵਾਰ ਪਾਸ ਕੁਝ ਸਮੇਂ ਲਈ ਠਹਿਰੇ। ਇਹ ਸਥਾਨ ਦਰਿਆ ਸਤਲੁਜ ਤੇ ਰੋਪੜ ਸ਼ਹਿਰ ਤੋਂ ਥੋੜ੍ਹੀ ਦੂਰੀ 'ਤੇ ਕੋਟਲਾ ਨਿਹੰਗ ਖ਼ਾਂ ਪਿੰਡ ਦੇ ਨਜ਼ਦੀਕ ਹੈ।

ਅੰਤਮ ਵਾਰ ਗੁਰੂ ਜੀ ਸ੍ਰੀ ਅਨੰਦਪੁਰ ਸਾਹਿਬ ਨੂੰ ਛੱਡਣ ਸਮੇਂ ਇਥੇ ਪਹੁੰਚੇ। ਨਿਹੰਗ ਖ਼ਾਂ ਪਠਾਣ ਦਾ ਪਰਿਵਾਰ ਗੁਰੂ-ਘਰ ਦਾ ਪ੍ਰੀਤਵਾਨ ਸ਼ਰਧਾਲੂ ਸੀ। ਨਿਹੰਗ ਖ਼ਾਂ ਦਾ ਪਰਿਵਾਰ ਚੰਗੀ ਨਸਲ ਦੇ ਘੋੜਿਆਂ ਦਾ ਵਪਾਰੀ ਸੀ, ਜੋ ਗਜ਼ਨਵੀ ਤੋਂ ਘੋੜੇ ਖ਼ਰੀਦ ਕੇ, ਗੁਰੂ-ਦਰਬਾਰ ਵਿਚ ਵੇਚਿਆ ਕਰਦੇ ਸਨ। ਨਿਹੰਗ ਖ਼ਾਂ ਦੇ ਪਰਿਵਾਰ ਨੂੰ ਜਦ ਗੁਰੂ ਜੀ ਦੀ ਆਮਦ ਦਾ ਪਤਾ ਚੱਲਿਆ ਤਾਂ ਉਹ ਦੁਸ਼ਮਣ ਦੀਆਂ ਫ਼ੌਜਾਂ ਦੇ ਖ਼ਤਰੇ ਦੀ ਪਰਵਾਹ ਨਾ ਕਰਦਾ ਹੋਇਆ, ਗੁਰਦੇਵ ਜੀ ਨੂੰ ਆਪਣੇ ਘਰ ਲੈ ਗਿਆ। ਨਿਹੰਗ ਖ਼ਾਂ ਦੇ ਪਰਿਵਾਰ ਦੀ ਟਹਿਲ-ਸੇਵਾ 'ਤੇ ਖ਼ੁਸ਼ ਹੋ ਕੇ ਗੁਰੂ ਜੀ ਨੇ ਇਕ ਸ੍ਰੀ ਸਾਹਿਬ ਤੇ ਕਟਾਰ ਬਖ਼ਸ਼ਿਸ਼ ਕੀਤੀ, ਜੋ ਅੱਜ ਵੀ ਗੁਰਦੁਆਰਾ ਸ੍ਰੀ ਭੱਠਾ ਸਾਹਿਬ ਵਿਖੇ ਦਰਸ਼ਨ ਹਿਤ ਸੰਭਾਲੀ ਹੈ।

ਇਹ ਪਾਵਨ ਅਸਥਾਨ ੧੯੮੫ ਈ: ਵਿਚ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਪ੍ਰਬੰਧ ਅਧੀਨ ਆਇਆ। ਪਹਿਲਾਂ ਇਮਾਰਤ ਪੁਰਾਣੀ ਸੀ, ਹੁਣ ਸ਼੍ਰੋਮਣੀ ਗੁ: ਪ੍ਰ: ਕਮੇਟੀ ਸ੍ਰੀ ਅੰਮ੍ਰਿਤਸਰ ਨੇ ਸੰਗਤਾਂ ਦੇ ਸਹਿਯੋਗ ਨਾਲ ਬਾਬਾ ਹਰਬੰਸ ਸਿੰਘ ਜੀ ਕਾਰ ਸੇਵਾ ਵਾਲਿਆਂ ਪਾਸੋਂ ਅਤਿ ਸੁੰਦਰ ਇਮਾਰਤ ਦਾ ਨਿਰਮਾਣ ਕਰਵਾਇਆ ਹੈ। ਦੇਸੀ ਮਹੀਨੇ ਦੀ ਪਹਿਲੀ ਤਰੀਕ ਨੂੰ ਇਸ ਅਸਥਾਨ 'ਤੇ ਅੰਮ੍ਰਿਤ ਸੰਚਾਰ ਵੀ ਹੁੰਦਾ ਹੈ।

ਗੁਰਦੁਆਰਾ 'ਸ੍ਰੀ ਭੱਠਾ ਸਾਹਿਬ' ਪਿੰਡ ਕੋਟਲਾ ਨਿਹੰਗ ਖ਼ਾਂ, ਤਹਿਸੀਲ ਜ਼ਿਲ੍ਹਾ ਰੋਪੜ ਵਿਚ ਸਥਿਤ ਹੈ, ਜੋ ਚੰਡੀਗੜ੍ਹ-ਰੋਪੜ ਸੜਕ 'ਤੇ ਰੇਲਵੇ ਸਟੇਸ਼ਨ ਰੋਪੜ ਤੋਂ ੧.੫ ਕਿਲੋਮੀਟਰ ਤੇ ਬੱਸ ਸਟੈਂਡ ਰੋਪੜ ਤੋਂ ਇਕ ਕਿਲੋਮੀਟਰ ਦੀ ਦੂਰੀ 'ਤੇ ਹੈ। ਗੁਰਦੁਆਰਾ ਸਾਹਿਬ ਵਿਖੇ ਲੰਗਰ-ਪ੍ਰਸ਼ਾਦਿ, ਰਿਹਾਇਸ਼ ਦਾ ਸੁਚੱਜਾ ਪ੍ਰਬੰਧ ਹੈ। ਯਾਤਰੂਆਂ ਦੀ ਰਿਹਾਇਸ਼ ਲਈ ੨੯ ਸਾਫ਼-ਸੁਥਰੇ ਕਮਰੇ ਹਨ। ਇਸ ਅਸਥਾਨ 'ਤੇ ਪਹਿਲੀ ਤੇ ਦਸਵੀਂ ਪਾਤਸ਼ਾਹੀ ਦੇ ਆਗਮਨ ਗੁਰਪੁਰਬ ਤੇ ਖ਼ਾਲਸਾ ਪੰਥ ਦਾ ਸਾਜਣਾ ਦਿਵਸ ਵੱਡੀ ਪੱਧਰ 'ਤੇ ਮਨਾਏ ਜਾਂਦੇ ਹਨ। ਹਰ ਤਰ੍ਹਾਂ ਦੀ ਜਾਣਕਾਰੀ ਲਈ ੦੧੮੮੧-੨੨੯੩੨,੨੩੯੩੨ ਨੰਬਰਾਂ ਤੇ ਫ਼ੋਨ ਕੀਤਾ ਜਾ ਸਕਦਾ ਹੈ।

# ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ (ਸ਼ਹੀਦਗੰਜ) ਚਮਕੌਰ ਸਾਹਿਬ

## (ਰੋਪੜ) ਪੰਜਾਬ

ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ (ਸ਼ਹੀਦਗੰਜ) ਚਮਕੌਰ ਸਾਹਿਬ ਦੀ ਇਤਿਹਾਸਕ ਧਰਤੀ 'ਤੇ ਸੁਭਾਇਮਾਨ ਹੈ। ਦਸਮੇਸ਼-ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਗਿਣਤੀ ਦੇ ਸਿਰਲੱਥ ਸਿੰਘਾਂ ਸਮੇਤ ਸ੍ਰੀ ਅਨੰਦਪੁਰ ਸਾਹਿਬ ਨੂੰ ਛੱਡਣ ਉਪਰੰਤ ੭ ਪੋਹ, ਸੰ: ੧੭੬੧ ਬਿ: (੧੭੦੪ ਈ:) ਨੂੰ ਇਸ ਧਰਤ ਸੁਹਾਵੀ 'ਤੇ ਆਪਣੇ ਮੁਬਾਰਕ ਚਰਨ ਪਾਏ। ਇਸ ਧਰਤੀ 'ਤੇ ੮ ਪੋਹ, ਸੰਮਤ ੧੭੬੧ (੧੭੦੪ ਈ:) ਨੂੰ ਵਿਸ਼ਵ ਦਾ ਸਭ ਤੋਂ ਅਸਾਵਾਂ ਯੁੱਧ ਲੜਿਆ ਗਿਆ। ਇਕ ਪਾਸੇ ਗਿਣਤੀ ਦੇ ਭੁੱਖੇ ਭਾਣੇ ਸਿੰਘ, ਬਹੁਤ ਮਾਮੂਲੀ ਕੱਚੀ ਗੜ੍ਹੀ ਤੇ ਦੂਸਰੇ ਪਾਸੇ ਦੁਸ਼ਮਣ ਦਲਾਂ ਦੀ ਦਸ ਲੱਖ ਫੌਜ। ਇਸ ਪਵਿੱਤਰ ਅਸਥਾਨ ਤੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਹੱਥੀਂ ਆਪਣੇ ਦੋ ਸਪੁੱਤਰਾਂ, ਪਿਆਰੇ ਗੁਰਸਿੱਖਾਂ ਨੂੰ ਯੁੱਧ ਭੂਮੀ ਵੱਲ ਤੋਰਿਆ 'ਤੇ ਅੱਖਾਂ ਸਾਹਵੇਂ, ਉਨ੍ਹਾਂ ਨੂੰ ਜ਼ਬਰ ਦਾ ਮੁਕਾਬਲਾ ਸਬਰ ਨਾਲ ਕਰਦਿਆਂ, ਸ਼ਹੀਦ ਹੁੰਦਿਆਂ ਤੱਕਿਆ। ਗੁਰਦੇਵ ਜੀ ਦੇ ਦੋ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਪਿਆਰੇ ਭਾਈ ਮੋਹਕਮ ਸਿੰਘ ਜੀ, ਭਾਈ ਹਿੰਮਤ ਸਿੰਘ ਜੀ, ਭਾਈ ਸਾਹਿਬ ਸਿੰਘ ਜੀ ਤੇ ਗੁਰੂ ਤੋਂ ਆਪਾ ਵਾਰਨੇ ਗੁਰਸਿੱਖਾਂ ਨੇ ਆਪਣੇ ਪਵਿੱਤਰ ਖੂਨ ਨਾਲ ਇਸ ਧਰਤੀ ਨੂੰ ਪਵਿੱਤਰਤਾ ਤੇ ਇਤਿਹਾਸਕਤਾ ਪ੍ਰਦਾਨ ਕੀਤੀ। ਜ਼ਫਰਨਾਮੇ ਵਿਚ ਗੁਰੂ ਜੀ ਨੇ ਇਥੇ ਸ਼ਹੀਦ ਹੋਏ ਸਿੰਘਾਂ ਦੀ ਗਿਣਤੀ ੪੦ ਦਰਸਾਈ ਹੈ। ਇਨ੍ਹਾਂ ਸ਼ਹੀਦ ਸਿੰਘਾਂ ਨੂੰ ਮੁਕਤਿਆਂ ਦੀ ਪਦਵੀ ਪ੍ਰਾਪਤ ਹੈ।

ਗੁਰਦੇਵ ਪਿਤਾ, ਖੁਦ ਵੀ ਮੈਦਾਨੇ-ਏ-ਜੰਗ ਵਿਚ ਜਾਣਾ ਚਾਹੁੰਦੇ ਸਨ ਪਰ ਪੰਜ ਪਿਆਰਿਆਂ ਦੇ ਹੁਕਮ ਨੂੰ ਮੰਨਦਿਆਂ ਹੋਇਆਂ ਗੁਰੂ ਜੀ ਨੂੰ ਚਮਕੌਰ ਦਾ ਇਹ ਇਤਿਹਾਸਕ ਰਣਖੇਤਰ ਛੱਡਣਾ ਪਿਆ।

ਸ਼ਹੀਦ ਸਿੰਘਾਂ ਦਾ ਅੰਤਮ ਸਸਕਾਰ ਇਥੇ ਹੀ ਕੀਤਾ ਗਿਆ। ਚਮਕੌਰ ਦੀ ਧਰਤੀ ਦੇ ਜ਼ਰੇ-ਜ਼ਰੇ ਵਿਚ ਸ਼ਹੀਦਾਂ ਦਾ ਪਵਿੱਤਰ ਖੂਨ ਸਮੋਇਆ ਹੋਇਆ ਹੈ। ਗੁਰਦੁਆਰਾ ਕਤਲਗੜ੍ਹ ਸਾਹਿਬ ਤੋਂ ਇਲਾਵਾ ਗੁਰਦੁਆਰਾ ਗੜ੍ਹੀ ਸਾਹਿਬ, ਗੁਰਦੁਆਰਾ ਦਮਦਮਾ ਸਾਹਿਬ, ਗੁਰਦੁਆਰਾ ਤਾੜੀ ਸਾਹਿਬ, ਗੁਰਦੁਆਰਾ ਰਣਜੀਤ ਸਿੰਘ ਗੜ੍ਹ ਸਾਹਿਬ, ਆਦਿ........ਇਤਿਹਾਸਕ ਅਸਥਾਨ ਯਾਦ ਵਜੋਂ ਸੁਸ਼ੋਭਿਤ ਹਨ।



ਗੁਰਦੁਆਰਾ ਗੜ੍ਹੀ ਸਾਹਿਬ

ਚਮਕੌਰ ਸਾਹਿਬ ਤਹਿਸੀਲ/ਜ਼ਿਲ੍ਹਾ ਰੋਪੜ ਵਿਚ ਸਰਹਿੰਦ ਨਹਿਰ ਦੇ ਕਿਨਾਰੇ ਧਾਰਮਿਕ-ਇਤਿਹਾਸਕ ਮਹੱਤਤਾ ਵਾਲਾ ਪ੍ਰਮੁੱਖ ਨਗਰ ਹੈ, ਜੋ ਰੋਪੜ-ਮਰਿੰਡਾ ਰੇਲਵੇ ਸਟੇਸ਼ਨਾਂ ਤੋਂ ੧੪ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਸੜਕੀ ਮਾਰਗ ਰਾਹੀਂ ਇਹ ਅਸਥਾਨ ਰੋਪੜ, ਲੁਧਿਆਣਾ, ਮੁਰਿੰਡਾ, ਸਮਰਾਲਾ ਆਦਿ ਸ਼ਹਿਰਾਂ ਨਾਲ ਜੁੜਿਆ ਹੋਇਆ ਹੈ।

ਗੁਰਦੁਆਰਾ ਕਤਲਗੜ੍ਹ ਸਾਹਿਬ ਦੀ ਮੌਜੂਦਾ ਇਮਾਰਤ ੧੯੫੫ ਈ: ਦੀ ਬਣੀ ਹੋਈ ਹੈ। ਇਸ ਪਵਿੱਤਰ ਅਸਥਾਨ 'ਤੇ ਪਹਿਲੀ, ਪੰਜਵੀਂ, ਦਸਵੀਂ ਪਾਤਸ਼ਾਹੀ ਦੇ ਆਗਮਨ ਗੁਰਪੁਰਬ, ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਦੇ ਜਨਮ ਦਿਵਸ ਤੇ ਸਾਲਾਨਾ ਸ਼ਹੀਦੀ ਜੋੜ ਮੇਲਾ (੬-੭-੮ ਪੋਹ) ਨੂੰ ਵੱਡੀ ਪੱਧਰ 'ਤੇ ਮਨਾਏ ਜਾਂਦੇ ਹਨ। ਹਜ਼ਾਰਾਂ ਸ਼ਰਧਾਲੂ ਸ਼ਹੀਦਾਂ ਦੇ ਪਵਿੱਤਰ ਖੂਨ ਨਾਲ, ਪਵਿੱਤਰ ਹੋਈ ਧਰਤੀ ਦੀ ਚਰਨ - ਧੂੜ ਪਰਸਣ ਲਈ ਆਉਂਦੇ ਹਨ।


ਕਤਲ ਗੜ ਸਾਹਿਬ (ਸ਼ਹੀਦ ਗੰਜ)

ਦੇ ਪ੍ਰਸਾਰ ਲਈ ਲਾਇਬਰੇਰੀ ਵੀ ਹੈ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ, ਰਿਹਾਇਸ਼ ਦਾ ਸੁਚੱਜਾ ਪ੍ਰਬੰਧ ਹੈ। ਰਿਹਾਇਸ਼ ਵਾਸਤੇ ੨੫ ਕਮਰੇ, ਗੈਸਟ ਹਾਊਸ ਤੇ ਤਿੰਨ ਹਾਲ ਕਮਰੇ ਬਣੇ ਹੋਏ ਹਨ। ਵਧੇਰੇ ਜਾਣਕਾਰੀ ਲਈ ੦੧੮੮੧-੭੬੧੨੫ ਫ਼ੋਨ ਨੰਬਰ ਦੀ ਸਹੂਲਤ ਹੈ।

# ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ

## (ਫਤਹਿਗੜ੍ਹ ਸਾਹਿਬ) ਪੰਜਾਬ



ਗੁਰਦੁਆਰਾ ਫਤਹਿਗੜ੍ਹ ਸਾਹਿਬ ਦਸਮੇਸ਼ ਪਿਤਾ, ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫਤਿਹ ਸਿੰਘ ਜੀ ਦੀ ਧਰਮ ਹਿਤ ਦਿੱਤੀ ਅਦੁੱਤੀ-ਸ਼ਹਾਦਤ ਦੀ ਅਮਰ ਯਾਦਗਾਰ ਵਜੋਂ ਸ਼ੁਭਾਇਮਾਨ ਹੈ।

ਕਲਗੀਧਰ ਪਾਤਸ਼ਾਹ ਦੇ ਛੋਟੇ ਬਹਾਦਰ ਸਪੂਤ ਸ੍ਰੀ ਅਨੰਦਪੁਰ ਸਾਹਿਬ ਦੀ ਭਿਆਨਕ ਜੰਗ ਸਮੇਂ ਮਾਤਾ ਗੁਜਰੀ ਸਮੇਤ, ਗੁਰਦੁਆਰਾ ਪਰਿਵਾਰ ਵਿਛੋੜਾ ਦੇ ਸਥਾਨ ਤੋਂ ਖਾਲਸਾਈ ਪਰਿਵਾਰ ਨਾਲੋਂ ਵਿਛੜ ਗਏ। ਘਰੇਲੂ ਨੌਕਰ, ਗੰਗੂ ਬ੍ਰਾਹਮਣ ਦੀ ਗਦਾਰੀ ਕਾਰਨ ਛੋਟੇ ਸਾਹਿਜ਼ਾਦਿਆਂ ਨੂੰ ਸਰਹਿੰਦ ਦੇ ਨਵਾਬ ਵਜ਼ੀਰ ਖਾਂ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਸਿੱਖ ਧਰਮ ਨੂੰ ਛੱਡਣ ਤੇ ਇਸਲਾਮ ਕਬੂਲ ਕਰਨ ਲਈ ਸਾਹਿਬਜ਼ਾਦਿਆਂ ਨੂੰ ਸੰਸਾਰਿਕ ਤੇ ਪ੍ਰਮਾਥਿਕ ਲਾਲਚ ਤੇ ਡਰਾਵੇ ਦਿੱਤੇ ਗਏ। ਨਵਾਬ ਸ਼ੇਰ ਮੁਹੰਮਦ ਨੇ ਸਾਹਿਬਜ਼ਾਦਿਆਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ ਪਰ ਕਿਸੇ ਨਾ ਸੁਣੀ। ਜਦ ਸਾਹਿਬਜ਼ਾਦੇ ਕਿਸੇ ਲਾਲਚ-ਡਰਾਵੇ ਨੂੰ ਨਾ ਮੰਨੇ ਤਾਂ ਜ਼ਾਲਮਾਂ ਉਨ੍ਹਾਂ ਮਾਸੂਮ ਜਿੰਦਾਂ ਨੂੰ ਨੀਹਾਂ ਵਿਚ ਚਿਣਵਾ-ਕਤਲ ਕਰਵਾ ਦਿਤਾ।

ਵਿਸ਼ਵ ਇਤਿਹਾਸ ਦਾ ਇਹ ਲਾਸਾਨੀ ਸ਼ਹੀਦੀ ਸਾਕਾ ੧੩ ਪੋਹ, ੧੭੬੧ ਬਿ: ਦਸੰਬਰ, ੧੭੦੪ ਈ: ਵਿਚ ਵਾਪਰਿਆ। ਜਦ ਇਹ ਦੁਖਦਾਈ ਖਬਰ ਮਾਤਾ ਗੁਜਰੀ ਨੂੰ ਮਿਲੀ ਤਾਂ ਉਹ ਵੀ ਗੁਰਪੁਰੀ ਪਿਆਨਾ ਕਰ ਗਏ। ਰਹਿਮ ਦਿਲ ਸ਼ਾਹੂਕਾਰ ਦੀਵਾਨ ਟੋਡਰ ਮੱਲ ਨੇ ਅਸ਼ਰਫੀਆਂ (ਮੋਹਰਾਂ) ਵਿਛਾ, ਥਾਂ ਮੁੱਲ ਲੈ ਦੋਹਾਂ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਦਾ ਸਸਕਾਰ ਗੁ: ਜੋਤੀ ਸਰੂਪ ਦੇ ਸਥਾਨ 'ਤੇ ਕੀਤਾ।

ਸਿੱਖਾਂ ਦੇ ਪਹਿਲੇ ਬਾਦਸ਼ਾਹ ਬਾਬਾ ਬੰਦਾ ਸਿੰਘ ਬਹਾਦਰ ਨੇ ਖੂਨੀ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ, ਵਜ਼ੀਰ ਖਾਂ ਨੂੰ ਮਾਰ, ਜ਼ੁਲਮ ਦਾ ਬਦਲਾ ਲਿਆ ਤੇ ਸ਼ਹੀਦੀ ਸਥਾਨ 'ਤੇ ਯਾਦਗਾਰ ਕਾਇਮ ਕੀਤੀ। ਸਿੱਖ ਰਾਜ ਕਾਲ ਸਮੇਂ ਇਹ ਇਲਾਕਾ ਮਹਾਰਾਜਾ ਆਲਾ ਸਿੰਘ ਦੀ ਰਿਆਸਤ ਪਟਿਆਲਾ ਅਧੀਨ ਸੀ।



ਗੁਰਦੁਆਰਾ ਠੰਡਾ ਬੁਰਜ (ਮਾਤਾ ਗੁਜਰੀ ਜੀ)

ਲੰਗਰ-ਪ੍ਰਸ਼ਾਦਿ ਰਿਹਾਇਸ਼ ਦਾ ੨੪ ਘੰਟੇ ਬਹੁਤ ਵਧੀਆ ਪ੍ਰਬੰਧ ਹੈ। ਯਾਤਰੂਆਂ ਦੀ ਰਿਹਾਇਸ਼ ਵਾਸਤੇ ਬਾਥਰੂਮਾਂ ਸਮੇਤ ੪੭ ਕਮਰੇ ਤੇ ਦੋ ਹਾਲ ਕਮਰਿਆਂ ਦੀ ਸਰਾਂ ਹੈ। ਗੁਰਪੁਰਬਾਂ ਤੋਂ ਇਲਾਵਾ ਇਸ ਸਥਾਨ 'ਤੇ ਜਨਮ ਦਿਵਸ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਤੇ ਸ਼ਹੀਦੀ ਜੋੜ ਮੇਲਾ ੧੧-੧੨-੧੩ ਪੋਹ ਨੂੰ ਬਹੁਤ ਵੱਡੀ ਪੱਧਰ 'ਤੇ ਮਨਾਏ ਜਾਂਦੇ ਹਨ।

ਵਧੇਰੇ ਜਾਣਕਾਰੀ ਲਈ ੦੧੭੬੩-੩੦੨੨੭ ਫੋਨ ਦੀ ਸਹੂਲਤ ਉਪਲਬਧ ਹੈ।

ਬਾਬਾ ਆਲਾ ਸਿੰਘ ਨੇ ਗੁਰਦੁਆਰਾ ਫਤਹਿਗੜ੍ਹ ਸਾਹਿਬ ਨੂੰ ਨਵੇਂ ਸਿਰਿਓਂ ਬਣਾਇਆ। ਬਾਬਾ ਫਤਹਿ ਸਿੰਘ ਜੀ ਦੇ ਪਾਵਨ ਨਾਂ 'ਤੇ ਗੁਰਦੁਆਰਾ ਫਤਹਿਗੜ੍ਹ ਸਾਹਿਬ ਵਿਸ਼ਵ ਪ੍ਰਸਿੱਧ ਹੈ। ਗੁਰਦੁਆਰਾ ਸਾਹਿਬ ਦੀ ਤਿੰਨ ਮੰਜ਼ਿਲਾ ਆਲੀਸ਼ਾਨ ਇਮਾਰਤ ਸ਼ੁਭਾਇਮਾਨ ਹੈ। ਇਸ ਪਾਵਨ ਅਸਥਾਨ ਤੇ ਹਜ਼ਾਰਾਂ ਸ਼ਰਧਾਲੂ ਰੋਜ਼ਾਨਾ ਸ਼ਹੀਦਾਂ ਨੂੰ ਸ਼ਰਧਾ ਸਤਿਕਾਰ ਭੇਂਟ ਕਰਨ ਆਉਂਦੇ ਹਨ।

ਗੁਰਦੁਆਰਾ ਫਤਹਿਗੜ੍ਹ ਸਾਹਿਬ ਦੇ ਨਾਲ-੨ ਗੁਰਦੁਆਰਾ ਭੋਰਾ ਸਾਹਿਬ, ਗੁਰਦੁਆਰਾ ਬੁਰਜ ਮਾਤਾ ਗੁਜਰੀ ਜੀ, ਗੁਰਦੁਆਰਾ ਬਿਬਾਨ ਗੜ੍ਹ, ਗੁ: ਥੜਾ ਸਾਹਿਬ ਪਾਤਸ਼ਾਹੀ ਛੇਵੀਂ, ਗੁ: ਸ਼ਹੀਦ ਗੰਜ ਤੇ ਗੁ: ਜੋਤੀ ਸਰੂਪ ਆਦਿ ਇਤਿਹਾਸਕ ਅਸਥਾਨ ਹਨ।

ਗੁਰਦੁਆਰਾ ਫਤਹਿਗੜ੍ਹ ਸਾਹਿਬ, ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਸਰਹਿੰਦ ਰੇਲਵੇ ਸਟੇਸ਼ਨ ਤੋਂ ੪ ਕਿਲੋਮੀਟਰ, ਅੰਮ੍ਰਿਤਸਰ-ਦਿੱਲੀ ਜੀ.ਟੀ.ਰੋਡ ਸਰਹਿੰਦ ਤੋਂ ੬ ਕਿਲੋਮੀਟਰ ਦੀ ਦੂਰੀ 'ਤੇ ਫਤਹਿਗੜ੍ਹ ਸਾਹਿਬ ਰੋਪੜ ਸੜਕ 'ਤੇ ਸਥਿਤ ਹੈ।



ਗੁਰਦੁਆਰਾ ਜੋਤੀ ਸਰੂਪ (ਫਤਹਿਗੜ੍ਹ ਸਾਹਿਬ)

# ਗੁਰਦੁਆਰਾ 'ਨੌ-ਲੱਖਾ' ਪਾਤਸ਼ਾਹੀ ਨੌਵੀਂ

## (ਫਤਹਿਗੜ੍ਹ ਸਾਹਿਬ) ਪੰਜਾਬ



ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਚਰਨ-ਛੋਹ ਪ੍ਰਾਪਤ ਧਰਤ ਸੁਹਾਵੀ 'ਤੇ ਸੁਭਾਇਮਾਨ ਹੈ, ਗੁਰਦੁਆਰਾ, 'ਨੌ ਲੱਖਾ' ਪਾਤਸ਼ਾਹੀ ਨੌਵੀਂ, (ਫਤਹਿਗੜ੍ਹ ਸਾਹਿਬ) । ਗੁਰੂ ਤੇਗ ਬਹਾਦਰ ਜੀ, ਮਾਤਾ ਗੁਜਰੀ ਤੇ ਪ੍ਰਮੁੱਖ ਸਿੱਖਾਂ ਸਮੇਤ ਮਾਲਵਾ ਪ੍ਰਚਾਰ ਫੇਰੀ ਸਮੇਂ ਇਥੇ ਆਏ ਅਤੇ ਦੁਪਹਿਰ ਵਿਸ਼ਰਾਮ ਕੀਤਾ। ਇਕ ਵਣਜਾਰੇ ਗੁਰਸਿੱਖ ਨੇ ਗੁਰੂ ਜੀ ਨੂੰ ੯ ਮਨਸੂਰੀ ਟਕੇ ਭੇਟ ਕੀਤੇ। ਗੁਰੂ ਜੀ ਨੇ ਸੁਭਾਵਿਕ ਕਿਹਾ, ਕਿ ਇਹ 'ਨੌ-ਲੱਖ' ਬਰਾਬਰ ਹਨ, ਜਿਸ ਤੋਂ ਇਸ ਅਸਥਾਨ ਦਾ ਨਾਮ 'ਨੌ-ਲੱਖਾ' ਪ੍ਰਸਿੱਧ ਹੋਇਆ।

ਪ੍ਰੇਮੀ ਗੁਰਸਿੱਖਾਂ ਨੇ ਗੁਰੂ ਜੀ ਦੀ ਯਾਦ ਵਿਚ ਯਾਦਗਾਰੀ ਗੁਰਦੁਆਰੇ ਦਾ ਨਿਰਮਾਣ ਕਰਵਾਇਆ। ਪਹਿਲਾਂ ਇਸ ਅਸਥਾਨ ਦਾ ਪ੍ਰਬੰਧ ਪਿਤਾ-ਪੁਰਖੀ ਮਹੰਤਾਂ ਪਾਸ ਸੀ, ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਸਮੇਂ ਪ੍ਰਬੰਧ, ਸ਼੍ਰੋਮਣੀ ਗੁ: ਪ੍ਰ: ਕਮੇਟੀ ਪਾਸ ਆਇਆ। ੧੯੩੪ ਈ. ਵਿਚ ਗੁਰਦੁਆਰੇ ਦੀ ਨਵ ਉਸਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਕਰਵਾਈ।

ਇਸ ਅਸਥਾਨ 'ਤੇ ਪਹਿਲੀ-ਪੰਜਵੀਂ, 'ਨੌਵੀਂ ਤੇ ਦਸਵੀਂ ਪਾਤਸ਼ਾਹੀ ਦੇ ਪ੍ਰਕਾਸ਼ ਗੁਰਪੁਰਬ ਅਤੇ ਨੌਵੀਂ ਪਾਤਸ਼ਾਹੀ ਦਾ ਸ਼ਹੀਦੀ ਦਿਹਾੜਾ ਤੇ ਵੈਸਾਖੀ ਵਿਸ਼ੇਸ਼ ਰੂਪ ਵਿਚ ਮਨਾਏ ਜਾਂਦੇ ਹਨ।

ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਵਧੀਆ ਪ੍ਰਬੰਧ ਹੈ। ਇਹ ਇਤਿਹਾਸਕ ਅਸਥਾਨ ਸਰਹਿੰਦ-ਪਟਿਆਲਾ ਰੋਡ 'ਤੇ ਰੁੜਕੀ ਬੱਸ ਸਟੈਂਡ ਤੋਂ ਦੋ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਸਰਹਿੰਦ ਤੋਂ ਦੂਰੀ ਕੇਵਲ ੧੫ ਕਿਲੋਮੀਟਰ ਹੈ।

ਵਧੇਰੇ ਜਾਣਕਾਰੀ ੦੧੭੬੩-੬੦੫੦੯ ਫ਼ੋਨ ਨੰਬਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਗੁਰਦੁਆਰਾ ਗੋਬਿੰਦਗੜ੍ਹ ਰਾਣਵਾਂ

## (ਫਤਹਿਗੜ੍ਹ ਸਾਹਿਬ) ਪੰਜਾਬ



ਗੁਰਦੁਆਰਾ 'ਗੋਬਿੰਦਗੜ੍ਹ' ਰਾਣਵਾਂ, ਮੀਰੀ-ਪੀਰੀ ਦੇ ਮਾਲਕ, ਗੁਰੂ ਹਰਿਗੋਬਿੰਦ ਸਾਹਿਬ ਤੇ ਦਸਮੇਸ਼ ਪਿਤਾ, ਗੁਰੂ ਗੋਬਿੰਦ ਸਿੰਘ ਜੀ ਦੀ ਚਰਨ-ਛੋਹ ਪ੍ਰਾਪਤ ਧਰਤ 'ਤੇ ਸੁਭਾਇਮਾਨ ਹੈ। ਗੁਰੂ ਹਰਿਗੋਬਿੰਦ ਸਾਹਿਬ ੧੬੩੪ ਈ: ਵਿਚ ਮਹਿਰਾਜ ਦੀ ਜੰਗ ਜਿੱਤਣ ਉਪਰੰਤ ਕੀਰਤਪੁਰ ਨੂੰ ਵਾਪਸੀ ਸਮੇਂ ਕੁਝ ਸਮੇਂ ਲਈ ਇਥੇ ਠਹਿਰੇ। ਕਿਹਾ ਜਾਂਦਾ ਹੈ ਕਿ ਕਹਿਲੂਰ ਦਾ ਰਾਜਾ ਤਾਰਾ ਚੰਦ ਇਥੇ ਹੀ ਗੁਰੂ ਜੀ ਦੀ ਸ਼ਰਨ ਵਿਚ ਆਇਆ ਤੇ ਕਹਿਲੂਰ ਜਾਣ ਲਈ ਬੇਨਤੀ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਕੁਰਕੁਸ਼ੇਤਰ ਤੋਂ ਅਨੰਦਪੁਰ ਨੂੰ ਵਾਪਸੀ ਸਮੇਂ ੧੭੦੨-੦੩ ਈ: ਵਿਚ ਇਥੇ ਪਾਵਨ ਚਰਨ ਪਾਏ ਸਨ ।

ਪ੍ਰੇਮੀ ਗੁਰਸਿੱਖਾਂ ਵੱਲੋਂ ਯਾਦਗਾਰ ਵਜੋਂ ਗੁਰਦੁਆਰੇ ਦਾ ਨਿਰਮਾਣ ਕਰਵਾਇਆ ਗਿਆ। ਮਹਾਰਾਜਾ ਕਰਮ ਸਿੰਘ ਪਟਿਆਲੇ ਵਾਲੇ (੧੭੯੮-੧੮੪੫ ਈ:) ਨੇ ਨਵੀਂ ਇਮਾਰਤ ਤਿਆਰ ਕਰਵਾਈ ਤੇ ਕਾਫੀ ਸਾਰੀ ਜਗੀਰ ਗੁਰਦੁਆਰੇ ਨੂੰ ਭੇਟ ਕੀਤੀ। ਆਧੁਨਿਕ ਛੇ ਮੰਜ਼ਲੀ ਸ਼ਾਨਦਾਰ ਇਮਾਰਤ ਦਾ ਨਿਰਮਾਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ।

ਇਸ ਅਸਥਾਨ 'ਤੇ ਪਹਿਲੀ, ਛੇਵੀਂ ਤੇ ਦਸਵੀਂ ਪਾਤਸ਼ਾਹੀ ਦੇ ਪ੍ਰਕਾਸ਼ ਗੁਰਪੁਰਬ ਤੇ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਵੱਡੀ ਪੱਧਰ 'ਤੇ ਮਨਾਏ ਜਾਂਦੇ ਹਨ। ਇਸ ਅਸਥਾਨ ਦਾ ਪਹਿਲਾਂ ਪ੍ਰਬੰਧ ਪਿਤਾ-ਪੁਰਖੀ ਮਹੰਤਾਂ ਪਾਸ ਸੀ, ਹੁਣ ਪ੍ਰਬੰਧ ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ ਪਾਸ ਹੈ।

ਇਹ ਇਤਿਹਾਸਕ ਅਸਥਾਨ ਪਿੰਡ ਰਾਣਵਾਂ, ਡਾਕਘਰ ਸੰਘੋਲ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਵਿਚ ਲੁਧਿਆਣਾ ਤੋਂ ਚੰਡੀਗੜ੍ਹ ਰੋਡ 'ਤੇ ਖਮਾਣੋਂ ਤੋਂ ਤਿੰਨ ਕਿਲੋਮੀਟਰ ਅਤੇ ਸਰਹਿੰਦ-ਨੰਗਲ ਰੇਲਵੇ ਲਾਈਨ 'ਤੇ ਮੁਰਿੰਡਾ ਰੇਲਵੇ ਸਟੇਸ਼ਨ ਤੋਂ ੧੩ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ।

# ਗੁਰਦੁਆਰਾ ਪਾਤਸ਼ਾਹੀ ਛੇਵੀਂ, ਗੋਬਿੰਦਗੜ੍ਹ
## (ਫਤਿਹਗੜ੍ਹ ਸਾਹਿਬ) ਪੰਜਾਬ





ਗੁਰਦੁਆਰਾ ਸਿੰਘ ਸਭਾ (ਗੋਬਿੰਦਗੜ੍ਹ)

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ-ਛੋਹ ਪ੍ਰਾਪਤ ਧਰਤ 'ਤੇ ਸੁਭਾਇਮਾਨ ਹੈ, 'ਗੁਰਦੁਆਰਾ ਪਾਤਸ਼ਾਹੀ ਛੇਵੀਂ' ਗੋਬਿੰਦਗੜ੍ਹ। ਗੁਰੂ ਹਰਿਗੋਬਿੰਦ ਸਾਹਿਬ ਮਾਲਵੇ ਪ੍ਰਚਾਰ ਫੇਰੀ ਸਮੇਂ ਇਥੇ ਕੁਝ ਚਿਰ ਬਿਰਾਜੇ ਸਨ। ਪ੍ਰੇਮੀ ਗੁਰਸਿੱਖਾਂ ਨੇ ਗੁਰੂ ਜੀ ਦੀ ਯਾਦ ਵਿਚ ਛੋਟੀ ਜਿਹੀ ਯਾਦਗਾਰ ਬਣਾ ਲਈ। ੧੯੨੭ ਈ: ਵਿਚ ਇਤਿਹਾਸਕ ਯਾਦਗਾਰ ਦੀ ਥਾਂ 'ਤੇ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦੀ ਉਸਾਰੀ ਕੀਤੀ ਗਈ। ਇਸ ਅਸਥਾਨ ਦਾ ਪ੍ਰਬੰਧ ਪਹਿਲਾਂ ਪਿਤਾ ਪੁਰਖੀ ਮਹੰਤਾਂ ਪਾਸ ਸੀ, ਹੁਣ ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਲੋਕਲ ਕਮੇਟੀ ਰਾਹੀਂ ਕਰਦੀ ਹੈ। ਇਸ ਇਤਿਹਾਸਕ ਅਸਥਾਨ 'ਤੇ ਪਹਿਲੀ ਤੇ ਛੇਵੀਂ ਪਾਤਸ਼ਾਹੀ ਦੇ ਪ੍ਰਕਾਸ਼ ਗੁਰਪੁਰਬ ਤੇ ਹੋਲੇ ਮਹੱਲੇ 'ਤੇ ਵਿਸ਼ੇਸ਼ ਜੋੜ-ਮੇਲਾ ਹੁੰਦਾ ਹੈ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਸੁਚੱਜਾ ਪ੍ਰਬੰਧ ਹੈ। ਰਿਹਾਇਸ਼ ਵਾਸਤੇ ਵੀ ਕੁਝ ਕਮਰੇ ਬਣੇ ਹੋਏ ਹਨ।

ਇਹ ਅਸਥਾਨ ਲੁਧਿਆਣਾ-ਦਿੱਲੀ ਜਰਨੈਲੀ ਸੜਕ 'ਤੇ ਮੰਡੀ ਗੋਬਿੰਦਗੜ੍ਹ ਤੋਂ ਕੇਵਲ ਇਕ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਮੰਡੀ ਗੋਬਿੰਦਗੜ੍ਹ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦਾ ਪ੍ਰਮੁੱਖ ਸਨਅਤੀ ਕੇਂਦਰ ਹੈ ਤੇ ਅੰਮ੍ਰਿਤਸਰ-ਦਿੱਲੀ ਰੇਲਵੇ ਲਾਈਨ 'ਤੇ ਪ੍ਰਮੁੱਖ ਰੇਲਵੇ ਸਟੇਸ਼ਨ ਹੈ।

ਵਧੇਰੇ ਜਾਣਕਾਰੀ ੦੧੭੬੫-੫੪੪੬੧, ੫੦੨੦੮ ਫ਼ੋਨ ਨੰਬਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ

## (ਪਟਿਆਲਾ) ਪੰਜਾਬ



ਗੁਰਦੁਆਰਾ ਸ੍ਰੀ ਦੂਖ-ਨਿਵਾਰਨ ਸਾਹਿਬ ਪਟਿਆਲਾ, ਆਧੁਨਿਕ ਪਟਿਆਲੇ ਸ਼ਹਿਰ ਦਾ ਪ੍ਰਮੁੱਖ ਧਾਰਮਿਕ-ਇਤਿਹਾਸਕ ਅਸਥਾਨ ਹੈ, ਜਿਸ ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਚਰਨ-ਛੋਹ ਪ੍ਰਾਪਤ ਹੈ। ਗੁਰੂ ਤੇਗ ਬਹਾਦਰ ਸਾਹਿਬ, ਪਹਿਲੀ ਵਾਰ ੧੬੬੧-੬੨ ਈ: ਵਿਚ ਪ੍ਰਚਾਰ ਦੌਰੇ ਸਮੇਂ ਸੈਫ਼ਾਬਾਦ ਦੇ ਕਿਲ੍ਹੇ ਤੋਂ ਹੁੰਦੇ ਹੋਏ, ਇਥੇ ਬਿਰਾਜੇ ਸਨ।

ਇਹ ਅਸਥਾਨ ਲਹਿਲ ਪਿੰਡ ਵਿਚ ਹੈ, ਜੋ ਹੁਣ ਪਟਿਆਲੇ ਸ਼ਹਿਰ ਵਿਚ ਸ਼ਾਮਿਲ ਹੈ। ਸਥਾਨਿਕ ਰਵਾਇਤ ਅਨੁਸਾਰ ਦੂਸਰੀ ਵਾਰ, ਗੁਰੂ ਜੀ ੧੬੭੫ ਈ: ਵਿਚ ਦਿੱਲੀ ਨੂੰ ਜਾਣ ਸਮੇਂ ਕੁਝ ਚਿਰ ਲਈ ਇਥੇ ਰੁਕੇ ਸਨ।

ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਦਾ ਵਰਤਮਾਨ ਸਰੂਪ ੧੯੩੦ ਈ: ਵਿਚ ਹੋਂਦ ਵਿਚ ਆਇਆ, ਭਾਵੇਂ ਕਿ ਸੰਗਤਾਂ ਬਹੁਤ ਚਿਰ ਪਹਿਲਾਂ ਤੋਂ ਹੀ ਇਸ ਅਸਥਾਨ ਦੀ ਚਰਨ-ਧੂੜ ਪਰਸ ਰਹੀਆਂ ਸਨ। ੧੯੩੦-੩੩ ਈ: ਵਿਚ ਦੋ ਮੰਜ਼ਲੀ ਇਮਾਰਤ ਗੁਰਦੁਆਰਾ ਸਾਹਿਬ ਦੀ ਬਣਾਈ ਗਈ, ਜਿਸ ਦੀ ਜਗ੍ਹਾ ਨਵੀਂ ਵਿਸ਼ਾਲ ਇਮਾਰਤ ਉਸਾਰੀ ਅਧੀਨ ਹੈ।



ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਦੇ ਨਾਲ ਸੁੰਦਰ ਸਰੋਵਰ ਵੀ ਬਣਿਆ ਹੋਇਆ ਹੈ। ਯਾਤਰੂਆਂ ਦੀ ਸਹੂਲਤ ਵਾਸਤੇ ਡਿਸਪੈਂਸਰੀ ਤੇ ਗੁਰਮਤਿ ਗਿਆਨ ਦੀ ਤ੍ਰਿਪਤੀ ਵਾਸਤੇ ਅਕਾਲੀ ਕੌਰ ਸਿੰਘ ਲਾਇਬ੍ਰੇਰੀ ਵੀ ਹੈ।

੧੯੫੯ ਈ: ਵਿਚ ਇਸ ਅਸਥਾਨ ਦਾ ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਹੱਥ ਆਇਆ।

ਇਹ ਅਸਥਾਨ ਸਰਹਿੰਦ-ਪਟਿਆਲਾ ਸੜਕ 'ਤੇ ਪਟਿਆਲਾ ਰੇਲਵੇ ਸਟੇਸ਼ਨ ਤੇ ਬੱਸ ਸਟੈਂਡ ਤੋਂ ੩੦੦ ਮੀਟਰ ਦੀ ਦੂਰੀ 'ਤੇ ਹੈ ਅਤੇ ਸੜਕੀ ਮਾਰਗ ਰਾਹੀਂ ਸੰਗਰੂਰ, ਨਾਭਾ, ਰਾਜਪੁਰਾ ਆਦਿ ਸ਼ਹਿਰਾਂ ਨਾਲ ਜੁੜਿਆ ਹੈ। ਯਾਤਰੂਆਂ ਦੀ ਟਹਿਲ-ਸੇਵਾ ਲਈ ਲੰਗਰ-ਪ੍ਰਸ਼ਾਦਿ ਦਾ ਬਹੁਤ ਵਧੀਆ ਪ੍ਰਬੰਧ ਹੈ। ਰਿਹਾਇਸ਼ ਲਈ ੧੨ ਕਮਰੇ ਸਮੇਤ ਬਾਥਰੂਮ, ੫੫ ਕਮਰੇ ਕਾਮਨ ਬਾਥਰੂਮ, ਇਕ ਹਾਲ ਤੇ ਇਕ ਵਿਸ਼ੇਸ਼ ਰੈਸਟ ਹਾਊਸ ਹੈ। ਸਾਰੇ ਗੁਰਪੁਰਬ, ਵੈਸਾਖੀ ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ ਵੱਡੀ ਪੱਧਰ 'ਤੇ ਮਨਾਏ ਜਾਂਦੇ ਹਨ।

ਸ਼ਹਿਰ ਵਿਚ ਹੀ ਇਤਿਹਾਸਕ ਗੁਰਦੁਆਰਾ 'ਮੋਤੀ ਬਾਗ' ਦਰਸ਼ਨ ਕਰਨ ਯੋਗ ਹੈ। ਵਧੇਰੇ ਜਾਣਕਾਰੀ ਲਈ ੦੧੭੫-੩੩੫੪੯੨, ੨੨੬੯੪੧ ਨੰਬਰਾਂ 'ਤੇ ਫੋਨ ਕੀਤਾ ਜਾ ਸਕਦਾ ਹੈ।

# ਗੁਰਦੁਆਰਾ ਪਾਤਸ਼ਾਹੀ ਨੌਵੀਂ, ਬਹਾਦਰਗੜ੍ਹ

## (ਪਟਿਆਲਾ) ਪੰਜਾਬ



ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਆਮਦ ਦੀ ਅਮਰ ਯਾਦਗਾਰ ਵਜੋਂ ਸੁਸ਼ੋਭਿਤ ਹੈ, ਗੁਰਦੁਆਰਾ ਪਾਤਸ਼ਾਹੀ ਨੌਵੀਂ ਬਹਾਦਰਗੜ੍ਹ। ਗੁਰੂ ਤੇਗ ਬਹਾਦਰ ਸਾਹਿਬ ਦੇ ਪਰਮ ਸੇਵਕ-ਪ੍ਰੇਮੀ ਸੈਫਖ਼ਾਨ ਨੇ ਪਟਿਆਲਾ ਦੇ ਨਜ਼ਦੀਕ ਸੈਫਾਬਾਦ ਨਗਰ ਵਸਾਇਆ ਤੇ ਇਕ ਕਿਲ੍ਹੇ ਦਾ ਨਿਰਮਾਣ ਕੀਤਾ। ਗੁਰੂ ਤੇਗ ਬਹਾਦਰ ਸਾਹਿਬ ਸੈਫਖ਼ਾਨ ਦੇ ਸੱਦੇ 'ਤੇ ਇਥੇ ਆਏ ਤੇ ਕੁਝ ਦਿਨ ਠਹਿਰੇ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਦੋ ਗੁਰਦੁਆਰੇ ਬਣੇ ਹੋਏ ਹਨ- ਇਕ ਕਿਲ੍ਹੇ ਦੇ ਅੰਦਰ ਹੈ ਤੇ ਦੂਸਰਾ ਬਾਹਰ।

ਪਟਿਆਲਾ ਦੇ ਮਹਾਰਾਜਾ ਅਮਰ ਸਿੰਘ ਨੇ ੧੭੭੪ ਈ: ਵਿਚ ਸੈਫਖ਼ਾਨ ਦੇ ਪਰਿਵਾਰ ਨੂੰ ਢੁਕਵੀਂ ਜਗੀਰ ਦੇ ਕੇ ਸੈਫਾਬਾਦ ਤੇ ਕਿਲ੍ਹਾ ਆਪਣੇ ਕਬਜ਼ੇ ਵਿਚ ਕਰ ਲਿਆ ਅਤੇ ਗੁਰੂ ਤੇਗ ਬਹਾਦਰ ਜੀ ਦੇ ਨਾਂ 'ਤੇ ਨਗਰ ਦਾ ਨਾਂ 'ਬਹਾਦਰ ਗੜ੍ਹ' ਰੱਖਿਆ। ਸੈਫਾਬਾਦ ਦੇ ਕਿਲ੍ਹੇ ਨੂੰ ਨਵੇਂ ਸਿਰੇ ਤੋਂ ਤਾਮੀਰ ਕਰਵਾਇਆ ਗਿਆ।

ਇਸ ਇਤਿਹਾਸਕ ਅਸਥਾਨ ਦਾ ਪ੍ਰਬੰਧ ਪਹਿਲਾਂ ਪਟਿਆਲਾ ਰਿਆਸਤ ਪਾਸ ਸੀ, ਹੁਣ ਸ਼੍ਰੋਮਣੀ ਗੁ:ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ, ਅਧੀਨ ਹੈ।

ਇਹ ਪਾਵਨ ਅਸਥਾਨ ਬਹਾਦਰਗੜ੍ਹ ਨਗਰ ਜੋ ਤਹਿ:ਜ਼ਿਲ੍ਹਾ ਪਟਿਆਲਾ ਵਿਚ ਪਟਿਆਲਾ-ਰਾਜਪੁਰਾ ਰੋਡ ਤੋਂ ਇਕ ਕਿਲੋਮੀਟਰ ਤੇ ਰੇਲਵੇ ਸਟੇਸ਼ਨ ਪਟਿਆਲਾ ਤੋਂ ੧੦ ਕਿਲੋਮੀਟਰ ਦੂਰੀ 'ਤੇ ਪੰਜਾਬੀ ਯੂਨੀਵਰਸਟੀ ਨਜ਼ਦੀਕ ਸਥਿਤ ਹੈ। ਗੁਰਦੁਆਰਾ ਸਾਹਿਬ ਦੇ ਨਾਲ ਸਰੋਵਰ ਵੀ ਸ਼ੋਭਨੀਕ ਹੈ।

ਇਸ ਅਸਥਾਨ 'ਤੇ ਪਹਿਲੀ ਨੌਵੀਂ ਤੇ ਦਸਵੀਂ ਪਾਤਸ਼ਾਹੀ ਦੇ ਆਗਮਨ ਗੁਰਪੁਰਬ ਤੇ ਨੌਵੀਂ ਪਾਤਸ਼ਾਹੀ ਦਾ ਸ਼ਹੀਦੀ ਦਿਹਾੜਾ ਵੱਡੀ ਪੱਧਰ 'ਤੇ ਮਨਾਏ ਜਾਂਦੇ ਹਨ।

ਯਾਤਰੂਆਂ ਦੀ ਰਿਹਾਇਸ਼-ਲੰਗਰ-ਪ੍ਰਸ਼ਾਦਿ ਦਾ ਪ੍ਰਬੰਧ ਹੈ। ਵਧੇਰੇ ਜਾਣਕਾਰੀ ੦੧੭੫-੮੨੨੬੨੯ ਫੋਨ ਨੰ: ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਗੁਰਦੁਆਰਾ 'ਨਾਭਾ ਸਾਹਿਬ'

## (ਪਟਿਆਲਾ) ਪੰਜਾਬ



ਗੁਰਦੁਆਰਾ 'ਨਾਭਾ ਸਾਹਿਬ' ਉਹ ਇਤਿਹਾਸਕ ਅਸਥਾਨ ਹੈ, ਜਿਥੇ ਭਾਈ ਜੈਤਾ ਜੀ (ਭਾਈ ਜੀਵਨ ਸਿੰਘ ਜੀ) ਨੇ ਨਵੰਬਰ, ੧੬੭੫ ਈ: ਨੂੰ ਚਾਂਦਨੀ ਚੌਕ ਤੇ ਭਿਆਨਕ ਸਾਕੇ ਤੋਂ ਪਿੱਛੋਂ, ਸਤਿਗੁਰੂ, ਗੁਰੂ ਤੇਗ ਬਹਾਦਰ ਜੀ ਦਾ ਪਾਵਨ ਸੀਸ, ਦਿੱਲੀ ਤੋਂ ਅਨੰਦਪੁਰ ਸਾਹਿਬ ਲਿਜਾਣ ਸਮੇਂ, ਕੁਝ ਸਮੇਂ ਲਈ ਰੱਖ ਕੇ, ਕੁਝ ਸਮਾਂ ਅਰਾਮ ਕੀਤਾ। ਉਸ ਸਮੇਂ ਇਹ ਜਗ੍ਹਾ ਜੰਗਲ-ਨੁਮਾ ਸੀ ਤੇ ਗੁਰੂ-ਘਰ ਦਾ ਪ੍ਰੀਤਵਾਨ ਮੁਸਲਮ ਫ਼ਕੀਰ ਦਰਗਾਹੀ ਸ਼ਾਹ ਰਹਿੰਦਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਨਵੰਬਰ, ੧੬੯੮ ਈ: ਵਿਚ ਪਾਉਂਟਾ ਸਾਹਿਬ ਤੋਂ ਅਨੰਦਪੁਰ ਸਾਹਿਬ ਜਾਣ ਸਮੇਂ ਆਪਣੇ ਮੁਬਾਰਕ ਚਰਨ ਇਥੇ ਪਾਏ ਸਨ। ਕਿਹਾ ਜਾਂਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਵੀ ਪੰਜਾਬ ਵਿਚੋਂ ਜ਼ੁਲਮੀ ਰਾਜ ਦਾ ਖਾਤਮਾ ਕਰਨ ਤੋਂ ਪਹਿਲਾਂ ਇਥੇ ਆਏ ਸਨ।

ਕਾਫੀ ਸਮਾਂ ਇਹ ਅਸਥਾਨ ਆਮ ਯਾਦਗਾਰ ਵਜੋਂ ਹੀ ਰਿਹਾ। ਮਹਾਰਾਜਾ ਕਰਮ ਸਿੰਘ ਪਟਿਆਲਾ (੧੭੯੮-੧੮੪੫) ਨੇ ਆਪਣੇ ਕਾਰਜ-ਕਾਲ ਦੌਰਾਨ ਗੁਰਦੁਆਰਾ ਸਾਹਿਬ ਦੀ ਇਮਾਰਤ ਤਿਆਰ ਕਰਵਾਈ। ੧੯੫੬ ਈ: ਵਿਚ ਇਮਾਰਤ ਵਿਚ ਕੁਝ ਹੋਰ ਵਾਧੇ ਕੀਤੇ ਗਏ।

ਨਵੀਨ ਆਧੁਨਿਕ ਆਲੀਸ਼ਾਨ ਇਮਾਰਤ ੧੯੯੪ ਈ: ਵਿਚ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਤਿਆਰ ਕਰਵਾਈ ਗਈ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਵਧੀਆ ਪ੍ਰਬੰਧ ਹੈ। ਰਿਹਾਇਸ਼ ਵਾਸਤੇ ੫ ਕਮਰੇ ਹਨ ।

ਇਸ ਅਸਥਾਨ 'ਤੇ ਪਹਿਲੀ-ਪੰਜਵੀਂ, ਨੌਵੀਂ ਤੇ ਦਸਵੀਂ ਪਾਤਸ਼ਾਹੀ ਦੇ ਪ੍ਰਕਾਸ਼ ਗੁਰਪੁਰਬ ਵਿਸ਼ੇਸ਼ ਰੂਪ ਵਿਚ ਮਨਾਏ ਜਾਂਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲੋਕਲ ਕਮੇਟੀ ਰਾਹੀਂ ਇਸ ਅਸਥਾਨ ਦਾ ਪ੍ਰਬੰਧ ਕਰਦੀ ਹੈ।

ਗੁਰਦੁਆਰਾ 'ਨਾਭਾ ਸਾਹਿਬ' , ਪਿੰਡ ਨਾਭਾ, ਡਾਕਘਰ ਦਿਆਲਪੁਰ, ਤਹਿਸੀਲ ਰਾਜਪੁਰਾ, ਜ਼ਿਲ੍ਹਾ ਪਟਿਆਲਾ ਵਿਚ ਚੰਡੀਗੜ੍ਹ ਤੋਂ ਰਾਜਪੁਰਾ ਰੋਡ 'ਤੇ ਚੰਡੀਗੜ੍ਹ ਤੋਂ ੧੫ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ।

# ਗੁਰਦੁਆਰਾ ਬਾਬਾ ਅਜਾਪਾਲ ਸਿੰਘ (ਘੋੜਿਆਂ ਵਾਲਾ)

## ਨਾਭਾ (ਪਟਿਆਲਾ) ਪੰਜਾਬ

ਇਹ ਇਤਿਹਾਸਕ ਅਸਥਾਨ ਦਸਮੇਸ਼ ਪਿਤਾ, ਗੁਰੂ ਗੋਬਿੰਦ ਸਿੰਘ ਜੀ ਦੇ ਅਨਿਨ ਸ਼ਰਧਾਲੂ ਪ੍ਰੀਤਵਾਨ ਗੁਰਸਿੱਖ, ਬਾਬਾ ਅਜਾਪਾਲ ਸਿੰਘ ਵੱਲੋਂ ਸਥਾਪਤ ਗੁਰਸਿੱਖੀ ਪ੍ਰਚਾਰ-ਪ੍ਰਸਾਰ ਕੇਂਦਰ ਦੀ ਯਾਦ ਤਾਜ਼ਾ ਕਰਵਾਉਂਦਾ ਹੈ। ਕਿਹਾ ਜਾਂਦਾ ਹੈ ਕਿ ਬਾਬਾ ਅਜਾਪਾਲ ਸਿੰਘ, ਗੁਰੂ ਗੋਬਿੰਦ ਸਿੰਘ ਜੀ ਦੇ ਨਗਾਰਚੀ ਸਨ, ਜਿਨ੍ਹਾਂ ਨੇ ੧੬੭੩ ਈ: ਤੋਂ ਲੈ ਕੇ ੧੭੧੨ ਈ: ਤਕ ਨਾਭੇ ਦੀ ਇਕ ਝਿੜੀ ਵਿਚ ਨਿਵਾਸ ਕਰ ਸਿੱਖ ਧਰਮ ਸ਼ਾਸਤਰ, ਸ਼ਸਤਰ ਵਿੱਦਿਆ, ਘੋੜ ਸਵਾਰੀ ਤੇ ਨਾਮ ਬਾਣੀ ਦਾ ਪ੍ਰਚਾਰ ਕਰਕੇ ਅਨੇਕਾਂ ਸੰਸਾਰਿਕ ਜੀਵਾਂ ਨੂੰ 'ਖਾਲਸਾ ਪੰਥ' ਦਾ ਹਿੱਸਾ ਬਣਾਇਆ। ਜੇਠ ਸੁਦੀ ੫, ਸੰਮਤ ੧੭੬੯ (੧੭੧੨ ਈ:) ਨੂੰ ਬਾਬਾ ਅਜਾਪਾਲ ਸਿੰਘ ਜੀ ਇਥੇ ਹੀ ਗੁਰਪੁਰੀ ਪਿਆਨਾ ਕਰ ਗਏ। ਬਾਬਾ ਜੀ ਤੋਂ ਪਿੱਛੋਂ ਗੁਰਮਤਿ ਦੇ ਪ੍ਰਚਾਰ ਕੇਂਦਰ ਦੀ ਸੇਵਾ-ਸੰਭਾਲ, ਭਾਈ ਕਾਨ੍ਹ ਸਿੰਘ ਨਾਭਾ ਦੇ ਬਜ਼ੁਰਗ ਬਾਬਾ ਸਰੂਪ ਸਿੰਘ ਨੇ ਸੰਭਾਲੀ ਤੇ 'ਨਾਨਕ ਨਿਰਮਲ ਪੰਥ' ਦੇ ਪ੍ਰਚਾਰ ਕਾਰਜ ਨੂੰ ਜਾਰੀ ਰੱਖਿਆ। ਬਾਬਾ ਸਰੂਪ ਸਿੰਘ ਤੋਂ ਪਿੱਛੋਂ ਬਾਬਾ ਨਾਰਾਯਣ ਸਿੰਘ, ਬਾਬਾ ਬਿਸ਼ਨ ਸਿੰਘ ਸਮੇਂ-੨ ਗੁਰਮਤਿ ਦੇ ਇਸ ਪ੍ਰਚਾਰ ਕੇਂਦਰ ਨੂੰ ਚਲਾਉਂਦੇ ਰਹੇ। ਸਰਧਾਲੂ ਇਸ ਅਸਥਾਨ 'ਤੇ ਵਧੀਆ ਘੋੜੇ ਭੇਟ ਕਰਦੇ ਰਹੇ, ਜਿਸ ਕਰਕੇ 'ਘੋੜਿਆਂ ਵਾਲਾ' ਸ਼ਬਦ ਇਸ ਗੁਰਦੁਆਰੇ ਨਾਲ ਜੁੜ ਗਿਆ।

ਪਹਿਲੀ ਜਨਵਰੀ, ੧੯੯੭ ਈ: ਨੂੰ ਇਸ ਅਸਥਾਨ ਦਾ ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਆਇਆ। ਗੁਰਦੁਆਰਾ ਸਾਹਿਬ ਦੀ ਅਤਿ ਸੁੰਦਰ ਇਮਾਰਤ ਸ਼ੋਭਨੀਕ ਹੈ। ਬਾਬਾ ਅਜਾਪਾਲ ਸਿੰਘ ਦੇ ਸ਼ਸਤਰ, ਬਸਤਰ ਤੇ ਦੋ ਵੱਡੇ ਨਗਾਰੇ ਮੌਜੂਦ ਹਨ।

ਦਸਮੇਸ਼ ਪਿਤਾ, ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਗੁਰਪੁਰਬ ਪੰਥਕ ਜਾਹੋ ਜਲਾਲ ਨਾਲ ਇਸ ਅਸਥਾਨ 'ਤੇ ਮਨਾਇਆ ਜਾਂਦਾ ਹੈ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਸੁਚੱਜਾ ਪ੍ਰਬੰਧ ਹੈ। ਰਿਹਾਇਸ਼ ਵਾਸਤੇ ੬ ਕਮਰੇ ਹਨ।

ਇਹ ਇਤਿਹਾਸਕ ਗੁਰਦੁਆਰਾ ਪਟਿਆਲਾ ਤੋਂ ੨੯ ਕਿਲੋਮੀਟਰ, ਭਵਾਨੀਗੜ੍ਹ ਤੋਂ ੨੩ ਕਿਲੋਮੀਟਰ, ਸੰਗਰੂਰ ਤੋਂ ੩੪ ਕਿਲੋਮੀਟਰ ਦੀ ਦੂਰੀ 'ਤੇ ਅਲਹੋਰਾ ਗੇਟ ਨਾਭਾ ਦੇ ਨਜ਼ਦੀਕ ਸਥਿਤ ਹੈ।

ਵਧੇਰੇ ਜਾਣਕਾਰੀ ਲਈ ੦੧੭੬੫/੨੦੬੧੯ ਫੋਨ ਨੰਬਰ ਦੀ ਸਹੂਲਤ ਉਪਲਬਧ ਹੈ।



# ਗੁਰਦੁਆਰਾ 'ਗੁਰੂ-ਸਰ' ਲੋਪੋ

## (ਮੋਗਾ) ਪੰਜਾਬ



ਗੁਰਦੁਆਰਾ 'ਗੁਰੂਸਰ' ਲੋਪੋ, ਗੁਰੂ ਹਰਿਗੋਬਿੰਦ ਸਾਹਿਬ ਦੀ ਆਮਦ ਦੀ ਯਾਦ ਵਿਚ ਸੁਭਾਇਮਾਨ ਹੈ। ਗੁਰੂ ਜੀ ਮਦੋਕਿਆਂ ਤੋਂ ਹੁੰਦੇ ਹੋਏ, ਮਾਲਵਾ ਪ੍ਰਚਾਰ ਫੇਰੀ ਸਮੇਂ ਇਥੇ ਆਏ ਅਤੇ ਪ੍ਰੇਮੀ ਗੁਰਸਿੱਖਾਂ ਪਾਸ ਦੋ ਦਿਨ ਰੁਕੇ। ਨਗਰ ਨਿਵਾਸੀਆਂ ਨੇ ਗੁਰੂ ਜੀ ਦਾ ਬਹੁਤ ਆਦਰ-ਸਤਿਕਾਰ ਕੀਤਾ ਅਤੇ ਗੁਰੂ ਜੀ ਦੀ ਆਮਦ ਦੀ ਯਾਦ ਵਿਚ ਯਾਦਗਾਰ ਦਾ ਨਿਰਮਾਣ ਕਰਵਾਇਆ। ਮਹਾਰਾਜਾ ਰਣਜੀਤ ਸਿੰਘ ਨੇ ਗੁਰੂ-ਘਰ ਦੇ ਨਾਮ ਕਾਫ਼ੀ ਸਾਰੀ ਜ਼ਮੀਨ ਜਗੀਰ ਦੇ ਰੂਪ ਵਿਚ ਲਾਈ। ਗੁਰੂ-ਘਰ ਦੇ ਨਾਲ ਸਰੋਵਰ ਹੋਣ ਕਰਕੇ ਨਾਮ 'ਗੁਰੂਸਰ' ਪ੍ਰਸਿੱਧ ਹੋਇਆ।

ਗਿਆਨੀ ਇੰਦਰ ਸਿੰਘ ਦੇ ਉਦਮ ਸਦਕਾ ੧੯੬੦ ਈ: ਵਿਚ ਪ੍ਰੇਮੀ ਗੁਰਸਿੱਖਾਂ ਨੇ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦਾ ਨਿਰਮਾਣ ਕਰਵਾਇਆ। ਇਸ ਅਸਥਾਨ 'ਤੇ ਪਹਿਲਾਂ ਨਿਰਮਲੇ ਸਿੱਖ ਸੇਵਾ-ਸੰਭਾਲ ਕਰਦੇ ਸਨ, ਹੁਣ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਲੋਕਲ ਕਮੇਟੀ ਰਾਹੀਂ ਕਰਦੀ ਹੈ। ਇਸ ਅਸਥਾਨ 'ਤੇ ਪਹਿਲੀ, ਪੰਜਵੀਂ, ਛੇਵੀਂ ਤੇ ਦਸਵੀਂ ਪਾਤਸ਼ਾਹੀਆਂ ਦੇ ਪ੍ਰਕਾਸ਼ ਗੁਰਪੁਰਬ ਤੇ ਸਾਲਾਨਾ ਜੋੜ ਮੇਲਾ ਹਰ ਸਾਲ ੧ ਤੋਂ ੩ ਅਗਸਤ ਨੂੰ ਮਨਾਇਆ ਜਾਂਦਾ ਹੈ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਪ੍ਰਬੰਧ ਸੁਚੱਜਾ ਹੈ। ਰਿਹਾਇਸ਼ ਵਾਸਤੇ ਵੀ ੬ ਕਮਰੇ ਬਣੇ ਹੋਏ ਹਨ।

ਇਹ ਅਸਥਾਨ ਪਿੰਡ ਲੋਪੋ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਵਿਚ, ਮੋਗਾ ਰੇਲਵੇ ਸਟੇਸ਼ਨ ਤੋਂ ੨੧ ਕਿਲੋਮੀਟਰ ਅਤੇ ਬੱਸ ਸਟੈਂਡ ਬਧਨੀ ਤੋਂ ੪ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ।

ਵਧੇਰੇ ਜਾਣਕਾਰੀ ੦੧੬੩੫ - ੩੪੪੯੩, ੫੦੧੬੯ ਫ਼ੋਨ ਨੰਬਰਾਂ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਗੁਰਦੁਆਰਾ 'ਨਾਨਕ-ਸਰ' ਤਖਤੂਪੁਰਾ

## (ਮੋਗਾ) ਪੰਜਾਬ



ਗੁਰਦੁਆਰਾ ਨਾਨਕ-ਸਰ, ਤਖਤੂਪੁਰਾ

ਦਸਮੇਸ਼ ਪਿਤਾ-ਗੁਰੂ ਗੋਬਿੰਦ ਸਿੰਘ ਲੰਮੇ ਜੱਟ ਪੁਰੇ ਤੋਂ ਦੀਨੇ ਕਾਂਗੜ ਨੂੰ ਜਾਣ ਸਮੇਂ ੧੭੦੫ ਈ: ਵਿਚ ਇਕ ਦੁਪਹਿਰ ਇਥੇ ਰੁਕੇ ਸਨ। ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਉਸਾਰੇ ਗੁਰਦੁਆਰੇ ਨੂੰ ੧੯੫੫ ਈ: ਵਿਚ ਹੋਈਆਂ ਭਾਰੀ ਬਾਰਸ਼ਾਂ ਨੇ ਕਾਫੀ ਨੁਕਸਾਨ ਪਹੁੰਚਾਇਆ। ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ੧੯੬੨ ਈ: ਵਿਚ ਗੁਰਸਿੱਖ ਸੰਗਤਾਂ ਦੇ ਸਹਿਯੋਗ ਨਾਲ ਉਸਾਰੀ ਗਈ।

ਇਨ੍ਹਾਂ ਤਿੰਨਾਂ ਇਤਿਹਾਸਕ ਅਸਥਾਨਾਂ ਦਾ ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ, ਲੋਕਲ ਕਮੇਟੀ ਰਾਹੀਂ ਕਰਦੀ ਹੈ। ਗੁਰਦੁਆਰਾ 'ਨਾਨਕ-ਸਰ' ਵਿਖੇ ਪਹਿਲੀ, ਛੇਵੀਂ ਤੇ ਦਸਵੀਂ ਪਾਤਸ਼ਾਹੀ ਦੇ ਪ੍ਰਕਾਸ਼ ਗੁਰਪੁਰਬ, ਪੰਜਵੀਂ ਪਾਤਸ਼ਾਹੀ ਦਾ ਸ਼ਹੀਦੀ ਦਿਹਾੜਾ ਅਤੇ ਸਾਲਾਨਾ ਜੋੜ ਮੇਲਾ, ਮਾਘੀ ਨੂੰ ਵਿਸ਼ੇਸ਼ ਰੂਪ ਵਿਚ ਮਨਾਏ ਜਾਂਦੇ ਹਨ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਵਧੀਆ ਪ੍ਰਬੰਧ ਹੈ। ਰਿਹਾਇਸ਼ ਵਾਸਤੇ ਵੀ ਕੁਝ ਕਮਰੇ ਬਣੇ ਹੋਏ ਹਨ। ਇਹ ਇਤਿਹਾਸਕ ਅਸਥਾਨ ਪਿੰਡ ਤਖਤੂਪੁਰਾ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਵਿਚ, ਮੋਗਾ ਰੇਲਵੇ ਸਟੇਸ਼ਨ ਤੋਂ ੨੫ ਕਿਲੋਮੀਟਰ ਦੀ ਦੂਰੀ 'ਤੇ ਮੋਗਾ-ਬਰਨਾਲਾ ਸੜਕ ਨਜ਼ਦੀਕ ਸਥਿਤ ਹੈ।

ਆਦਿ ਗੁਰੂ, ਗੁਰੂ ਨਾਨਕ ਦੇਵ ਜੀ, ਗੁਰੂ ਹਰਿਗੋਬਿੰਦ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਚਰਨ-ਛੋਹ ਪ੍ਰਾਪਤ ਧਰਤ 'ਤੇ ਸ਼ੁਭਾਇਮਾਨ ਹੈ, ਇਤਿਹਾਸਕ ਗੁਰਦੁਆਰਾ, 'ਨਾਨਕ-ਸਰ' ਤਖਤੂਪੁਰਾ। ਤਿੰਨੇ ਇਤਿਹਾਸਕ ਗੁਰ-ਅਸਥਾਨ ਨਜ਼ਦੀਕ-ਨਜ਼ਦੀਕ ਹੋਣ ਅਤੇ ਦਰਮਿਆਨ ਸਰੋਵਰ ਹੋਣ ਕਰਕੇ 'ਨਾਨਕ-ਸਰ' ਦੇ ਨਾਮ ਨਾਲ ਪ੍ਰਸਿੱਧ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਅਸਥਾਨ 'ਤੇ ਜੋਗੀ ਗੋਪੀ ਚੰਦ ਤੇ ਭਰਥਰੀ ਨਾਲ ਵਿਚਾਰ- ਚਰਚਾ ਕੀਤੀ, ਜੋ ਇਸ ਅਸਥਾਨ ਦੇ ਰਹਿਣ ਵਾਲੇ ਸਨ। ਗੁਰੂ ਨਾਨਕ ਸਾਹਿਬ ਦੀ ਆਮਦ ਦੀ ਯਾਦ ਵਿਚ ਪ੍ਰੇਮੀ ਗੁਰਸਿੱਖਾਂ ਵੱਲੋਂ ਗੁਰਦੁਆਰਾ ਸਾਹਿਬ ਦੀ ਇਮਾਰਤ ਤੇ ਸਰੋਵਰ ਦਾ ਨਿਰਮਾਣ ਕਰਵਾਇਆ ਗਿਆ। ਬਹੁ-ਮੰਜ਼ਲੀ ਸ਼ਾਨਦਾਰ ਇਮਾਰਤ ਦੂਰ ਤੋਂ ਹੀ ਦਿਖਾਈ ਦਿੰਦੀ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਮਹਿਰਾਜ ਦੀ ਜੰਗ ਜਿੱਤਣ ਉਪਰੰਤ ਦਸੰਬਰ, ੧੬੩੪ ਈ: ਵਿਚ ਅਸਥਾਨ 'ਤੇ ਆਏ। ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਪਾਤਸ਼ਾਹੀ ਛੇਵੀਂ ਦੀ ਨਵੀਂ ਇਮਾਰਤ ੧੯੯੭ ਈ: ਵਿਚ ਹੀ ਸੰਪੂਰਨ ਹੋਈ ਹੈ।



ਗੁਰਦੁਆਰਾ ਪਾ: ਦਸਵੀਂ, ਤਖਤੂਪੁਰਾ

# ਗੁਰਦੁਆਰਾ 'ਲੋਹਗੜ੍ਹ ਸਾਹਿਬ' ਦੀਨਾ ਕਾਂਗੜ

## (ਮੋਗਾ) ਪੰਜਾਬ

ਦਸਮੇਸ਼ ਪਿਤਾ, ਗੁਰੂ ਗੋਬਿੰਦ ਸਿੰਘ ਜੀ ਦੀ ਚਰਨ-ਛੋਹ ਪ੍ਰਾਪਤ ਧਰਤ 'ਤੇ ਸੁਭਾਇਮਾਨ ਹੈ, ਇਤਿਹਾਸਕ ਗੁਰੂ-ਘਰ, 'ਲੋਹਗੜ੍ਹ ਸਾਹਿਬ' ਦੀਨਾ ਕਾਂਗੜ । ਦਸੰਬਰ-੧੭੦੫ ਈ: ਵਿਚ ਗੁਰੂ ਜੀ ਤਖ਼ਤੂਪੁਰੇ ਤੋਂ ਹੁੰਦੇ ਹੋਏ ਇਸ ਪਿੰਡ ਵਿਚ ਆਏ। ਗੁਰੂ ਹਰਿਗੋਬਿੰਦ ਸਾਹਿਬ ਦੇ ਪ੍ਰੇਮੀ ਗੁਰਸਿੱਖ ਭਾਈ ਰਾਇ ਜੋਧ ਦੇ ਪੋਤਰੇ ਚੌਧਰੀ ਲਖਮੀਰ ਤੇ ਚੌਧਰੀ ਸ਼ਮੀਰ ਇਥੋਂ ਦੇ ਰਹਿਣ ਵਾਲੇ ਸਨ । ਭਾਈ ਰੂਪੇ ਦਾ ਪਰਵਾਰ ਵੀ ਇਸ ਨਗਰ ਦਾ ਰਹਿਣ ਵਾਲਾ ਸੀ । ਪ੍ਰੇਮੀ ਗੁਰਸਿੱਖਾਂ ਨੇ ਗੁਰੂ ਜੀ ਦਾ ਬਹੁਤ ਆਦਰ-ਸਤਿਕਾਰ ਕੀਤਾ ਅਤੇ ਬਹੁਤ ਸਾਰੀਆਂ ਕੀਮਤੀ ਵਸਤਾਂ··· ਚੰਗੇ ਘੋੜੇ, ਗੁਰੂ ਜੀ ਦੀ ਸੇਵਾ ਵਿਚ ਅਰਪਿਤ ਕੀਤੇ । ਗੁਰੂ ਜੀ ਨੇ ਕਾਫੀ ਦਿਨ ਆਪਣੇ ਪ੍ਰੇਮੀ ਗੁਰਸਿੱਖਾਂ ਪਾਸ ਨਿਵਾਸ ਕੀਤਾ ।



ਗੁਰੂ ਜੀ ਦੇ ਨਿਵਾਸ ਅਸਥਾਨ 'ਤੇ ਪ੍ਰੇਮੀ ਗੁਰਸਿੱਖਾਂ ਨੇ ਯਾਦਗਾਰੀ ਗੁਰਦੁਆਰੇ ਦਾ ਨਿਰਮਾਣ ਕਾਰਜ ਕਰਵਾਇਆ । ਇਸ ਧਾਰਮਕ ਅਸਥਾਨ ਦੇ ਵਿਕਾਸ ਲਈ ਮਹਾਰਾਜਾ ਰਣਜੀਤ ਸਿੰਘ, ਰਿਆਸਤ ਨਾਭਾ ਤੇ ਫਰੀਦਕੋਟ ਨੇ ਸਮੇਂ-ਸਮੇਂ ਯੋਗਦਾਨ ਪਾਇਆ । ਫਰੀਦਕੋਟ ਰਿਆਸਤ ਦੇ ਰਾਜਾ ਹਰਿੰਦਰ ਸਿੰਘ ਨੇ ੧੯੩੪ ਈ: ਵਿਚ ਗੁਰਦੁਆਰਾ ਸਾਹਿਬ ਦੀ ਨਵ-ਉਸਾਰੀ ਕਰਵਾਈ । ਆਧੁਨਿਕ ਆਲੀਸ਼ਾਨ ਇਮਾਰਤ ਦਾ ਨਿਰਮਾਣ ਕਾਰਜ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਕਾਰ ਸੇਵਾ ਵਾਲੇ ਬਾਬਿਆਂ ਰਾਹੀਂ ੧੯੮੦ ਈ: ਨੂੰ ਆਰੰਭ ਕਰਵਾਇਆ । ਇਸ ਅਸਥਾਨ ਦਾ ਪ੍ਰਬੰਧ, ਪਹਿਲਾਂ ਨਿਰਮਲੇ ਸਿੱਖ ਕਰਦੇ ਸਨ, ਹੁਣ ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਲੋਕਲ ਕਮੇਟੀ ਰਾਹੀਂ ਕਰਦੀ ਹੈ।

ਇਸ ਅਸਥਾਨ ਤੋਂ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੂੰ ਫ਼ਾਰਸੀ ਭਾਸ਼ਾ ਵਿਚ ਜ਼ਫ਼ਰਨਾਮਾ (ਫਤਹਿ ਨਾਮਾ) ਲਿਖਿਆ ਅਤੇ ਪਿਆਰੇ ਭਾਈ ਦਇਆ ਸਿੰਘ ਦੇ ਹੱਥ ਔਰੰਗਜ਼ੇਬ ਪਾਸ ਪਹੁੰਚਾਇਆ । ਗੁਰੂ ਜੀ ਦੀ ਆਮਦ ਦੀ ਖ਼ਬਰ ਸੁਣ ਕੇ ਬਹੁਤ ਸਾਰੇ ਪ੍ਰੇਮੀ ਗੁਰਸਿੱਖ ਦੂਰ-ਨੇੜੇ ਤੋਂ ਸੰਗਤੀ ਰੂਪ ਵਿਚ ਇਥੇ ਜੁੜਨ ਲੱਗੇ । ਰੋਜ਼ਾਨਾ ਦੀਵਾਨ ਸਜਦੇ, ਸਸ਼ਤਰਬਾਜ਼ੀ ਦੇ ਅਭਿਆਸ ਹੁੰਦੇ । ਇਸ ਅਸਥਾਨ 'ਤੇ ਗੁਰੂ ਜੀ ਨੇ 'ਅੰਮ੍ਰਿਤ ਸੰਚਾਰ' ਕਰਵਾ ਕੇ ਕਈ ਪ੍ਰੇਮੀਆਂ ਨੂੰ ਗੁਰੂ-ਪਰਵਾਰ ਦਾ ਮੈਂਬਰ ਬਣਾਇਆ ।

ਇਸ ਅਸਥਾਨ 'ਤੇ ਪਹਿਲੀ, ਪੰਜਵੀਂ ਤੇ ਦਸਵੀਂ ਪਾਤਸ਼ਾਹੀ ਦੇ ਪ੍ਰਕਾਸ਼ ਗੁਰਪੁਰਬ ਤੇ ਸਾਲਾਨਾ ਜੋੜ ਮੇਲਾ ਹਰ ਸਾਲ ੧੩-੧੪ ਜਨਵਰੀ ਨੂੰ ਵਿਸ਼ੇਸ਼ ਰੂਪ ਵਿਚ ਮਨਾਏ ਜਾਂਦੇ ਹਨ।

ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਸੁਚੱਜਾ ਪ੍ਰਬੰਧ ਹੈ। ਰਿਹਾਇਸ਼ ਵਾਸਤੇ ੧੦ ਕਮਰੇ ਬਣੇ ਹੋਏ ਹਨ । ਇਹ ਅਸਥਾਨ ਪਿੰਡ ਦੀਨਾ ਕਾਂਗੜ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਵਿਚ, ਨਿਹਾਲ ਸਿੰਘ ਵਾਲਾ ਤੋਂ ੧੦ ਕਿਲੋਮੀਟਰ ਦੀ ਦੂਰੀ 'ਤੇ ਬਰਨਾਲਾ-ਭਗਤਾ ਸੜਕ 'ਤੇ ਸਥਿਤ ਹੈ ।

# ਗੁਰਦੁਆਰਾ ਪਾਤਸ਼ਾਹੀ ਛੇਵੀਂ, ਠੱਟਾ

## (ਫਿਰੋਜ਼ਪੁਰ) ਪੰਜਾਬ



ਗੁਰਦੁਆਰਾ ਪਾਤਸ਼ਾਹੀ ਛੇਵੀਂ (ਠੱਟਾ) ਗੁਰੂ ਹਰਿਗੋਬਿੰਦ ਸਾਹਿਬ ਦੀ ਪਾਵਨ ਯਾਦ ਵਿਚ ਸੁਸ਼ੋਭਿਤ ਹੈ। ਗੁਰੂ ਜੀ ਅੰਮ੍ਰਿਤਸਰ ਸਾਹਿਬ ਤੋਂ ਡਰੋਲੀ ਭਾਈ ਜਾਣ ਸਮੇਂ ਦੋ ਵਾਰ ਇਥੇ ਰੁਕੇ ਸਨ, ਪਹਿਲੀ ਵਾਰ ੧੬੧੨ ਈ: ਵਿਚ ਤੇ ਦੂਸਰੀ ਵਾਰ ੧੬੩੧ ਈ: ਵਿਚ।

ਗੁਰੂ ਹਰਿਗੋਬਿੰਦ ਸਾਹਿਬ ਦੀ ਆਮਦ ਦੀ ਯਾਦ ਵਿਚ ਪ੍ਰੇਮੀ ਗੁਰਸਿੱਖਾਂ ਨੇ ਯਾਦਗਾਰ ਦਾ ਨਿਰਮਾਣ ਕਰਵਾਇਆ। ਸ੍ਰ: ਸੇਵਾ ਸਿੰਘ ਤੇ ਸ੍ਰ: ਜੱਸਾ ਸਿੰਘ ਨੇ ਸੰਗਤਾਂ ਨੂੰ ਪ੍ਰੇਰ ਕੇ ਯਾਦਗਾਰੀ ਸਥਾਨ 'ਤੇ ਗੁਰਦੁਆਰਾ ਸਾਹਿਬ ਦੀ ਇਮਾਰਤ ਬਣਵਾਈ। ਫਿਰ ਬਾਬਾ ਖੜਕ ਸਿੰਘ ਜੀ ਨੇ ੧੬ ਹਾੜ, ਸੰਮਤ ੧੯੯੨ ਮੁਤਾਬਿਕ ਪਹਿਲੀ ਜੁਲਾਈ, ੧੯੩੫ ਈ: ਨੂੰ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦੀ ਨੀਂਹ ਰੱਖੀ।

ਗੁਰਦੁਆਰਾ ਸਾਹਿਬ ਪਿੰਡ ਤੋਂ ਇਕ ਕਿਲੋਮੀਟਰ ਬਾਹਰ ਹੈ। ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਲੋਕਲ ਕਮੇਟੀ ਰਾਹੀਂ ਕਰਦੀ ਹੈ।

ਇਸ ਅਸਥਾਨ 'ਤੇ ਪਹਿਲੀ, ਪੰਜਵੀਂ, ਛੇਵੀਂ ਤੇ ਦਸਵੀਂ ਪਾਤਸ਼ਾਹੀ ਦੇ ਪ੍ਰਕਾਸ਼ ਦਿਵਸ ਵਿਸ਼ੇਸ਼ ਰੂਪ ਵਿਚ ਮਨਾਏ ਜਾਂਦੇ ਹਨ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਪ੍ਰਬੰਧ ਵਧੀਆ ਹੈ।

ਇਹ ਅਸਥਾਨ ਪਿੰਡ ਠੱਟਾ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਵਿਚ ਮਖੂ ਰੇਲਵੇ ਸਟੇਸ਼ਨ ਅਤੇ ਬੱਸ ਸਟੈਂਡ ਜ਼ੀਰਾ ਤੋਂ ੧੨ ਕਿਲੋਮੀਟਰ ਦੀ ਦੂਰੀ 'ਤੇ ਜ਼ੀਰਾ-ਫਿਰੋਜ਼ਪੁਰ ਰੋਡ 'ਤੇ ਸਥਿਤ ਹੈ।

# ਗੁਰਦੁਆਰਾ ਗੁਰੂ-ਸਰ ਬਾਜ਼ੀਦਪੁਰ

## (ਫਿਰੋਜ਼ਪੁਰ) ਪੰਜਾਬ



ਦਸਮੇਸ਼ ਪਿਤਾ, ਗੁਰੂ ਗੋਬਿੰਦ ਸਿੰਘ ਜੀ ਦਾ ਪਾਵਨ ਚਰਨ-ਛੋਹ ਪ੍ਰਾਪਤ ਗੁਰਦੁਆਰਾ ਗੁਰੂ-ਸਰ ਬਾਜ਼ੀਦਪੁਰ, ਜ਼ਿਲ੍ਹਾ ਫਿਰੋਜ਼ਪੁਰ ਦਾ ਪ੍ਰਮੁੱਖ ਧਾਰਮਿਕ-ਇਤਿਹਾਸਕ ਅਸਥਾਨ ਹੈ। ਗੁਰਦੇਵ ਮੁਕਤਸਰ ਦੇ ਯੁੱਧ ਤੋਂ ਬਾਅਦ ਮਾਲਵੇ ਦੇਸ਼ ਦਾ ਉਧਾਰ ਕਰਦੇ ਹੋਏ ਇਥੇ ਪਹੁੰਚੇ।

ਕਿਹਾ ਜਾਂਦਾ ਹੈ ਕਿ ਇਸ ਅਸਥਾਨ 'ਤੇ ਗੁਰੂ ਜੀ ਨੇ ਬਾਜ਼ ਤੋਂ ਤਿੱਤਰ ਦਾ ਸ਼ਿਕਾਰ ਕਰਵਾਇਆ, ਜਿਸ ਕਰਕੇ ਇਸ ਅਸਥਾਨ ਨੂੰ 'ਤਿੱਤਰ-ਸਰ' ਵੀ ਕਿਹਾ ਜਾਂਦਾ ਹੈ।

ਇਸ ਗੁਰ-ਅਸਥਾਨ ਦੀ ਸੇਵਾ ਸਭ ਤੋਂ ਪਹਿਲਾਂ ਸ੍ਰ: ਬਿਸ਼ਨ ਸਿੰਘ ਜੀ ਆਹਲੂਵਾਲੀਆ ਨੇ ਕਰਵਾਈ, ਜੋ ਮਹਾਰਾਜਾ ਰਣਜੀਤ ਸਿੰਘ ਦੇ ਅਹਿਲਕਾਰ ਸਨ। ਫਿਰ ਫ਼ਰੀਦਕੋਟ ਦੇ ਮਹਾਰਾਜਾ ਬਰਜਿੰਦਰ ਸਿੰਘ ਜੀ ਦੀ ਮਾਤਾ ਨਰੇਂਦਰ ਕੌਰ ਨੇ ਸੁੰਦਰ ਇਮਾਰਤ ਦਾ ਨਿਰਮਾਣ ਕਰਵਾਇਆ। ਹੁਣ ਗੁਰਦੁਆਰਾ ਸਾਹਿਬ ਦੀ ਨਵੀਂ ਪੰਜ-ਮੰਜ਼ਲਾ ਇਮਾਰਤ ਬਣਾਈ ਗਈ ਹੈ ਜੋ ੧੯੮੫ ਈ: 'ਚ ਪੂਰੀ ਹੋਈ ਹੈ।

ਗੁਰਦੁਆਰਾ ਗੁਰੂ-ਸਰ ਬਾਜ਼ੀਦਪੁਰ ਪਿੰਡ ਬਾਜ਼ੀਦਪੁਰ ਤਹਿਸੀਲ  ਜ਼ਿਲ੍ਹਾ ਫਿਰੋਜ਼ਪੁਰ ਵਿਚ ਫਿਰੋਜ਼ਪੁਰ ਰੇਲਵੇ ਸਟੇਸ਼ਨ ਤੇ ਬੱਸ ਸਟੈਂਡ ਤੋਂ ੮ ਕਿਲੋਮੀਟਰ ਦੀ ਦੂਰੀ 'ਤੇ ਫ਼ਿਰੋਜ਼ਪੁਰ-ਮੋਗਾ ਰੋਡ 'ਤੇ ਸਥਿਤ ਹੈ। ਯਾਤਰੂਆਂ ਦੀ ਰਿਹਾਇਸ਼ ਵਾਸਤੇ ੪ ਕਮਰੇ ਹਨ। ਲੰਗਰ-ਪ੍ਰਸ਼ਾਦਿ ਦਾ ਵੀ ਵਧੀਆ ਪ੍ਰਬੰਧ ਹੈ।

# ਸ੍ਰੀ ਦਰਬਾਰ ਸਾਹਿਬ, ਮੁਕਤਸਰ ਸਾਹਿਬ

## (ਮੁਕਤਸਰ) ਪੰਜਾਬ

ਸ੍ਰੀ ਦਰਬਾਰ ਸਾਹਿਬ, ਮੁਕਤਸਰ ਸਾਹਿਬ ਉਹ ਪਵਿੱਤਰ ਧਰਤੀ ਹੈ, ਜਿਸ ਸਥਾਨ 'ਤੇ ਸਾਹਿਬੇ-ਕਮਾਲ, ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਜ਼ੁਲਮੋ-ਸਿਤਮ ਦੇ ਵਿਰੁੱਧ ਆਖਰੀ ਧਰਮ ਯੁੱਧ 'ਤੇ ਫਤਹਿ ਪ੍ਰਾਪਤ ਕੀਤੀ। ਇਸ ਸਥਾਨ ਦਾ ਪਹਿਲਾ ਨਾਂ ਖਿਦਰਾਣੇ ਦੀ ਢਾਬ ਸੀ । ਗੁਰਦੇਵ-ਪਿਤਾ ਚਮਕੌਰ ਦੀ ਜੰਗ ਤੋਂ ਮਾਛੀਵਾੜੇ, ਆਲਮਗੀਰ, ਰਾਏਕੋਟ, ਦੀਨੇ ਕਾਂਗੜ, ਕੋਟ ਕਪੂਰੇ ਹੁੰਦੇ ਹੋਏ ਇਥੇ ਪਹੁੰਚੇ। ਦੁਸ਼ਮਣ ਦਲ ਵੀ ਗੁਰਦੇਵ ਦਾ ਪਿੱਛਾ ਕਰਦੇ ਇਥੇ ਪਹੁੰਚ ਗਏ। ਇਸ ਸਥਾਨ 'ਤੇ ੨੧ ਵੈਸਾਖ, ੧੭੬੨ ਬਿ: (੧੭੦੫ ਈ:) ਨੂੰ ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਂ ਦੀ ਸ਼ਾਹੀ ਫ਼ੌਜ ਨਾਲ ਯੁੱਧ ਹੋਇਆ। ਇਸ ਯੁੱਧ ਸਮੇਂ ਉਹ ਸਿੰਘ ਵੀ ਸ਼ਹਾਦਤਾਂ ਦਾ ਜਾਮ ਪੀ ਗਏ, ਜੋ ਗੁਰੂ ਜੀ ਨੂੰ ਸ੍ਰੀ ਅਨੰਦਪੁਰ ਸਾਹਿਬ ਦੇ ਘੇਰੇ ਸਮੇਂ ਬੇਦਾਵਾ ਦੇ ਆਏ ਸਨ ਅਤੇ ਉਨ੍ਹਾਂ ਨੂੰ 'ਮਨਮੁਖ' ਤੋਂ 'ਗੁਰਮੁਖ' ਹੋਣ ਲਈ ਸ਼ਹਾਦਤਾਂ ਪ੍ਰਾਪਤ ਕਰਨੀਆਂ ਪਈਆਂ। ਮਾਈ ਭਾਗੋ ਵੀ ਇਸ ਯੁੱਧ ਸਮੇਂ ਗੰਭੀਰ ਜ਼ਖ਼ਮੀ ਹੋ ਗਏ ਜੋ ਸਿਹਤਯਾਬ ਹੋਣ ਉਪਰੰਤ ਆਖ਼ਰੀ ਦਮ ਤਕ ਗੁਰੂ-ਚਰਨਾਂ ਵਿਚ ਰਹੀ।



ਯੁੱਧ ਸਮਾਪਤੀ 'ਤੇ ਗੁਰੂ ਜੀ ਖੁਦ ਸ਼ਹੀਦ ਸਿੰਘਾਂ ਪਾਸ ਗਏ ਤੇ ਉਨ੍ਹਾਂ ਨੂੰ ਵਰਦਾਨ ਤੇ ਸਨਮਾਨ ਬਖ਼ਸ਼ਿਸ਼ ਕਰਦਿਆਂ ਨਿਵਾਜਿਆ। ਗੁਰੂ ਜੀ ਨੇ ਸਨਮੁਖ ਹੋਇਆਂ ਨੂੰ ਜਨਮ-ਮਰਨ ਤੋਂ ਮੁਕਤ ਕਰਦਿਆਂ, ਗੁਰ-ਸਿੱਖੀ ਮਾਰਗ ਦੇ ਮਾਰਗ ਦਰਸ਼ਕ ਬਣਾਇਆ। ਗੁਰਸਿੱਖਾਂ ਦੇ ਬੰਧਨ ਮੁਕਤ ਹੋਣ ਕਰਕੇ ਹੀ ਇਹ ਜਗ੍ਹਾ 'ਮੁਕਤਸਰ' ਦੇ ਨਾਮ ਨਾਲ ਪ੍ਰਸਿੱਧ ਹੋਈ। ਗੁਰੂ ਜੀ ਨੇ ਇਸ ਯੁੱਧ ਪਿੱਛੋਂ ਗੁਰੂ-ਕਾਸ਼ੀ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਥਾਨ ਨੂੰ ਚਰਨ-ਛੋਹ ਬਖ਼ਸ਼ਿਸ਼ ਕੀਤੀ।

ਸਤਿਗੁਰਾਂ ਦੀ ਆਮਦ ਤੇ ਸ਼ਹੀਦ ਸਿੰਘਾਂ ਦੀ ਯਾਦ ਵਿਚ ਗੁਰਦੁਆਰਾ

ਸ੍ਰੀ ਦਰਬਾਰ ਸਾਹਿਬ ਮੁਕਤਸਰ ਦੀ ਬਹੁਤ ਸੁੰਦਰ-ਸੁਹਾਵਣੀ ਦੋ ਮੰਜ਼ਲੀ ਇਮਾਰਤ ਉਸਾਰੀ ਅਧੀਨ ਹੈ। ਇਸ ਸਥਾਨ ਦੀ ਸਭ ਤੋਂ ਪਹਿਲਾਂ ਭਾਈ ਦੇਸਾ ਸਿੰਘ ਤੇ ਭਾਈ ਲਾਲ ਸਿੰਘ ਕੈਂਥਲ ਵਾਲਿਆਂ ਸੇਵਾ ਕਰਵਾਈ। ਪਿੱਛੋਂ ਸ਼ੇਰੇ ਪੰਜਾਬ, ਮਹਾਰਾਜਾ ਰਣਜੀਤ ਸਿੰਘ ਦੇ ਮਹਾਨ ਜਰਨੈਲ ਹਰੀ ਸਿੰਘ ਨਲਵੇ ਨੇ ਕਾਰ ਸੇਵਾ ਕਰ ਗੁਰੂ-ਘਰ ਦੀ ਖ਼ੁਸ਼ੀ ਪ੍ਰਾਪਤ ਕੀਤੀ। ਹੁਣ ਬਹੁਤ ਸੁੰਦਰ ਵੱਡਾ ਸਰੋਵਰ ਬਣਿਆ ਹੋਇਆ ਹੈ। ਇਸ ਸਥਾਨ 'ਤੇ ਸਾਰੇ ਗੁਰਪੁਰਬ ਮਨਾਏ ਜਾਂਦੇ ਹਨ। ਵਿਸ਼ੇਸ਼ ਕਰ ਕੇ ਸ਼ਹੀਦ ਸਿੰਘਾਂ ਦੀ ਯਾਦ ਵਿਚ ਜੋੜ-ਮੇਲਾ ਮਾਘੀ ਨੂੰ ਵਿਸ਼ੇਸ਼ ਤੌਰ 'ਤੇ ਮਨਾਇਆ ਜਾਂਦਾ ਹੈ। ਚਰਨ-ਧੂੜ ਪਰਸਣ ਲਈ ਹਜ਼ਾਰਾਂ ਯਾਤਰੂ ਆਉਂਦੇ ਹਨ।

ਗੁਰਦੁਆਰਾ ਤੰਬੂ ਸਾਹਿਬ, ਗੁ: ਸ਼ਹੀਦਗੰਜ, ਗੁ: ਟਿੱਬੀ ਸਾਹਿਬ, ਗੁ: ਰਕਾਬਸਰ ਆਦਿ ਇਤਿਹਾਸਕ ਸਥਾਨ ਦੇਖਣ ਯੋਗ ਹਨ। ਆਈਆਂ ਸੰਗਤਾਂ ਲਈ ਹਰ ਸਮੇਂ ਰਿਹਾਇਸ਼, ਲੰਗਰ ਪ੍ਰਸ਼ਾਦਿ ਦੀ ਸਹੂਲਤ ਹੈ। ਰਿਹਾਇਸ਼ ਵਾਸਤੇ ੩੦ ਕਮਰੇ, ਹਾਲ ਤੇ ਚਾਰ ਰੈਸਟ ਹਾਊਸ ਬਣੇ ਹਨ। ਗੁਰਮਤਿ ਪ੍ਰਚਾਰ ਲਈ ਲਾਇਬ੍ਰੇਰੀ ਵੀ ਹੈ।

ਇਹ ਪਾਵਨ ਇਤਿਹਾਸਕ ਸਥਾਨ ਹੁਣ ਪੰਜਾਬ ਦੇ ਜ਼ਿਲ੍ਹਾ ਹੈੱਡ ਕੁਆਰਟਰ ਮੁਕਤਸਰ ਵਿਚ ਸਥਿਤ ਹੈ, ਜੋ ਬਠਿੰਡਾ, ਕੋਟ ਕਪੂਰਾ, ਮਲੋਟ, ਜਲਾਲਾਬਾਦ, ਅਬੋਹਰ ਆਦਿ ਸ਼ਹਿਰਾਂ ਨਾਲ ਸੜਕੀ ਮਾਰਗ 'ਤੇ ਬਠਿੰਡਾ-ਫਾਜ਼ਿਲਕਾ ਰੇਲਵੇ ਮਾਰਗ ਨਾਲ ਜੁੜਿਆ ਹੈ। ਗੁ: ਸਾਹਿਬ ਰੇਲਵੇ ਸਟੇਸ਼ਨ ਤੇ ਬੱਸ ਸਟੈਂਡ ਤੋਂ ਇਕ ਕਿਲੋਮੀਟਰ ਦੂਰੀ 'ਤੇ ਹੈ।

ਵਧੇਰੇ ਜਾਣਕਾਰੀ ਲਈ ੦੧੬੩੩-੬੨੬੪੫ ਫ਼ੋਨ ਨੰਬਰ ਦੀ ਸਹੂਲਤ ਪ੍ਰਾਪਤ ਹੈ।

# ਗੁਰਦੁਆਰਾ ਗੁਰੂ-ਸਰ ਰੁਪਾਣਾ

## (ਮੁਕਤਸਰ) ਪੰਜਾਬ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਚਰਨ-ਛੋਹ ਦੀ ਯਾਦ ਵਿਚ ਸੁਸ਼ੋਭਿਤ ਹੈ ਗੁਰਦੁਆਰਾ ਗੁਰੂ-ਸਰ ਰੁਪਾਣਾ। ਗੁਰੂ ਗੋਬਿੰਦ ਸਿੰਘ ਜੀ ਵੱਲੋਂ ਜ਼ੁਲਮੋ-ਸਿਤਮ ਦੇ ਖਿਲਾਫ਼ ਖਿਦਰਾਣੇ ਦੀ ਢਾਬ 'ਤੇ ਲੜੀ ਆਖ਼ਰੀ ਲੜਾਈ ਤੋਂ ਬਾਅਦ ੨੫ ਅਪ੍ਰੈਲ, ੧੭੦੬ ਈ: ਵਿਚ ਇਸ ਅਸਥਾਨ 'ਤੇ ਆਏ ਅਤੇ ਬਹੁਤ ਸਾਰੇ ਭੁੱਲੇ ਭਟਕੇ ਲੋਕਾਂ ਨੂੰ 'ਨਾਨਕ ਨਿਰਮਲ ਪੰਥ' ਦੀਆਂ ਵਿਸ਼ੇਸ਼ਤਾਵਾਂ ਤੋਂ ਜਾਣੂ ਕਰਵਾ ਨਾਨਕ ਨਿਰਮਲ ਪੰਥ ਦੇ ਪਾਂਧੀ ਬਣਾਇਆ।

ਪ੍ਰੇਮੀ ਗੁਰਸਿੱਖਾਂ ਨੇ ਕੈਂਪ ਸਥਾਨ 'ਤੇ ਯਾਦਗਾਰ ਦਾ ਨਿਰਮਾਣ ਕਰਵਾਇਆ ਜੋ ਪਿੱਛੋਂ ਗੁਰੂ-ਸਰ ਦੇ ਨਾਮ ਨਾਲ ਪ੍ਰਸਿੱਧ ਹੋਈ। ਗੁਰਦੁਆਰਾ ਗੁਰੂ-ਸਰ ਦੀ ਆਧੁਨਿਕ ਤਿੰਨ ਮੰਜ਼ਲਾ ਇਮਾਰਤ ੧੯੭੧ ਈ: ਵਿਚ ਸ਼ੁਰੂ ਹੋਈ ਸੀ।

ਇਸ ਅਸਥਾਨ 'ਤੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਗੁਰਪੁਰਬ, ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਤੇ ਸਲਾਨਾ ਜੋੜ ਮੇਲਾ ਵਿਸ਼ੇਸ਼ ਰੂਪ ਵਿਚ ਮਨਾਏ ਜਾਂਦੇ ਹਨ।

ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ ਪ੍ਰਸ਼ਾਦਿ ਦਾ ਪ੍ਰਬੰਧ ਹੈ। ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਲੋਕਲ ਕਮੇਟੀ ਰਾਹੀਂ ਕਰਦੀ ਹੈ।



ਗੁਰਦੁਆਰਾ ਗੁਰੂ-ਸਰ ਪਿੰਡ ਰੁਪਾਣਾ, ਤਹਿਸੀਲ/ਜ਼ਿਲ੍ਹਾ ਮੁਕਤਸਰ ਵਿਚ, ਰੇਲਵੇ ਸਟੇਸ਼ਨ ਤੇ ਬੱਸ ਸਟੈਂਡ ਮੁਕਤਸਰ ਤੋਂ ਕੇਵਲ ੮ ਕਿਲੋਮੀਟਰ ਦੀ ਦੂਰੀ 'ਤੇ ਮੁਕਤਸਰ-ਮਲੋਟ ਰੋਡ 'ਤੇ ਸਥਿਤ ਹੈ।

# ਗੁਰਦੁਆਰਾ ਸ਼ਹੀਦਾਂ ਲੱਧੇਵਾਲ ਮਾਹਿਲਪੁਰ

## (ਹੁਸ਼ਿਆਰਪੁਰ) ਪੰਜਾਬ



ਗੁਰਦੁਆਰਾ ਸ਼ਹੀਦਾਂ (ਲੱਧੇਵਾਲ) ਮਾਹਿਲਪੁਰ, ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਵੱਲੋਂ ਕੀਤੇ ਮਹਾਨ ਪਰਉਪਕਾਰੀ ਕਾਰਜ ਦੀ ਯਾਦ ਤਾਜ਼ਾ ਕਰਵਾਉਂਦਾ ਹੈ। ਬਲਵਾੜੇ ਦੇ ਵਸਨੀਕ ਬ੍ਰਾਹਮਣ ਦੀਆਂ ਦੋ ਲੜਕੀਆਂ ਵਿਆਹ ਪਿੱਛੋਂ ਜੇਜੋਂ ਨੂੰ ਜਾ ਰਹੀਆਂ ਸਨ ਕਿ ਰਸਤੇ ਵਿਚ ਬਸੀਕਲਾਂ ਦੇ ਪਠਾਣ ਹਾਕਮ ਨੇ ਜ਼ਬਰਦਸਤੀ ਆਪਣੇ ਕਬਜ਼ੇ ਵਿਚ ਕਰ ਲਈਆਂ। ਬ੍ਰਾਹਮਣ ਨੇ ਦਸਮੇਸ਼ ਪਿਤਾ ਦੇ ਦਰਬਾਰ ਵਿਚ ਹਾਜ਼ਰ ਹੋ ਕੇ ਦਰਦ-ਭਰੀ ਦਾਸਤਾਂ ਬਿਆਨ ਕੀਤੀ। ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਦੀ ਪਾਲਣਾ ਕਰਦਿਆਂ ਬਾਬਾ ਅਜੀਤ ਸਿੰਘ ਜੀ ਨੇ ਸਿੰਘਾਂ ਦੇ ਇਕ ਜਥੇ ਸਮੇਤ ਸੰਮਤ ੧੭੫੭ (੧੭੦੦ ਈ:) ਵਿਚ ਹਾਕਮ ਜ਼ਾਬਰ ਖ਼ਾਂ ਨੂੰ ਮੈਦਾਨੇ-ਜੰਗ ਵਿਚ ਮਾਰ ਮੁਕਾਇਆ ਤੇ ਲੜਕੀਆਂ ਨੂੰ ਉਨ੍ਹਾਂ ਦੇ ਪਿਤਾ ਦੇ ਸਪੁਰਦ ਕੀਤਾ। ਇਸ ਧਰਮ ਕਾਰਜ ਵਿਚ ਕੁਝ ਸਿੰਘ ਵੀ ਸ਼ਹੀਦ ਹੋਏ, ਜਿਨ੍ਹਾਂ ਦੀ ਯਾਦ ਵਿਚ 'ਗੁਰਦੁਆਰਾ ਸ਼ਹੀਦਾਂ' ਸੁਭਾਇਮਾਨ ਹੈ। ਕਿਹਾ ਜਾਂਦਾ ਹੈ ਕਿ ਬਾਬਾ ਅਜੀਤ ਸਿੰਘ ਜੀ ਨੇ ਆਪਣੇ ਹੱਥੀਂ ਸ਼ਹੀਦ ਸਿੰਘਾਂ ਦੇ ਸਸਕਾਰ ਇਸ ਜਗ੍ਹਾ 'ਤੇ ਕੀਤੇ।

ਸ਼ਹੀਦ ਸਿੰਘਾਂ ਦੀ ਯਾਦ ਵਿਚ ਪ੍ਰੇਮੀ ਗੁਰਸਿੱਖਾਂ ਵੱਲੋਂ ਅਮਰ ਯਾਦਗਾਰ ਸਥਾਪਤ ਕਰਨ ਲਈ ਗੁਰਦੁਆਰਾ ਸਾਹਿਬ ਦੀ ਸੁੰਦਰ ਇਮਾਰਤ ਦਾ ਨਿਰਮਾਣ ਕਰਵਾਇਆ ਗਿਆ। ਗੁਰੂ ਨਾਨਕ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਗੁਰਪੁਰਬ ਤੋਂ ਇਲਾਵਾ ਸ਼ਹੀਦ ਸਿੰਘਾਂ ਦਾ ਸ਼ਹੀਦੀ ਜੋੜ-ਮੇਲਾ ਸ਼ਰਧਾ ਸਤਕਾਰ ਸਹਿਤ ਮਨਾਇਆ ਜਾਂਦਾ ਹੈ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਤੇ ਰਿਹਾਇਸ਼ ਦਾ ਸੋਹਣਾ ਪ੍ਰਬੰਧ ਹੈ। ਰਿਹਾਇਸ਼ ਵਾਸਤੇ ਸਾਫ-ਸੁਥਰੇ ੨੦ ਕਮਰੇ ਹਨ। ਇਸ ਇਤਿਹਾਸਕ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਹੈ।

'ਗੁਰਦੁਆਰਾ ਸ਼ਹੀਦਾਂ' ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਮਾਹਿਲਪੁਰ ਵਿਚ ਹੁਸ਼ਿਆਰਪੁਰ-ਗੜ੍ਹਸ਼ੰਕਰ-ਚੰਡੀਗੜ੍ਹ ਰੋਡ 'ਤੇ ਹੁਸ਼ਿਆਰਪੁਰ ਤੋਂ ੧੨ ਕਿਲੋਮੀਟਰ ਤੇ ਗੜ੍ਹਸ਼ੰਕਰ ਤੋਂ ੨੦ ਕਿਲੋਮੀਟਰ ਦੀ ਦੂਰੀ 'ਤੇ ਮਾਹਿਲਪੁਰ-ਕੁਹਾੜਪੁਰ ਲਿੰਕ ਰੋਡ 'ਤੇ ਸ਼ੋਭਨੀਕ ਹੈ।

ਵਧੇਰੇ ਜਾਣਕਾਰੀ ੦੧੮੮੪-੪੫੪੪੩ ਫ਼ੋਨ ਨੰਬਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਗੁਰਦੁਆਰਾ ਸ੍ਰੀ ਗਰਨਾ ਸਾਹਿਬ

## (ਹੁਸ਼ਿਆਰਪੁਰ) ਪੰਜਾਬ

ਇਹ ਪਾਵਨ ਅਸਥਾਨ ਮੀਰੀ-ਪੀਰੀ ਦੇ ਮਾਲਕ ਸਤਿਗੁਰੂ, ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਸੰਬੰਧਤ ਹੈ । ਗੁਰੂ ਹਰਿਗੋਬਿੰਦ ਸਾਹਿਬ ਕਰਤਾਰਪੁਰ ਤੋਂ ਸ਼ਿਕਾਰ ਖੇਡਦੇ ਬੋਦਲ ਪਿੰਡ ਦੇ ਨਜ਼ਦੀਕ ਪਹੁੰਚੇ ਤੇ ਕੁਝ ਸਮੇਂ ਲਈ ਗਰਨੇ ਦੇ ਦਰੱਖ਼ਤ ਹੇਠ ਬਿਰਾਜੇ । ਇਹ ਇਲਾਕਾ ਉਸ ਸਮੇਂ ਗਰਨੇ ਦੇ ਦਰੱਖ਼ਤਾਂ ਨਾਲ ਭਰਪੂਰ ਸੀ । ਇਸ ਅਸਥਾਨ 'ਤੇ ਹੀ ਗੁਰੂ ਜੀ ਨੇ ਪਿੰਡ ਬੋਦਲ ਦੇ 'ਚੂਹੜ-ਮਿਰਾਸੀ' ਨੂੰ ਰੱਬੀ ਬਾਣੀ ਦਾ ਕੀਰਤਨ ਕਰਨ ਲਈ ਕਿਹਾ ਅਤੇ ਉਸ ਨੂੰ ਕੀਰਤਨ ਕਰਨ ਲਈ ਗੁਰੂ ਜੀ ਨੇ ਰਬਾਬ ਦੀ ਬਖਸ਼ਿਸ਼ ਕੀਤੀ । ਗੁਰੂ ਜੀ ਇਥੋਂ ਹਰਿਗੋਬਿੰਦਪੁਰ ਦੇ ਅਸਥਾਨ 'ਤੇ ਪਹੁੰਚੇ ।



ਇਸ ਅਸਥਾਨ ਦੀ ਸੇਵਾ ਪਹਿਲਾਂ ਸਰਦਾਰ ਜੋਧ ਸਿੰਘ ਨੇ ਕਰਵਾਈ। ਕਾਫੀ ਸਮਾਂ ਇਹ ਅਸਥਾਨ ਨਿਹੰਗ ਸਿੰਘਾਂ ਦਾ ਪੜਾਅ ਰਿਹਾ । ਨਿਹੰਗ ਸਿੰਘ ਹੀ ਗੁਰ-ਅਸਥਾਨ ਦੀ ਸੇਵਾ-ਸੰਭਾਲ ਕਰਦੇ ਸਨ । ਹੁਣ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਹੈ । ਸ਼੍ਰੋਮਣੀ ਗੁ: ਪ੍ਰ: ਕਮੇਟੀ ਵੱਲੋਂ ਗੁਰਦੁਆਰਾ ਸਾਹਿਬ ਦੀ ਇਮਾਰਤ ੧੯੭੪ ਈ: ਵਿਚ ਬਣਾਈ ਗਈ ਸੀ ।

ਇਸ ਅਸਥਾਨ 'ਤੇ ਪਹਿਲੀ, ਪੰਜਵੀਂ, ਛੇਵੀਂ ਤੇ ਦਸਵੀਂ ਪਾਤਸ਼ਾਹੀ ਦੇ ਆਗਮਨ ਗੁਰਪੁਰਬ ਤੇ ਵਿਸਾਖੀ ਦਾ ਦਿਹਾੜਾ ਵਿਸ਼ੇਸ਼ ਤੌਰ 'ਤੇ ਮਨਾਏ ਜਾਂਦੇ ਹਨ । ਇਹ ਇਤਿਹਾਸਕ ਅਸਥਾਨ ਪਿੰਡ ਬੋਦਲ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਵਿਚ, ਦਸੂਹਾ ਰੇਲਵੇ ਸਟੇਸ਼ਨ ਤੇ ਬੱਸ ਸਟੈਂਡ ਤੋਂ ਲਗਭਗ ੪ ਕਿਲੋਮੀਟਰ ਦੀ ਦੂਰੀ 'ਤੇ ਜਲੰਧਰ-ਪਠਾਨਕੋਟ ਰੋਡ 'ਤੇ ਸਥਿਤ ਹੈ । ਨੇੜੇ ਹੀ ਗੁਰਦੁਆਰਾ ਟੱਕਰ ਸਾਹਿਬ ਨਾਨਕ ਦਰਬਾਰ ਦਰਸ਼ਨ ਕਰਨ ਯੋਗ ਹੈ।

ਯਾਤਰੂਆਂ ਲਈ ਲੰਗਰ-ਪ੍ਰਸ਼ਾਦਿ ਤੇ ਰਿਹਾਇਸ਼ ਦਾ ਪ੍ਰਬੰਧ ਵਧੀਆ ਹੈ । ਰਿਹਾਇਸ਼ ਵਾਸਤੇ ੧੫ ਕਮਰੇ ਬਣੇ ਹੋਏ ਹਨ । ਵਧੇਰੇ ਜਾਣਕਾਰੀ ਲਈ ੦੧੮੮੩-੫੧੦੬੨ ਨੰਬਰ 'ਤੇ ਫ਼ੋਨ ਕੀਤਾ ਜਾ ਸਕਦਾ ਹੈ ।

# ਗੁਰਦੁਆਰਾ ਹਰੀਆਂ ਵੇਲਾਂ, ਬਜਰੌਰ

## (ਹੁਸ਼ਿਆਰਪੁਰ) ਪੰਜਾਬ

ਸ੍ਰੀ ਗੁਰੂ ਹਰਿਰਾਇ ਸਾਹਿਬ ਦੀ ਮੁਬਾਰਕ ਚਰਨ-ਛੋਹ ਪ੍ਰਾਪਤ ਧਰਤ 'ਤੇ ਸੁਭਾਇਮਾਨ ਹੈ, 'ਗੁਰਦੁਆਰਾ ਹਰੀਆਂ ਵੇਲਾਂ'। ਗੁਰੂ ਹਰਿਰਾਇ ਸਾਹਿਬ ਜੀ ਆਪਣੇ ਸੰਗੀ-ਸਾਥੀ, ਗੁਰਸਿੱਖ-ਯੋਧਿਆਂ ਸਮੇਤ, ਲਾਵਲੀ ਤੋਂ ਚਲ ਕੇ ਇਥੇ ਆਏ ਕੁਝ ਸਮਾਂ ਇਥੇ ਨਿਵਾਸ ਕਰ ਇਲਾਕੇ ਵਿਚ 'ਨਾਨਕ ਨਿਰਮਲ ਪੰਥ' ਦਾ ਪ੍ਰਚਾਰ-ਪ੍ਰਸਾਰ ਕੀਤਾ। ਇਲਾਕੇ ਦੀਆਂ ਸੰਗਤਾਂ ਨੇ ਗੁਰੂ ਜੀ ਦਾ ਬਹੁਤ ਆਦਰ-ਮਾਣ, ਸਤਿਕਾਰ ਕੀਤਾ। ਗੁਰੂ-ਘਰ ਦੇ ਪ੍ਰੇਮੀ ਬਾਬਾ ਪਰਜਾਪਤ ਨੇ ਗੁਰੂ-ਘਰ ਦੇ ਘੋੜਿਆਂ ਵਾਸਤੇ ਹਰੀਆਂ ਵੇਲਾਂ ਦਾ ਚਾਰਾ ਲਿਆਂਦਾ। ਗੁਰੂ ਜੀ ਪ੍ਰੇਮੀ-ਗੁਰਸਿੱਖ ਦੀ ਸੇਵਾ ਭਾਵਨਾ ਤੋਂ ਖੁਸ਼ ਹੋਏ ਤੇ ਸੁਭਾਵਿਕ ਬਚਨ ਕੀਤਾ ਕਿ ਇਹ ਅਸਥਾਨ ਹਮੇਸ਼ਾ ਹਰਿਆ-ਭਰਿਆ ਰਹੇਗਾ। ਇਹ ਅਸਥਾਨ ਪਿੰਡ ਚੱਗਰਾਂ, ਬੋਹਣ, ਚੱਬੇਵਾਲ ਅਤੇ ਬਜਰੌਰ ਆਦਿ ਵਿਚਕਾਰ ਹੈ। ਗੁਰੂ-ਘਰ ਦੇ ਆਲੇ-ਦੁਆਲੇ ਅੱਜ ਵੀ ਹਰੀਆਂ ਵੇਲਾਂ ਭਰਪੂਰ ਹਨ ਜਿਸ ਤੋਂ ਗੁਰਦੁਆਰੇ ਦਾ ਨਾਮ ਇਹ ਪ੍ਰਸਿੱਧ ਹੋਇਆ। ਗੁਰਦੁਆਰੇ ਦੇ ਨਾਮ ਸਿੱਖ-ਰਾਜ ਸਮੇਂ ਕੁਝ ਜ਼ਮੀਨ ਜਗੀਰ ਦੇ ਰੂਪ ਵਿਚ ਲਗਵਾਈ ਗਈ। ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨੇ ਵੀ ਆਪਣੇ ਮੁਬਾਰਕ ਚਰਨ ਇਸ ਧਰਤ 'ਤੇ ਪਾਏ ਸਨ।



ਇਸ ਇਤਿਹਾਸਕ ਅਸਥਾਨ 'ਤੇ ਗੁਰੂ ਨਾਨਕ ਦੇਵ ਜੀ, ਗੁਰੂ ਅਰਜਨ ਦੇਵ ਜੀ ਤੇ ਗੁਰੂ ਹਰਿ ਰਾਇ ਸਾਹਿਬ ਜੀ ਦੇ ਪ੍ਰਕਾਸ਼ ਗੁਰਪੁਰਬ ਵਿਸ਼ੇਸ਼ ਰੂਪ ਵਿਚ ਮਨਾਏ ਜਾਂਦੇ ਹਨ। ਖਾਲਸੇ ਦੇ ਸਾਜਣਾ ਦਿਹਾੜੇ 'ਤੇ ਵੀ ਵਿਸ਼ੇਸ਼ ਰੌਣਕਾਂ ਹੁੰਦੀਆਂ ਹਨ। ਯਾਤਰੂਆਂ ਦੀ ਟਹਿਲ ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਵਧੀਆ ਪ੍ਰਬੰਧ ਹੈ। ਰਿਹਾਇਸ਼ ਵਾਸਤੇ ੧੦ ਕਮਰੇ ਬਣੇ ਹੋਏ ਹਨ। ਇਹ ਗੁਰਦੁਆਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ, ਚੁਣੀਆਂ ਹੋਈਆਂ ਕਮੇਟੀਆਂ ਵਿਚ ਆਉਂਦਾ ਹੈ। ਇਸ ਸਮੇਂ ਪ੍ਰਬੰਧ ਤਰਨਾ ਦਲ ਦੇ ਮੁਖੀ ਬਾਬਾ ਨਿਹਾਲ ਸਿੰਘ ਜੀ ਦੀ ਦੇਖ-ਰੇਖ ਹੇਠ ਵਧੀਆ ਚਲ ਰਿਹਾ ਹੈ।

ਇਹ ਅਸਥਾਨ ਪਿੰਡ ਬਜਰੌਰ ਤਹਿਸੀਲ/ਜ਼ਿਲ੍ਹਾ ਹੁਸ਼ਿਆਰਪੁਰ ਵਿਚ ਰੇਲਵੇ ਸਟੇਸ਼ਨ ਤੇ ਬੱਸ ਸਟੈਂਡ ਹੁਸ਼ਿਆਰਪੁਰ ਤੋਂ ੧੧ ਕਿਲੋਮੀਟਰ, ਪਿੰਡ ਚੱਗਰਾਂ ਤੋਂ ੨ ਕਿਲੋਮੀਟਰ ਦੀ ਦੂਰੀ 'ਤੇ ਹੁਸ਼ਿਆਰਪੁਰ-ਗੜ੍ਹਸ਼ੰਕਰ ਰੋਡ ਦੇ ਨਜ਼ਦੀਕ ਸਥਿਤ ਹੈ।

ਵਧੇਰੇ ਜਾਣਕਾਰੀ ੦੧੮੮੨-੨੪੨੨੨ ਫ਼ੋਨ ਨੰਬਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

ਗੁਰਦੁਆਰਾ ਸਾਹਿਬ ਦੀ ਦੋ ਮੰਜ਼ਲੀ ਸੁੰਦਰ ਇਮਾਰਤ ਕੁਦਰਤੀ ਵਾਤਾਵਰਨ ਤੇ ਹਰੀਆਂ ਵੇਲਾਂ ਦਰਮਿਆਨ ਬਹੁਤ ਸੁੰਦਰ ਨਜ਼ਾਰਾ ਪੇਸ਼ ਕਰਦੀ ਹੈ। ਵਾਤਾਵਰਨ ਬਿਲਕੁਲ ਸ਼ਾਂਤ ਹੈ। ਗੁਰਦੁਆਰਾ ਸਾਹਿਬ ਦੇ ਨਾਲ ਸਰੋਵਰ ਵੀ ਬਣਿਆ ਹੋਇਆ ਹੈ।

# ਗੁਰਦੁਆਰਾ ਮੰਜੀ ਸਾਹਿਬ, ਅੰਬਾਲਾ

## (ਅੰਬਾਲਾ) ਹਰਿਆਣਾ

ਗੁਰਦੁਆਰਾ ਮੰਜੀ ਸਾਹਿਬ (ਅੰਬਾਲਾ) ਹਰਿਆਣਾ, ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ-ਛੋਹ ਦੀ ਅਮਰ ਯਾਦਗਾਰ ਵਜੋਂ ਸੋਭਨੀਕ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦੋ ਵਾਰ ਇਥੇ ਮੁਬਾਰਕ ਚਰਨ ਪਾਏ । ਪਹਿਲੀ ਵਾਰ ੧੬੧੨ ਈ: ਵਿਚ ਬਾਦਸ਼ਾਹ ਜਹਾਂਗੀਰ ਨੂੰ ਦਿੱਲੀ ਮਿਲਣ ਜਾਣ ਸਮੇਂ ਤੇ ਦੂਸਰੀ ਵਾਰ ਦਿੱਲੀ ਤੋਂ ਵਾਪਸੀ ਸਮੇਂ ਗੁਰੂ ਜੀ ਨੇ ਇਥੇ ਕੁਝ ਸਮਾਂ ਨਿਵਾਸ ਕੀਤਾ। ਇਥੇ ਵੱਸਣ ਵਾਲੇ ਵਸਨੀਕਾਂ ਨੇ ਗੁਰੂ ਜੀ ਨੂੰ ਪਾਣੀ ਦੀ ਸਮੱਸਿਆ ਤੋਂ ਜਾਣੂ ਕਰਵਾਇਆ। ਗੁਰੂ ਜੀ ਨੇ ਪਾਣੀ ਦੀ ਲੋੜ ਨੂੰ ਪੂਰਿਆਂ ਕਰਨ ਲਈ ਸੰਗਤੀ ਰੂਪ ਵਿਚ ਬਾਉਲੀ ਖੋਦਣ ਦੀ ਸਲਾਹ ਦਿੱਤੀ। ਦਿੱਲੀ ਤੋਂ ਵਾਪਸੀ ਸਮੇਂ ਗੁਰੂ ਜੀ ਇਹ ਜਾਣ ਕੇ ਬਹੁਤ ਖੁਸ਼ ਹੋਏ ਕਿ ਗੁਰਸਿੱਖਾਂ ਨੇ ਮੇਲ-ਮਿਲਾਪ ਨਾਲ ਬਾਉਲੀ ਖੋਦਣ ਦਾ ਕਾਰਜ ਸੰਪੂਰਨ ਕਰ ਲਿਆ ਹੈ।



ਗੁਰਦੇਵ ਪਿਤਾ ਦੀ ਚਰਨ-ਛੋਹ ਪ੍ਰਾਪਤ ਧਰਤ 'ਤੇ ਪ੍ਰੇਮੀ ਗੁਰਸਿੱਖਾਂ ਨੇ ਯਾਦਗਾਰੀ 'ਮੰਜੀ' ਦਾ ਨਿਰਮਾਣ ਕੀਤਾ ਜਿਸ ਤੋਂ ਇਸ ਪਵਿੱਤਰ ਅਸਥਾਨ ਦਾ ਨਾਂ ਗੁਰਦੁਆਰਾ ਮੰਜੀ ਸਾਹਿਬ ਪ੍ਰਸਿੱਧ ਹੋਇਆ। ਗੁਰਦੁਆਰਾ ਸਾਹਿਬ ਵਿਖੇ ਪੁਰਾਤਨ ਬਾਉਲੀ ਹੋਣ ਕਰਕੇ ਇਸ ਅਸਥਾਨ ਨੂੰ ਗੁਰਦੁਆਰਾ ਬਾਉਲੀ ਸਾਹਿਬ ਵੀ ਕਿਹਾ ਜਾਂਦਾ ਹੈ।

ਮਿਸਲਾਂ ਦੇ ਰਾਜ-ਕਾਲ ਸਮੇਂ ਨਿਸ਼ਾਨਵਾਲੀਆਂ ਮਿਸਲ ਦੇ ਸਰਦਾਰ, ਸਰਦਾਰ ਮਿਹਰ ਸਿੰਘ ਨੇ ਬਾਉਲੀ ਦੀ ਸਫਾਈ ਕਰਵਾਈ ਤੇ ਮੰਜੀ ਸਾਹਿਬ ਦੇ ਅਸਥਾਨ 'ਤੇ ਗੁਰਦੁਆਰਾ ਸਾਹਿਬ ਦਾ ਨਿਰਮਾਣ ਕਰਵਾਇਆ।

ਹੁਣ ਇਸ ਇਤਿਹਾਸਕ ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਅਧੀਨ ਹੈ। ਸ਼੍ਰੋਮਣੀ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਦੀ ਨਵੀਂ ਬਣੀ ਆਲੀਸ਼ਾਨ ਇਮਾਰਤ ਸ਼ੋਭਨੀਕ ਹੈ। ਗੁਰਦੁਆਰਾ ਸਾਹਿਬ ਦੇ ਨਾਲ ਸੁੰਦਰ ਸਰੋਵਰ ਹੈ।

ਗੁਰਦੁਆਰਾ ਮੰਜੀ ਸਾਹਿਬ (ਅੰਬਾਲਾ) ਹਰਿਆਣਾ ਰਾਜ ਦੇ ਪ੍ਰਮੁੱਖ ਸ਼ਹਿਰ ਅੰਬਾਲਾ ਦੇ ਰੇਲਵੇ ਸਟੇਸ਼ਨ ਤੋਂ ਦੋ ਕਿਲੋਮੀਟਰ ਤੇ ਬੱਸ ਸਟੈਂਡ ਅੰਬਾਲਾ ਤੋਂ ੨.੫ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਅੰਬਾਲਾ ਉੱਤਰੀ ਰੇਲਵੇ ਦਾ ਅੰਮ੍ਰਿਤਸਰ-ਦਿੱਲੀ, ਚੰਡੀਗੜ੍ਹ-ਦਿੱਲੀ ਆਦਿ ਰੇਲਵੇ ਲਾਈਨਾਂ ਦਾ ਪ੍ਰਮੁੱਖ ਸਟੇਸ਼ਨ ਹੈ। ਅੰਮ੍ਰਿਤਸਰ-ਅੰਬਾਲਾ-ਦਿੱਲੀ ਸ਼ਾਹਰਾਹ 'ਤੇ ਅੰਬਾਲਾ ਸ਼ਹਿਰ ਵਿਚ ਦਾਖਲ ਹੁੰਦਿਆਂ ਹੀ ਗੁਰਦੁਆਰਾ ਸਾਹਿਬ ਦੀ ਦੁੱਧ ਚਿੱਟੀ ਇਮਾਰਤ ਤੇ ਕੇਸਰੀ ਪਰਚਮ ਦੇ ਦਰਸ਼ਨ ਹੁੰਦੇ ਹਨ। ਅੰਬਾਲਾ ਸ਼ਹਿਰ ਵਿਚ ਨਿਮਨਲਿਖਤ ਇਤਿਹਾਸਕ ਅਸਥਾਨ ਦਰਸ਼ਨ ਕਰਨ ਯੋਗ ਹਨ:-

ਗੁਰਦੁਆਰਾ ਸੀਸ ਗੰਜ ਸਾਹਿਬ
ਗੁਰਦੁਆਰਾ ਬਾਦਸ਼ਾਹੀ ਬਾਗ
ਗੁਰਦੁਆਰਾ ਗੋਬਿੰਦ ਪੁਰਾ
ਗੁਰਦੁਆਰਾ ਸ੍ਰੀ ਸਤਿ ਸੰਗਤ ਸਾਹਿਬ

ਇਸ ਇਤਿਹਾਸਕ ਅਸਥਾਨ 'ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਆਗਮਨ ਦਿਹਾੜਾ ਬਹੁਤ ਵੱਡੀ ਪੱਧਰ 'ਤੇ ਮਨਾਇਆ ਜਾਂਦਾ ਹੈ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਸੁਚੱਜਾ ਪ੍ਰਬੰਧ ਹੈ। ਰਿਹਾਇਸ਼ ਵਾਸਤੇ ਵੀ ੧੦ ਕਮਰੇ ਹਨ। ਵਧੇਰੇ ਜਾਣਕਾਰੀ ੦੧੭੧-੪੪੬੯੪੯ ਫੋਨ ਨੰਬਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਗੁਰਦੁਆਰਾ ਪਾਤਸ਼ਾਹੀ ਛੇਵੀਂ, ਥਾਨੇਸਰ

## (ਕੁਰਕੁਸ਼ੇਤਰ) ਹਰਿਆਣਾ



ਮੀਰੀ-ਪੀਰੀ ਦੇ ਮਾਲਕ, ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਾਵਨ ਚਰਨ-ਛੋਹ ਪ੍ਰਾਪਤ ਧਰਤ ਸੁਹਾਵੀ 'ਤੇ ਸੁਸ਼ੋਭਿਤ ਹੈ 'ਗੁਰਦੁਆਰਾ ਪਾਤਸ਼ਾਹੀ ਛੇਵੀਂ (ਥਾਨੇਸਰ) ਕੁਰਕੁਸ਼ੇਤਰ। 'ਕੁਰਕੁਸ਼ੇਤਰ' ਹਰਿਆਣਾ ਰਾਜ ਦਾ ਪੁਰਾਤਨ ਸਮੇਂ ਤੋਂ ਧਾਰਮਿਕ, ਇਤਿਹਾਸਕ, ਰਾਜਨੀਤਿਕ, ਸਮਾਜਿਕ ਗਤੀਵਿਧੀਆਂ ਦਾ ਪ੍ਰਮੁੱਖ ਕੇਂਦਰ ਰਿਹਾ ਹੈ। ਇਹੀ ਕਾਰਨ ਹੈ ਕਿ ਅੱਜ ਵੀ ਹਿੰਦੂ ਦਿਨ-ਦਿਹਾਰਾਂ 'ਤੇ ਹਜ਼ਾਰਾਂ ਦੀ ਗਿਣਤੀ ਵਿਚ ਸ਼ਰਧਾਲੂ ਇਥੇ ਸ਼ਰਧਾ-ਸਤਿਕਾਰ ਭੇਂਟ ਕਰਨ ਆਉਂਦੇ ਹਨ। ਸਿੱਖ ਗੁਰੂ ਸਾਹਿਬਾਨ ਨੇ ਆਪਣੇ ਸਮੇਂ ਇਨ੍ਹਾਂ ਧਾਰਮਿਕ ਇਕੱਠਾਂ ਸਮੇਂ 'ਸੱਚ ਧਰਮ' ਦਾ ਪ੍ਰਚਾਰ-ਪ੍ਰਸਾਰ ਕਰਨ ਲਈ ਕਈ ਵਾਰ ਆਪਣੇ ਮੁਬਾਰਕ ਚਰਨ ਪਾਏ। ਗੁਰਦੁਆਰਾ ਪਾਤਸ਼ਾਹੀ ਛੇਵੀਂ ਦੇ ਇਤਿਹਾਸਕ ਅਸਥਾਨ 'ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੋ ਵਾਰ ਆਏ, ਪਹਿਲੀ ਵਾਰ ੧੬੩੨-੩੩ ਈ: 'ਨਾਨਕ ਮਤੇ' ਦੀ ਯਾਤਰਾ ਤੋਂ ਵਾਪਸੀ ਸਮੇਂ ਅਤੇ ਦੂਸਰੀ ਵਾਰ ੧੬੩੮ ਈ: ਵਿਚ ਸੂਰਜ ਗ੍ਰਹਿਣ ਸਮੇਂ ਦਿੱਲੀ ਤੋਂ ਵਾਪਸੀ ਸਮੇਂ ਕੁਝ ਸਮੇਂ ਲਈ ਇਥੇ ਨਿਵਾਸ ਕੀਤਾ। ਗੁਰੂ-ਚਰਨਾਂ ਦੀ ਛੋਹ ਪ੍ਰਾਪਤ ਧਰਤ 'ਤੇ ਪ੍ਰੇਮੀ ਗੁਰਸਿੱਖਾਂ ਨੇ ਇਤਿਹਾਸਕ ਯਾਦਗਾਰ ਦਾ ਨਿਰਮਾਣ ਕਰਵਾਇਆ। ਗੁਰਦੁਆਰਾ ਸਾਹਿਬ ਦੀ ਨਵੀਂ ਬਣੀ ਇਮਾਰਤ ਅਤਿ ਸੁੰਦਰ ਹੈ ਅਤੇ ਸਾਹਮਣੇ ਉੱਚਾ ਕੇਸਰੀ ਪਰਚਮ ਝੂਲਦਾ ਦੂਰੋਂ ਦਿਖਾਈ ਦਿੰਦਾ ਹੈ । ਗੁਰਦੁਆਰਾ ਸਾਹਿਬ ਦੇ ਨਾਲ ਵਿਸ਼ਾਲ ਸਰੋਵਰ ਹੈ। ਗੁਰੂ ਅਮਰਦਾਸ ਜੀ ਦੇ ਪਵਿੱਤਰ ਨਾਮ 'ਤੇ ਡਿਸਪੈਂਸਰੀ ਲੋੜਵੰਦਾਂ ਦੀ ਸਹਾਇਤਾ ਲਈ ਸਫਲਤਾ ਪੂਰਵਕ ਚਲ ਰਹੀ ਹੈ।

ਕੁਰਕੁਸ਼ੇਤਰ ਦੀ ਇਤਿਹਾਸਕ ਧਰਤੀ 'ਤੇ ਗੁਰਦੁਆਰਾ ਪਾਤਸ਼ਾਹੀ ਛੇਵੀਂ ਤੋਂ ਇਲਾਵਾ ਨਿਮਨਲਿਖਤ ਗੁਰਦੁਆਰੇ ਸੁਸ਼ੋਭਿਤ ਹਨ:-

- ਗੁਰਦੁਆਰਾ ਪਹਿਲੀ ਪਾਤਸ਼ਾਹੀ (ਸਿੱਧ ਵੱਟੀ)
- ਗੁਰਦੁਆਰਾ ਤੀਸਰੀ ਪਾਤਸ਼ਾਹੀ
- ਗੁਰਦੁਆਰਾ ਸਤਵੀਂ ਪਾਤਸ਼ਾਹੀ
- ਗੁਰਦੁਆਰਾ ਅਠਵੀਂ ਪਾਤਸ਼ਾਹੀ
- ਗੁਰਦੁਆਰਾ ਨੌਵੀਂ ਪਾਤਸ਼ਾਹੀ
- ਗੁਰਦੁਆਰਾ ਦਸਵੀਂ ਪਾਤਸ਼ਾਹੀ

ਇਨ੍ਹਾਂ ਇਤਿਹਾਸਕ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਪਾਸ ਹੈ ਤੇ ਖੇਤਰੀ ਪ੍ਰਬੰਧਕੀ ਦਫ਼ਤਰ ਗੁਰਦੁਆਰਾ ਪਾਤਸ਼ਾਹੀ ਛੇਵੀਂ (ਥਾਨੇਸਰ) ਕੁਰਕੁਸ਼ੇਤਰ ਵਿਖੇ ਹੈ। ਇਨ੍ਹਾਂ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਾਉਣ ਲਈ ਸ਼ਰਧਾਲੂਆਂ ਵਾਸਤੇ ਦਫ਼ਤਰ ਵੱਲੋਂ ਵਿਸ਼ੇਸ਼ ਗੱਡੀ ਦੀ ਸਹੂਲਤ ਹੈ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਤੇ ਰਿਹਾਇਸ਼ ਦਾ ਸੁਚੱਜਾ ਪ੍ਰਬੰਧ ਹੈ। ਰਿਹਾਇਸ਼ ਲਈ ੫੨ ਕਮਰੇ ਕਾਮਨ ਬਾਥਰੂਮ, ਤਿੰਨ ਕਮਰੇ ਬਾਥਰੂਮ ਸਮੇਤ ਤੇ ਇਕ ਅਲੱਗ ਰੈਸਟ ਹਾਊਸ ਹੈ।

ਗੁਰਦੁਆਰਾ ਪਾਤਸ਼ਾਹੀ ਛੇਵੀਂ, (ਥਾਨੇਸਰ) ਜ਼ਿਲ੍ਹਾ ਕੁਰਕੁਸ਼ੇਤਰ ਵਿਚ, ਰੇਲਵੇ ਸਟੇਸ਼ਨ ਤੇ ਬੱਸ ਸਟੈਂਡ ਕੁਰਕੁਸ਼ੇਤਰ ਤੋਂ ਕੇਵਲ ਇਕ ਕਿਲੋਮੀਟਰ ਦੀ ਦੂਰੀ 'ਤੇ ਸੁਸ਼ੋਭਿਤ ਹੈ। ਕੁਰਕੁਸ਼ੇਤਰ ਦਿੱਲੀ-ਅੰਬਾਲਾ-ਅੰਮ੍ਰਿਤਸਰ ਰੇਲਵੇ ਲਾਈਨ 'ਤੇ ਪ੍ਰਮੁੱਖ ਰੇਲਵੇ ਸਟੇਸ਼ਨ ਹੈ। ਅੰਮ੍ਰਿਤਸਰ-ਅੰਬਾਲਾ ਦਿੱਲੀ ਸ਼ਾਹ ਰਾਹ 'ਤੇ ਪਿਪਲੀ ਬੱਸ ਸਟੈਂਡ ਤੋਂ ਇਹ ਇਤਿਹਾਸਕ ਅਸਥਾਨ ਕੇਵਲ ੬ ਕਿਲੋਮੀਟਰ ਦੀ ਦੂਰੀ 'ਤੇ ਹੈ। ਇਸ ਇਤਿਹਾਸਕ ਅਸਥਾਨ 'ਤੇ ਸਾਰੇ ਗੁਰਪੁਰਬ ਤੇ ਵਿਸ਼ੇਸ਼ ਕਰਕੇ ਛੇਵੀਂ ਪਾਤਸ਼ਾਹੀ ਦਾ ਪ੍ਰਕਾਸ਼ਪੁਰਬ ਵੱਡੀ ਪੱਧਰ 'ਤੇ ਮਨਾਇਆ ਜਾਂਦਾ ਹੈ।

ਵਧੇਰੇ ਜਾਣਕਾਰੀ ਲਈ ੦੧੭੪੪-੨੦੫੨੨ ਫ਼ੋਨ ਨੰਬਰ ਦੀ ਸਹੂਲਤ ਉਪਲਬਧ ਹੈ।

# ਗੁਰਦੁਆਰਾ ਪਾਤਸ਼ਾਹੀ ਛੇਵੀਂ, ਨੌਵੀਂ ਤੇ ਦਸਵੀਂ ਪਹੇਵਾ

## (ਕੁਰਕੁਸ਼ੇਤਰ) ਹਰਿਆਣਾ

ਪਹੇਵਾ ਪ੍ਰਸਿੱਧ ਹਿੰਦੂ ਤੀਰਥ ਅਸਥਾਨ ਹੈ। ਖਾਸ ਕਰਕੇ ਮ੍ਰਿਤਕ ਪ੍ਰਾਣੀਆਂ ਸਬੰਧੀ ਹੋਣ ਵਾਲੀਆਂ ਰਸਮਾਂ ਦਾ ਪ੍ਰਮੁੱਖ ਕੇਂਦਰ ਹੈ ਜਿਥੇ ਮ੍ਰਿਤਕ ਪ੍ਰਾਣੀਆਂ ਦੇ ਪਰਿਵਾਰਾਂ ਦਾ ਲੇਖਾ-ਜੋਖਾ ਪਾਂਡੇ ਲੋਕ ਪਾਂਡਵ ਵਹੀਆਂ ਵਿਚ ਕਰਦੇ ਹਨ। ਸਿੱਖ ਗੁਰੂ ਸਾਹਿਬਾਨ ਮਾਨਵਤਾ ਨੂੰ ਵਹਿਮਾਂ-ਭਰਮਾਂ-ਪਖੰਡਾਂ ਤੋਂ ਨਿਜਾਤ ਦਿਵਾਉਣ, ਗਿਆਨ ਦਾ ਪ੍ਰਕਾਸ਼ ਕਰਨ ਲਈ ਬਹੁਤ ਸਾਰੇ ਤੀਰਥਾਂ 'ਤੇ ਗਏ ਕਿਉਂਕਿ ਤੀਰਥ ਅਸਥਾਨ 'ਤੇ ਆਮ ਲੋਕਾਂ ਦੇ ਇਕੱਠ ਮਿਲ ਜਾਂਦੇ ਸਨ। ਪਹੇਵਾ ਵੀ ਇਕ ਅਜਿਹਾ ਕੇਂਦਰ ਸੀ ਜਿਥੇ ਵਹਿਮਾਂ-ਭਰਮਾਂ-ਪਖੰਡਾਂ ਦਾ ਜਾਲ ਬੁਣਿਆ ਹੋਇਆ ਹੋਣ ਕਰਕੇ, ਲੋਕਾਈ ਨੂੰ ਸੱਚ-ਧਰਮ 'ਤੇ ਪਾਉਣ ਵਾਸਤੇ ਸਮੇਂ-ਸਮੇਂ ਗੁਰੂ ਨਾਨਕ ਸਾਹਿਬ, ਗੁਰੂ ਅਮਰਦਾਸ ਜੀ, ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਹਰਿਰਾਇ ਸਾਹਿਬ, ਗੁਰੂ ਤੇਗ ਬਹਾਦਰ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਆਏ। ਆਦਿ ਗੁਰੂ, ਗੁਰੂ ਨਾਨਕ ਦੇਵ ਜੀ ਪਹਿਲੀ ਉਦਾਸੀ ਸਮੇਂ ਇਥੇ ਆਏ। ਗੁਰੂ ਗੋਬਿੰਦ ਸਿੰਘ ਜੀ ਗੁਰੂ-ਘਰ ਦੇ ਪ੍ਰੀਤਵਾਨ ਫ਼ਕੀਰ ਸਾਂਈਂ ਭੀਖਣ ਸ਼ਾਹ ਨੂੰ ਮਿਲਣ, ਘੁੜਾਮ ਜਾਣ ਸਮੇਂ ਕੁਝ ਚਿਰ ਇਥੇ ਰੁਕੇ ਸਨ।



ਗੁਰੂ ਸਾਹਿਬਾਨ ਦੀ ਆਮਦ ਦੀ ਯਾਦ ਵਿਚ ਪ੍ਰੇਮੀ ਗੁਰਸਿੱਖਾਂ ਨੇ ਸਮੇਂ-ਸਮੇਂ ਇਤਿਹਾਸਕ ਯਾਦਗਾਰਾਂ ਦਾ ਨਿਰਮਾਣ ਕਰਵਾਇਆ। ਪੁਰਾਤਨ ਇਤਿਹਾਸਕ ਯਾਦਗਾਰਾਂ ਦੇ ਅਸਥਾਨ 'ਤੇ ਭਾਈ ਉਦੈ ਸਿੰਘ ਕੈਂਥਲ-ਪਤੀ ਨੇ ਗੁਰਦੁਆਰਿਆਂ ਦਾ ਕਰਵਾਇਆ। ਨਾਭਾ ਰਿਆਸਤ ਵੱਲੋਂ ਇਨ੍ਹਾਂ ਗੁਰਦੁਆਰਿਆਂ ਨੂੰ ਕੁਝ ਜ਼ਮੀਨ ਜਗੀਰ ਦੇ ਰੂਪ ਵਿਚ ਭੇਂਟ ਕੀਤੀ ਗਈ। ਬਾਬਾ ਜੀਵਨ ਸਿੰਘ ਕਾਰ ਸੇਵਾ ਵਾਲਿਆਂ ਨੇ ਸੰਗਤਾਂ ਦੇ ਸਹਿਯੋਗ ਨਾਲ ੧੯੫੦ ਈ: ਵਿਚ ਗੁਰਦੁਆਰਿਆਂ ਦੀ ਨਵ-ਉਸਾਰੀ ਕਰਵਾਈ ਅਤੇ ਇਕ ਬਾਉਲੀ ਦਾ ਨਿਰਮਾਣ ਕਰਵਾਇਆ। ਗੁਰਦੁਆਰਾ ਮੰਜੀ ਸਾਹਿਬ ਤੇ ਗੁਰਦੁਆਰਾ ਬਾਉਲੀ ਸਾਹਿਬ ਦੇ ਨਾਮ ਪ੍ਰਸਿੱਧ ਹਨ। ਗੁਰਦੁਆਰਾ ਕਰਹਾਂ ਸਾਹਿਬ ਤੇ ਸਿਆਣਾ ਸੈਦਿਆ ਵੀ ਦੇਖਣਯੋਗ ਹਨ।

ਇਨ੍ਹਾਂ ਇਤਿਹਾਸਕ ਅਸਥਾਨਾਂ 'ਤੇ ਸਿੱਖ ਗੁਰੂ ਸਾਹਿਬਾਨ ਦੇ ਪ੍ਰਕਾਸ਼ ਗੁਰਪੁਰਬ ਤੇ ਸ਼ਹੀਦੀ ਦਿਹਾੜੇ ਅਤੇ ਖਾਲਸੇ ਦਾ ਸਿਰਜਣਾ ਦਿਹਾੜਾ ਵੈਸਾਖੀ ਵਿਸ਼ੇਸ਼ ਰੂਪ ਵਿਚ ਮਨਾਏ ਜਾਂਦੇ ਹਨ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਪ੍ਰਬੰਧ ਵਧੀਆ ਹੈ। ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਲੋਕਲ ਕਮੇਟੀ ਰਾਹੀਂ ਕਰਦੀ ਹੈ।

ਇਹ ਇਤਿਹਾਸਕ ਅਸਥਾਨ ਸ਼ਹਿਰ ਪਹੇਵਾ, ਜ਼ਿਲ੍ਹਾ ਕੁਰਕੁਸ਼ੇਤਰ ਵਿਚ ਰੇਲਵੇ ਸਟੇਸ਼ਨ ਕੁਰਕੁਸ਼ੇਤਰ ਤੋਂ ੨੨ ਕਿਲੋਮੀਟਰ ਅਤੇ ਬੱਸ ਸਟੈਂਡ ਪਹੇਵਾ ਤੋਂ ਇਕ ਕਿਲੋਮੀਟਰ ਦੀ ਦੂਰੀ 'ਤੇ ਪਟਿਆਲਾ-ਪਹੇਵਾ, ਕੁਰਕੁਸ਼ੇਤਰ-ਪਹੇਵਾ ਰੋਡ 'ਤੇ ਸਥਿਤ ਹੈ। ਵਧੇਰੇ ਜਾਣਕਾਰੀ ੦੧੭੪੧-੨੧੨੩੪ ਫ਼ੋਨ ਨੰਬਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਗੁਰਦੁਆਰਾ ਪਾਤਸ਼ਾਹੀ ਦਸਵੀਂ, ਜਗਾਧਰੀ

## (ਯਮਨਾ ਨਗਰ) ਹਰਿਆਣਾ

ਗੁਰਦੁਆਰਾ ਪਾਤਸ਼ਾਹੀ ਦਸਵੀਂ, ਜਗਾਧਰੀ ਜਿਵੇਂ ਕਿ ਨਾਮ ਤੋਂ ਹੀ ਸਪੱਸ਼ਟ ਹੈ, ਦਸਮੇਸ਼ ਪਿਤਾ-ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਯਾਦ ਵਿਚ ਸੁਭਾਇਮਾਨ ਹੈ। ਗੁਰੂ ਗੋਬਿੰਦ ਸਿੰਘ ਜੀ ਪਾਉਂਟਾ ਸਾਹਿਬ ਤੋਂ ਅਨੰਦਪੁਰ ਸਾਹਿਬ ਵਾਪਸ ਆਉਣ ਸਮੇਂ ੧੬੮੮ ਈ. ਵਿੱਚ ਕੁਝ ਸਮੇਂ ਵਾਸਤੇ ਕਪਾਲ ਮੋਚਨ ਠਹਿਰੇ ਸਨ।



ਕਪਾਲ ਮੋਚਨ ਤੋਂ ਗੁਰੂ ਜੀ ਕੁਝ ਸਮੇਂ ਵਾਸਤੇ ਪ੍ਰੇਮੀ ਗੁਰਸਿੱਖਾਂ ਦਾ ਪ੍ਰੇਮ ਜਾਣ ਕੇ ਜਗਾਧਰੀ, ਇਸ ਅਸਥਾਨ 'ਤੇ ਆਏ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਗੁਰੂ-ਘਰ ਦੇ ਪ੍ਰੀਤਵਾਨਾਂ ਨੇ ਯਾਦਗਾਰੀ ਅਸਥਾਨ ਦਾ ਨਿਰਮਾਣ ਕਰਵਾਇਆ। ਗੁਰਦੁਆਰਾ ਪਾਤਸ਼ਾਹੀ ਦਸਵੀਂ ਦੀ ਆਧੁਨਿਕ ਇਮਾਰਤ ੧੯੪੫ ਈ: ਵਿਚ ਬਣੀ ਸੀ।

ਇਸ ਇਤਿਹਾਸਕ ਅਸਥਾਨ 'ਤੇ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਅਤੇ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਵਿਸ਼ੇਸ਼ ਰੂਪ ਵਿਚ ਮਨਾਏ ਜਾਂਦੇ ਹਨ।

ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਪ੍ਰਬੰਧ ਵਧੀਆ ਹੈ। ਰਿਹਾਇਸ਼ ਲਈ ਵੀ ੫ ਕਮਰੇ ਬਣੇ ਹੋਏ ਹਨ। ਪ੍ਰਬੰਧ ਸ਼੍ਰੋਮਣੀ ਗੁ: ਪ੍ਰ: ਕਮੇਟੀ ਲੋਕਲ ਕਮੇਟੀ ਰਾਹੀਂ ਕਰਦੀ ਹੈ।

ਇਹ ਇਤਿਹਾਸਕ ਗੁਰਦੁਆਰਾ ਹਨੂੰਮਾਨ ਦਰਵਾਜ਼ੇ ਦੇ ਨਜ਼ਦੀਕ ਸ਼ਹਿਰ ਜਗਾਧਰੀ, ਜ਼ਿਲ੍ਹਾ ਯਮਨਾਨਗਰ (ਹਰਿਆਣਾ) ਵਿਚ ਜਗਾਧਰੀ ਰੇਲਵੇ ਸਟੇਸ਼ਨ ਤੋਂ ੫ ਕਿਲੋਮੀਟਰ ਤੇ ਬੱਸ ਸਟੈਂਡ ਜਗਾਧਰੀ ਤੋਂ ੧.੫ ਕਿਲੋਮੀਟਰ ਦੀ ਦੂਰੀ 'ਤੇ ਅੰਬਾਲਾ-ਜਗਾਧਰੀ-ਪਾਉਂਟਾ ਸਾਹਿਬ ਰੋਡ 'ਤੇ ਸਥਿਤ ਹੈ।

# ਗੁਰਦੁਆਰਾ ਕਪਾਲ ਮੋਚਨ

## (ਯਮਨਾ ਨਗਰ) ਹਰਿਆਣਾ

ਕਪਾਲ ਮੋਚਨ ਪ੍ਰਸਿੱਧ ਹਿੰਦੂ ਤੀਰਥ ਅਸਥਾਨ ਹੈ। ਮਨੌਤ ਹੈ ਕਿ ਆਦਿ ਗੁਰੂ ਨਾਨਕ ਦੇਵ ਜੀ ਨੇ ਹਰਿਦੁਆਰ ਤੋਂ ਸਹਾਰਨਪੁਰ ਜਾਣ ਸਮੇਂ ਸੰਮਤ ੧੫੮੪ (੧੫੨੭ ਈ:) ਵਿਚ ਕੱਤਕ ਦੀ ਪੂਰਨਮਾਸ਼ੀ ਨੂੰ ਆਪਣੀ ਚਰਨ-ਛੋਹ ਬਖ਼ਸ਼ਿਸ਼ ਕਰ ਇਸ ਧਰਤ ਸੁਹਾਵੀ ਨੂੰ ਪਵਿੱਤਰਤਾ ਤੇ ਇਤਿਹਾਸਕਤਾ ਪ੍ਰਦਾਨ ਕੀਤੀ। ਪੂਰਨਮਾਸ਼ੀ 'ਤੇ ਬਹੁਤ ਸਾਰੇ ਹਿੰਦੂ ਲੋਕ ਤੀਰਥ ਦਰਸ਼ਨਾਂ ਲਈ ਇਥੇ ਆਉਂਦੇ ਸਨ। ਗੁਰੂ ਨਾਨਕ ਦੇਵ ਜੀ ਨੇ ਲੋਕਾਈ ਨੂੰ ਸਮਝਾਇਆ ਕਿ ਤੀਰਥਾਂ 'ਤੇ ਭ੍ਰਮਣ ਕਰਨ ਨਾਲ ਮੁਕਤੀ ਦੀ ਪ੍ਰਾਪਤੀ ਨਹੀਂ ਹੋ ਸਕਦੀ। ਮੁਕਤੀ ਪ੍ਰਾਪਤ ਕਰਨ ਲਈ ਸ਼ੁਭ ਅਮਲ ਕਰਨੇ ਜ਼ਰੂਰੀ ਹਨ।

ਗੁਰੂ ਗੋਬਿੰਦ ਸਿੰਘ ਜੀ ਵੀ ਪਾਉਂਟਾ ਸਾਹਿਬ ਤੋਂ ਅਨੰਦਪੁਰ ਸਾਹਿਬ ਵਾਪਸੀ ਸਮੇਂ ਅਕਤੂਬਰ, ੧੬੮੮ ਈ: ਵਿਚ ਇਸ ਅਸਥਾਨ 'ਤੇ ਕੁਝ ਸਮਾਂ ਰੁਕੇ ਤੇ ਮਾਨਵਤਾ ਨੂੰ ਸ਼ੁਭ ਕਰਮ ਕਰਨ ਦਾ ਉਪਦੇਸ਼ ਦ੍ਰਿੜ੍ਹ ਕਰਵਾਇਆ।

ਗੁਰੂ ਸਾਹਿਬ ਦੀ ਯਾਦ ਵਿਚ ਪ੍ਰੇਮੀ ਗੁਰਸਿੱਖਾਂ ਨੇ ਇਤਿਹਾਸਕ ਯਾਦਗਾਰਾਂ ਦਾ ਨਿਰਮਾਣ ਕਰਵਾਇਆ। ਦੇਸ਼ ਵੰਡ ਤੋਂ ਪਹਿਲਾਂ ਇਹ ਇਤਿਹਾਸਕ ਯਾਦਗਾਰਾਂ ਆਮ ਹੀ ਰਹੀਆਂ, ਜਿਨ੍ਹਾਂ ਦਾ ਪ੍ਰਬੰਧ ਪਿਤਾ-ਪੁਰਖੀ ਮਹੰਤ ਕਰਦੇ ਸਨ। ੧੯੪੭ ਈ: ਵਿਚ ਇਤਿਹਾਸਕ ਯਾਦਗਾਰ 'ਤੇ ਆਲੀਸ਼ਾਨ ਗੁਰਦੁਆਰੇ ਦੀ ਇਮਾਰਤ ਦੀ ਆਰੰਭਤਾ ਹੋਈ ਜੋ ੧੯੫੧ ਈ: ਵਿਚ ਸੰਪੂਰਨ ਹੋਈ।



ਇਸ ਅਸਥਾਨ 'ਤੇ ਪਹਿਲੀ ਤੇ ਦਸਵੀਂ ਪਾਤਸ਼ਾਹੀ ਦੇ ਪ੍ਰਕਾਸ਼ ਗੁਰਪੁਰਬ ਅਤੇ ਖਾਲਸਾ ਸਿਰਜਣਾ ਦਿਹਾੜਾ ਵੈਸਾਖੀ ਵਿਸ਼ੇਸ਼ ਰੂਪ ਵਿਚ ਮਨਾਇਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਗੁਰਪੁਰਬ 'ਤੇ ਸ਼ਰਧਾਲੂ ਦੂਰ-ਦੂਰ ਤੋਂ ਇਸ ਇਤਿਹਾਸਕ ਅਸਥਾਨ ਦੀ ਚਰਨ-ਧੂੜ ਪਰਸਨ ਆਉਂਦੇ ਹਨ। ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਲੋਕਲ ਕਮੇਟੀ ਰਾਹੀਂ ਕਰਦੀ ਹੈ। ਯਾਤਰੂਆਂ ਦੀ ਟਹਿਲ ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਪ੍ਰਬੰਧ ਹੈ।

ਇਹ ਅਸਥਾਨ ਕਸਬਾ ਕਪਾਲ ਮੋਚਨ, ਤਹਿਸੀਲ ਬਿਲਾਸਪੁਰ, ਜ਼ਿਲ੍ਹਾ ਯਮਨਾਨਗਰ (ਹਰਿਆਣਾ) ਵਿਚ ਰੇਲਵੇ ਸਟੇਸ਼ਨ ਜਗਾਧਰੀ ਤੋਂ ੧੮ ਕਿਲੋਮੀਟਰ ਤੇ ਬੱਸ ਸਟੈਂਡ ਬਿਲਾਸਪੁਰ ਤੋਂ ਇਕ ਕਿਲੋਮੀਟਰ ਦੀ ਦੂਰੀ 'ਤੇ ਜਗਾਧਰੀ-ਬਿਲਾਸਪੁਰ ਰੋਡ 'ਤੇ ਸਥਿਤ ਹੈ। ਵਧੇਰੇ ਜਾਣਕਾਰੀ ੦੧੭੩੫-੨੩੧੧੩ ਫ਼ੋਨ ਨੰਬਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਗੁਰਦੁਆਰਾ ਸ੍ਰੀ ਪੰਜੋਖਰਾ ਸਾਹਿਬ

## (ਅੰਬਾਲਾ) ਹਰਿਆਣਾ



ਗੁਰਦੁਆਰਾ ਸ੍ਰੀ ਪੰਜੋਖਰਾ ਸਾਹਿਬ, ਅਠਵੇਂ ਨਾਨਕ, ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਚਰਨ-ਛੋਹ ਪ੍ਰਾਪਤ ਪਾਵਨ-ਪਵਿੱਤਰ ਇਤਿਹਾਸਕ ਅਸਥਾਨ ਹੈ। ਗੁਰੂ-ਘਰ ਦੇ ਪ੍ਰੀਤਵਾਨ, ਦਿੱਲੀ ਨਿਵਾਸੀ ਰਾਜਾ ਜੈ ਸਿੰਘ ਦੀ ਬੇਨਤੀ 'ਤੇ ਕੀਰਤਪੁਰ ਤੋਂ ਦਿੱਲੀ ਜਾਣ ਸਮੇਂ ਗੁਰੂ ਜੀ ਨੇ ਸਿੱਖ ਸੰਗਤਾਂ ਸਮੇਤ ਇਸ ਅਸਥਾਨ 'ਤੇ ਕੁਝ ਦਿਨ ਨਿਵਾਸ ਕੀਤਾ। ਪੰਜੋਖਰੇ ਪਿੰਡ ਦੇ ਪੰਡਤ ਕ੍ਰਿਸ਼ਨ ਲਾਲ ਨੂੰ ਗੁਰੂ ਜੀ ਦੀ ਛੁਟੇਰੀ ਉਮਰ ਤੇ ਵੱਡੇਰੀ ਅਧਿਆਤਮਕ ਉਚਤਾ 'ਤੇ ਸ਼ੱਕ ਹੋਇਆ। ਜਾਤੀ ਅਭਿਮਾਨ ਤੇ ਵਿਦਿਆ ਦੇ ਹੰਕਾਰ ਵਿਚ ਗੜੂਦ ਪੰਡਤ ਨੇ ਗੁਰੂ ਜੀ ਨੂੰ ਸਵਾਲ ਕੀਤਾ ਕਿ ਨਾਮ ਤਾਂ ਤੁਹਾਡਾ 'ਭਗਵਾਨ ਕ੍ਰਿਸ਼ਨ' ਵਾਂਗ 'ਹਰਿ ਕ੍ਰਿਸ਼ਨ' ਹੈ, ਕੀ ਤੁਸੀਂ ਭਗਵਾਨ ਕ੍ਰਿਸ਼ਨ ਦੀ 'ਗੀਤਾ' ਬਾਰੇ ਕੁਝ ਜਾਣਦੇ ਹੋ? ਪੰਡਤ ਦੇ ਹੰਕਾਰ ਨੂੰ ਨਵਿਰਤ ਕਰਨ ਲਈ ਗੁਰੂ ਜੀ ਨੇ 'ਛੱਜੂ' ਨਾਮ ਦੇ ਸਧਾਰਨ ਮਨੁੱਖ ਨੂੰ ਗੀਤਾ ਸਬੰਧੀ ਵਿਖਿਆਨ ਦੇਣ ਦਾ ਆਦੇਸ਼ ਕੀਤਾ। ਅਕਾਲ ਪੁਰਖ ਦੀ ਬਖ਼ਸ਼ਿਸ਼ ਸਦਕਾ 'ਛੱਜੂ' ਨੇ ਗੀਤਾ ਦਾ ਤੱਤ-ਸਾਰ ਚੰਦ ਸ਼ਬਦਾਂ ਵਿਚ ਬਿਆਨ ਕਰਕੇ ਸਭ ਨੂੰ ਹੈਰਾਨ ਕਰ ਦਿੱਤਾ। ਇਹ ਸਭ ਦੇਖ ਪੰਡਤ ਦੇ ਅਗਿਆਨ ਰੂਪੀ ਹੰਕਾਰ ਦੀ ਨਵਿਰਤੀ ਹੋਈ ਤੇ ਉਹ ਸਿੱਖੀ ਮੰਡਲ ਵਿਚ ਆਇਆ। ਗੁਰਦੇਵ ਇਸ ਅਸਥਾਨ 'ਤੇ ਕੁਝ ਸਮਾਂ ਰੁਕੇ ਤੇ ਜਗਤ-ਜਲੰਦੇ ਨੂੰ 'ਗੁਰਮਤਿ ਗਿਆਨ' ਦ੍ਰਿੜ੍ਹ ਕਰਵਾਉਂਦੇ ਰਹੇ। ਇਸ ਇਤਿਹਾਸਕ ਅਸਥਾਨ ਤੋਂ ਦਿੱਲੀ ਨੂੰ ਜਾਣ ਸਮੇਂ ਗੁਰੂ ਜੀ ਨੇ ਕੁਝ ਸਿੱਖ ਸੇਵਕਾਂ ਨੂੰ ਛੱਡ, ਬਾਕੀ ਸੰਗਤ ਨੂੰ ਵਾਪਸ ਕੀਰਤਪੁਰ ਜਾਣ ਦਾ ਹੁਕਮ ਕੀਤਾ। ਗੁਰੂ ਜੀ ਦੀ ਆਮਦ ਦੀ ਯਾਦਗਾਰ ਵਜੋਂ ਪ੍ਰੇਮੀਆਂ ਵੱਲੋਂ ਇਤਿਹਾਸਕ ਅਸਥਾਨ ਦਾ ਨਿਰਮਾਣ ਕਰਵਾਇਆ ਗਿਆ। ਸਿੱਖ ਰਾਜ-ਕਾਲ ਸਮੇਂ ਗੁਰਦੁਆਰਾ ਸਾਹਿਬ ਦੀ ਇਮਾਰਤ ਦਾ ਵਿਸਥਾਰ ਕੀਤਾ ਗਿਆ। ਇਸ ਇਤਿਹਾਸਕ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਪਾਸ ਹੈ। ਸੰਗਤਾਂ ਦੇ ਸਹਿਯੋਗ ਨਾਲ ਬਣੀ ਆਲੀਸ਼ਾਨ ਇਮਾਰਤ ਅਤੇ ਸੁੰਦਰ ਸਰੋਵਰ ਸ਼ੋਭਨੀਕ ਹੈ। ਹਜ਼ਾਰਾਂ ਸ਼ਰਧਾਲੂ ਸ਼ਰਧਾ-ਸਤਿਕਾਰ ਭੇਂਟ ਕਰਨ ਗੁਰੂ ਦਰਬਾਰ ਵਿਚ ਰੋਜ਼ਾਨਾ ਹਾਜ਼ਰ ਹੁੰਦੇ ਹਨ।

ਇਸ ਪਾਵਨ ਗੁਰਦੁਆਰੇ ਵਿਖੇ ਪਹਿਲੀ-ਪੰਜਵੀਂ, ਅਠਵੀਂ, ਦਸਵੀਂ ਪਾਤਸ਼ਾਹੀ ਦੇ ਆਗਮਨ ਗੁਰਪੁਰਬ, ਸਾਲਾਨਾ ਜੋੜ-ਮੇਲਾ ਤੇ ਖਾਲਸੇ ਦਾ ਸਿਰਜਣਾ ਦਿਹਾੜਾ ਵੱਡੀ ਪੱਧਰ 'ਤੇ ਮਨਾਏ ਜਾਂਦੇ ਹਨ।

ਇਹ ਇਤਿਹਾਸਕ ਅਸਥਾਨ ਤਹਿਸੀਲ/ਜ਼ਿਲ੍ਹਾ ਅੰਬਾਲਾ(ਹਰਿਆਣਾ) ਵਿਚ ਅੰਬਾਲਾ-ਨਰੈਣਗੜ੍ਹ ਰੋਡ 'ਤੇ ਅੰਬਾਲਾ ਰੇਲਵੇ ਸਟੇਸ਼ਨ ਤੋਂ ੧੦ ਕਿਲੋਮੀਟਰ 'ਤੇ ਪੰਜੋਖਰਾ ਪਿੰਡ ਵਿਚ, ਪੰਜੋਖਰਾ ਬੱਸ ਸਟੈਂਡ ਤੋਂ ੦.੫ ਕਿਲੋਮੀਟਰ ਦੀ ਦੂਰੀ 'ਤੇ ਸੋਭਨੀਕ ਹੈ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ, ਰਿਹਾਇਸ਼ ਦਾ ਸੁਚੱਜਾ ਪ੍ਰਬੰਧ ਹੈ। ਵਧੇਰੇ ਜਾਣਕਾਰੀ ੦੧੭੧-੮੬੬੧੦੫ ਫ਼ੋਨ ਨੰਬਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਗੁਰਦੁਆਰਾ ਸ੍ਰੀ ਨਾਡਾ ਸਾਹਿਬ

## (ਅੰਬਾਲਾ) ਹਰਿਆਣਾ



ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਪਾਉਂਟਾ ਸਾਹਿਬ ਤੋਂ ਅਨੰਦਪੁਰ ਸਾਹਿਬ ਨੂੰ ਵਾਪਸੀ ਸਮੇਂ ਨਾਹਨ ਤੋਂ ਹੁੰਦੇ ਹੋਏ ਨਾਡਾ ਪਿੰਡ ਦੇ ਪਾਸ, ਘੱਗਰ ਨਦੀ ਦੇ ਖੱਬੇ ਕੰਢੇ ਦੇ ਇਕ ਟਿੱਬੇ 'ਤੇ ਆਪਣੇ ਸਿੱਖਾਂ, ਸੇਵਕਾਂ, ਬੀਰ-ਬਹਾਦਰਾਂ ਨਾਲ ਕੁਝ ਸਮੇਂ ਲਈ ਰੁਕੇ। ਇਸ ਸਥਾਨ 'ਤੇ ਨਾਡੂ ਸ਼ਾਹ ਨਾਂ ਦੇ ਇਕ ਧਰਮੀ ਸੇਵਕ ਨੇ ਗੁਰੂ ਜੀ ਦੀ ਟਹਿਲ-ਸੇਵਾ ਕੀਤੀ। ਪਹਾੜੀ, ਜੰਗਲੀ ਤੇ ਬੇਆਬਾਦ ਇਲਾਕਾ ਗੁਰੂ ਜੀ ਦੀ ਚਰਨ-ਛੋਹ ਪ੍ਰਾਪਤ ਕਰ ਜਗਤ ਪ੍ਰਸਿੱਧ ਹੋਇਆ। ਨਾਡਾ ਸਾਹਿਬ ਤੋਂ ਗੁਰੂ ਜੀ ਰੋਪੜ, ਕੀਰਤਪੁਰ ਸਾਹਿਬ ਹੁੰਦੇ ਹੋਏ ਸ੍ਰੀ ਅਨੰਦਪੁਰ ਸਾਹਿਬ ਪਹੁੰਚੇ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਆਲੀਸ਼ਾਨ ਗੁਰਦੁਆਰਾ ਬਣਿਆ ਹੈ, ਜਿਥੇ ਹਜ਼ਾਰਾਂ ਸ਼ਰਧਾਲੂ ਚਰਨ-ਧੂੜ ਪਰਸਨ ਲਈ ਰੋਜ਼ਾਨਾ ਆਉਂਦੇ ਹਨ।

ਗੁਰੂ ਨਾਨਕ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਗੁਰਪੁਰਬ ਵੱਡੀ ਪੱਧਰ 'ਤੇ ਮਨਾਏ ਜਾਂਦੇ ਹਨ। ਹਰ ਐਤਵਾਰ ਨੂੰ ਬੇਸ਼ੁਮਾਰ ਸ਼ਰਧਾਲੂ ਮੱਥਾ ਟੇਕਣ ਆਉਂਦੇ ਹਨ।

ਗੁਰਦੁਆਰਾ ਨਾਡਾ ਸਾਹਿਬ ਨਾਡਾ ਪਿੰਡ ਦੇ ਨਜ਼ਦੀਕ ਜੋ ਤਹਿਸੀਲ-ਜ਼ਿਲ੍ਹਾ ਪੰਚਕੂਲਾ (ਹਰਿਆਣਾ) ਵਿਚ ਚੰਡੀਗੜ੍ਹ ਤੋਂ ੮ ਕਿਲੋਮੀਟਰ ਤੇ ਪੰਚਕੂਲਾ ਤੋਂ ਕੇਵਲ ਤਿੰਨ ਕਿਲੋਮੀਟਰ ਦੀ ਦੂਰੀ 'ਤੇ ਚੰਡੀਗੜ੍ਹ-ਪੰਚਕੂਲਾ ਰੋਡ 'ਤੇ ਸਥਿਤ ਹੈ।

ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਹੈ । ਲੰਗਰ-ਪ੍ਰਸ਼ਾਦਿ ਤੇ ਰਿਹਾਇਸ਼ ਲਈ ਵਧੀਆ ਪ੍ਰਬੰਧ ਹੈ। ਯਾਤਰੂਆਂ ਦੀ ਰਿਹਾਇਸ਼ ਲਈ ਨਵੀਂ ਵਿਸ਼ਾਲ ਇਮਾਰਤ ਉਸਾਰੀ ਗਈ ਹੈ। ਇਸ ਇਤਿਹਾਸਕ ਗੁਰਦੁਆਰਾ ਸਾਹਿਬ ਦੇ ਨੇੜੇ ਹੀ ਗੁਰਦੁਆਰਾ ਮਨੀਮਾਜਰਾ (ਚੰਡੀਗੜ੍ਹ) ਤੇ ਗੁਰਦੁਆਰਾ ਮੰਜੀ ਸਾਹਿਬ ਪੰਜੌਰ ਦੇਖਣਯੋਗ ਹੈ।

ਵਧੇਰੇ ਜਾਣਕਾਰੀ ਲਈ ੦੧੭੨-੫੬੨੨੦੫, ੫੬੪੩੯੧ ਨੰਬਰਾਂ 'ਤੇ ਫ਼ੋਨ ਕੀਤਾ ਜਾ ਸਕਦਾ ਹੈ।

# ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਧਮਤਾਨ

## (ਜੀਂਦ) ਹਰਿਆਣਾ



ਇਹ ਪਾਵਨ ਅਸਥਾਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਪਵਿੱਤਰ ਯਾਦ 'ਚ ਸੁਭਾਇਮਾਨ ਹੈ। ਗੁਰੂ ਜੀ ਬਾਂਗਰ ਤੋਂ ਆਗਰੇ ਨੂੰ ਜਾਂਦੇ ਹੋਏ ਇਥੇ ਪਧਾਰੇ ਸਨ। 'ਚੌਧਰੀ ਦਾਸੋ' ਨੂੰ ਗੁਰੂ ਜੀ ਨੇ ਬਾਂਗਰ ਦੇਸ਼ ਦਾ ਮਸੰਦ ਥਾਪਿਆ। ਭਾਈ ਰਾਮਦੇਵ ਨਾਂ ਦਾ ਇਕ ਸ਼ਰਧਾਲੂ, ਆਈਆਂ ਸੰਗਤਾਂ ਨੂੰ ਜਲ ਛਕਾਉਣ, ਲੰਗਰ ਲਈ ਜਲ ਭਰਨ ਤੇ ਗੁਰੂ-ਘਰ ਵਿਚ ਜਲ ਛਿੜਕਣ ਦੀ ਸੇਵਾ ਕਰਦਾ ਸੀ। ਇਕ ਦਿਨ ਭਾਈ ਰਾਮਦੇਵ ਨੇ ਗੁਰੂ-ਘਰ ਵਿਚ ਇਤਨਾ ਜਲ ਛਿੜਕਿਆ ਜਿਵੇਂ ਮੀਂਹ ਪਿਆ ਹੋਵੇ। ਗੁਰੂ ਜੀ ਨੇ ਖੁਸ਼ ਹੋ ਕੇ ਭਾਈ ਰਾਮਦੇਵ ਨੂੰ 'ਭਾਈ ਮੀਹਾਂ' ਦੇ ਨਾਂ ਨਾਲ ਬੁਲਾਉਣਾ ਸ਼ੁਰੂ ਕਰ ਦਿੱਤਾ ਅਤੇ ਗੁਰੂ-ਘਰ ਵੱਲੋਂ ਇਕ ਨਗਾਰਾ ਤੇ ਇਕ ਨਿਸ਼ਾਨ ਸਾਹਿਬ ਦੀ ਬਖ਼ਸ਼ਿਸ਼ ਕੀਤੀ। ਗੁਰੂ ਜੀ ਇਸ ਜਗ੍ਹਾ 'ਤੇ ਕਾਫ਼ੀ ਸਮਾਂ ਠਹਿਰੇ। ਇਸ ਇਤਿਹਾਸਕ ਅਸਥਾਨ ਦੀ ਪਹਿਲਾਂ ਮਹਾਰਾਜਾ ਕਰਮ ਸਿੰਘ ਨੇ ਸੇਵਾ ਕਰਵਾਈ। ਗੁਰਦੁਆਰਾ ਸਾਹਿਬ ਦਾ ਪ੍ਰਬੰਧ ਬਹੁਤ ਸਮਾਂ ਪਿਤਾ-ਪੁਰਖੀ ਮਹੰਤਾਂ ਪਾਸ ਹੀ ਰਿਹਾ। ਹੁਣ ਪ੍ਰਬੰਧ ਸ਼੍ਰੋਮਣੀ ਗੁ: ਪ੍ਰ: ਕਮੇਟੀ ਅਧੀਨ ਹੈ। ਸ਼੍ਰੋਮਣੀ ਗੁ: ਪ੍ਰ: ਕਮੇਟੀ ਵੱਲੋਂ ਗੁਰਦੁਆਰਾ ਸਾਹਿਬ ਦੀ ਨਵੀਂ ਆਲੀਸ਼ਾਨ ਇਮਾਰਤ ਦਾ ਨਿਰਮਾਣ ਕਰਵਾਇਆ ਗਿਆ ਹੈ। ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ 'ਸ੍ਰੀ ਸਾਹਿਬ' ਯਾਦਗਾਰ ਵਜੋਂ ਗੁਰਦੁਆਰਾ ਸਾਹਿਬ ਵਿਖੇ ਸੁਰੱਖਿਅਤ ਹੈ। ਤਖ਼ਤ ਸੱਚ-ਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਦਰਸ਼ਨਾਂ ਨੂੰ ਜਾਣ ਵਾਲੀ ਬਹੁਤ ਸਾਰੀ ਸੰਗਤ ਇਸ ਅਸਥਾਨ ਦੇ ਦਰਸ਼ਨ ਕਰਕੇ ਜਾਂਦੀ ਹੈ। ਇਹ ਪਾਵਨ ਅਸਥਾਨ ਸ਼ਹਿਰ ਧਮਤਾਨ, ਤਹਿਸੀਲ ਨਰਵਾਣਾ, ਜ਼ਿਲ੍ਹਾ ਜੀਂਦ, ਹਰਿਆਣਾ ਰਾਜ ਵਿਚ ਦਿੱਲੀ-ਜਾਖਲ-ਬਠਿੰਡਾ ਰੇਲਵੇ ਲਾਈਨ 'ਤੇ ਰੇਲਵੇ ਸਟੇਸ਼ਨ ਧਮਤਾਨ ਤੋਂ ਦੋ ਕਿਲੋਮੀਟਰ ਤੇ ਬੱਸ ਸਟੈਂਡ ਧਮਤਾਨ ਤੋਂ ਇਕ ਕਿਲੋਮੀਟਰ ਦੀ ਦੂਰੀ 'ਤੇ ਹੈ। ਇਹ ਅਸਥਾਨ ਦਿੱਲੀ-ਪਾਤੜਾਂ-ਨਿਰਵਾਣਾ-ਟੋਹਾਣਾ ਆਦਿ ਸ਼ਹਿਰਾਂ ਨਾਲ ਸੜਕੀ ਮਾਰਗ ਰਾਹੀਂ ਜੁੜਿਆ ਹੈ। ਇਸ ਧਾਰਮਿਕ ਅਸਥਾਨ 'ਤੇ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਵੱਡੀ ਪੱਧਰ 'ਤੇ ਮਨਾਏ ਜਾਂਦੇ ਹਨ। ਹੋਲੇ-ਮਹੱਲੇ 'ਤੇ ਬਹੁਤ ਸੰਗਤ ਜੁੜਦੀ ਹੈ। ਲੰਗਰ-ਪ੍ਰਸ਼ਾਦਿ ਤੇ ਰਿਹਾਇਸ਼ ਦਾ ਪ੍ਰਬੰਧ ਠੀਕ ਹੈ। ਵਧੇਰੇ ਜਾਣਕਾਰੀ ਲਈ ਯਾਤਰੂ ੦੧੬੮੪-੮੪੮੨੬ ਨੰਬਰ 'ਤੇ ਫ਼ੋਨ ਕਰ ਸਕਦੇ ਹਨ।

# ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਜੀਂਦ

## (ਜੀਂਦ) ਹਰਿਆਣਾ

ਇਸ ਪਾਵਨ ਅਸਥਾਨ ਨੂੰ ਆਦਿ ਗੁਰੂ, ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਚਰਨ-ਛੋਹ ਪ੍ਰਾਪਤ ਹੈ। ਗੁਰੂ ਨਾਨਕ ਦੇਵ ਜੀ ਦੱਖਣ ਦੀ ਯਾਤਰਾ ਸਮੇਂ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦਿੱਲੀ ਜਾਣ ਸਮੇਂ ਇਥੇ ਠਹਿਰੇ ਸਨ। ਰਿਆਸਤ ਜੀਂਦ ਦੇ ਰਾਜਾ ਸਰੂਪ ਸਿੰਘ ਨੇ ਗੁਰੂ ਸਾਹਿਬਾਨ ਦੀ ਯਾਦ ਵਿਚ ਗੁਰਦੁਆਰਾ ਬਣਾਇਆ। ਰਾਜਾ ਰਘੁਬੀਰ ਸਿੰਘ ਨੇ ਗੁਰਦੁਆਰਾ ਸਾਹਿਬ ਦੀ ਇਮਾਰਤ ਨੂੰ ਹੋਰ ਵਿਸ਼ਾਲ ਕੀਤਾ ਤੇ ਬਹੁਤ ਸਾਰੀ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਂ ਲਗਵਾਈ। ਰਾਜਾ ਰਘੁਬੀਰ ਸਿੰਘ ਨੇ ਹੀ ਗੁਰਦੁਆਰਾ ਸਾਹਿਬ ਲਈ ਵਿਸ਼ੇਸ਼ ਨਿਸ਼ਾਨ ਸਾਹਿਬ ਬਣਵਾਇਆ, ਜਿਸ ਦੀ ਪਹਿਚਾਣ ਅੱਜ ਵੀ ਅਲੱਗ ਹੀ ਹੈ। ੧੯੫੬ ਈ: ਵਿਚ ਇਸ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਆਇਆ। ਇਸ ਇਤਿਹਾਸਕ ਅਸਥਾਨ ਦੇ ਨੇੜੇ ਹੀ ਗੁਰਦੁਆਰਾ ਸਾਹਿਬ ਖਟਕੜ ਤੇ ਗੁਰਦੁਆਰਾ ਸਾਹਿਬ 'ਖਰਕ' ਦਰਸ਼ਨ ਕਰਨ ਯੋਗ ਹੈ। ਇਸ ਅਸਥਾਨ 'ਤੇ ਗੁਰੂ ਨਾਨਕ, ਗੁਰੂ ਤੇਗ ਬਹਾਦਰ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਤੇ ਵੈਸਾਖੀ ਵਿਸ਼ੇਸ਼ ਰੂਪ ਵਿਚ ਮਨਾਏ ਜਾਂਦੇ ਹਨ।

ਇਹ ਇਤਿਹਾਸਕ ਅਸਥਾਨ ਹਰਿਆਣਾ ਰਾਜ ਦੇ ਜ਼ਿਲ੍ਹਾ ਜੀਂਦ ਵਿਚ ਰੇਲਵੇ ਸਟੇਸ਼ਨ ਜੀਂਦ ਤੋਂ ੨ ਕਿਲੋਮੀਟਰ ਅਤੇ ਬੱਸ ਸਟੈਂਡ ਤੋਂ ਕੇਵਲ ੦.੫ ਕਿਲੋਮੀਟਰ ਦੀ ਦੂਰੀ 'ਤੇ ਹੈ।

ਪਟਿਆਲਾ, ਪਹੇਵਾ, ਰੋਹਤਕ, ਪਾਤੜਾਂ ਆਦਿ ਸ਼ਹਿਰਾਂ ਰਾਹੀਂ ਜੀਂਦ ਸੜਕੀ ਮਾਰਗ ਨਾਲ ਜੁੜਿਆ ਹੈ। ਲੰਗਰ-ਪ੍ਰਸ਼ਾਦਿ ਦਾ ਪ੍ਰਬੰਧ ਠੀਕ ਹੈ। ਰਿਹਾਇਸ਼ ਲਈ ੧੦ ਕਮਰੇ ਹਨ। ਵਧੇਰੇ ਜਾਣਕਾਰੀ ੦੧੬੮੧-੫੫੦੪੫ ਨੰਬਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।



# ਗੁਰਦੁਆਰਾ ਕਲਗੀਧਰ ਸਾਹਿਬ, ਬਿਲਾਸਪੁਰ

## (ਬਿਲਾਸਪੁਰ) ਹਿਮਾਚਲ



ਗੁਰਦੁਆਰਾ ਕਲਗੀਧਰ ਸਾਹਿਬ, ਬਿਲਾਸਪੁਰ ਗੁਰੂ ਗੋਬਿੰਦ ਸਿੰਘ ਜੀ ਦੀ ਅਮਰ ਯਾਦਗਾਰ ਵਜੋਂ ਸੁਭਾਇਮਾਨ ਹੈ। ਬਿਲਾਸਪੁਰ ਰਿਆਸਤ ਕਹਿਲੂਰ ਦੀ ਰਾਜਧਾਨੀ ਸੀ ਜੋ ਦਰਿਆ ਸਤਲੁਜ ਦੇ ਖੱਬੇ ਕੰਢੇ 'ਤੇ ਸਥਿਤ ਹੈ। ਬਿਲਾਸਪੁਰ ਦਾ ਰਾਜਾ ਭੀਮ ਚੰਦ ਤੇ ਉਸ ਦੀ ਸੁਪਤਨੀ ਗੁਰੂ-ਘਰ ਦੇ ਪ੍ਰੀਤਵਾਨ-ਸ਼ਰਧਾਲੂ ਸਨ। ਭੀਮ ਚੰਦ ਗੁਰੂ ਜੀ ਨੂੰ ਆਦਰ-ਸਤਿਕਾਰ ਸਹਿਤ ਰਾਜ-ਮਹਿਲਾਂ ਵਿਚ ਲੈ ਕੇ ਆਇਆ ਅਤੇ ਤਨੋਂ-ਮਨੋਂ ਸੇਵਾ ਕੀਤੀ। ਕੰਵਰ ਅਜਮੇਰ ਦੀ ਸ਼ਾਦੀ ਸਮੇਂ ਭੀਮ ਚੰਦ ਦੀ ਗੁਰੂ-ਘਰ ਨਾਲ ਵਿਗੜ ਗਈ 'ਤੇ ਕਈ ਵਾਰ ਗੁਰੂ-ਘਰ 'ਤੇ ਹਮਲਾਵਰ ਹੋ ਕੇ ਆਇਆ ਪਰ ਹਰ ਵਾਰ ਉਸ ਨੂੰ ਹਾਰ ਦਾ ਮੂੰਹ ਦੇਖਣਾ ਪਿਆ।

ਗੁਰੂ ਗੋਬਿੰਦ ਸਿੰਘ ਜੀ ਦੀ ਆਮਦ ਦੀ ਯਾਦ ਵਿਚ ਪ੍ਰੇਮੀ ਗੁਰਸਿੱਖਾਂ ਨੇ ਯਾਦਗਾਰੀ ਗੁਰਦੁਆਰੇ ਦਾ ਨਿਰਮਾਣ ਕਾਰਜ ਕਰਵਾਇਆ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਵੀ ਮੁਬਾਰਕ ਚਰਨ ਇਸ ਅਸਥਾਨ 'ਤੇ ਪਾਏ ਸਨ।

ਇਸ ਅਸਥਾਨ 'ਤੇ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਵਿਸ਼ੇਸ਼ ਰੂਪ ਵਿਚ ਮਨਾਏ ਜਾਂਦੇ ਹਨ। ਕੁੱਲੂ-ਮਨਾਲੀ ਨੂੰ ਜਾਣ ਵਾਲੀਆਂ ਸਿੱਖ ਸੰਗਤਾਂ ਇਸ ਅਸਥਾਨ ਦੇ ਦਰਸ਼ਨ ਕਰਕੇ ਅੱਗੇ ਜਾਂਦੀਆਂ ਹਨ। ਲੋਕਲ ਸਿੱਖ ਅਬਾਦੀ ਨਾਂ-ਮਾਤਰ ਹੀ ਹੈ। ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਮੈਨੇਜਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਰਾਹੀਂ ਕਰਦੀ ਹੈ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ ਪ੍ਰਸ਼ਾਦਿ ਦਾ ਪ੍ਰਬੰਧ ਹੈ। ਰਿਹਾਇਸ਼ ਵਾਸਤੇ ਵੀ ਦੋ ਹਾਲ, ੩ ਕਮਰੇ ਤੇ ਇਕ ਗੈਸਟ ਹਾਊਸ ਹੈ।

ਇਹ ਇਤਿਹਾਸਕ ਅਸਥਾਨ ਸ਼ਹਿਰ ਬਿਲਾਸਪੁਰ ਜੋ ਹਿਮਾਚਲ ਰਾਜ ਦਾ ਤਹਿਸੀਲ ਤੇ ਜ਼ਿਲ੍ਹਾ ਹੈਡਕੁਆਰਟਰ ਹੈ ਵਿਖੇ ਸਥਿਤ ਹੈ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ੫੩ ਕਿਲੋਮੀਟਰ ਤੇ ਬੱਸ ਸਟੈਂਡ ਬਿਲਾਸਪੁਰ ਤੋਂ ਕੇਵਲ ੦.੫ ਕਿਲੋਮੀਟਰ ਦੀ ਦੂਰੀ 'ਤੇ ਅਨੰਦਪੁਰ ਬਿਲਾਸਪੁਰ-ਕੁੱਲੂ-ਮਨਾਲੀ ਰੋਡ 'ਤੇ ਸਥਿਤ ਹੈ।

# ਗੁਰਦੁਆਰਾ ਪਾਤਸ਼ਾਹੀ ਦਸਵੀਂ, ਨਾਦੌਣ

## (ਹਮੀਰਪੁਰ) ਹਿਮਾਚਲ



ਗੁਰਦੁਆਰਾ ਪਾਤਸ਼ਾਹੀ ਦਸਵੀਂ ਨਾਦੌਣ, ਗੁਰੂ ਗੋਬਿੰਦ ਸਿੰਘ ਜੀ ਵੱਲੋਂ ਮੁਗਲ ਸਾਮਰਾਜ ਦੇ ਜ਼ੁਲਮੀ ਰਾਜ ਵਿਰੁੱਧ ਲੜੇ ਗਏ ਯੁੱਧ ਦੀ ਯਾਦਗਾਰ ਵਜੋਂ ਸੁਭਾਇਮਾਨ ਹੈ। ਬਾਦਸ਼ਾਹ ਔਰੰਗਜ਼ੇਬ ਨੂੰ ਕੁਝ ਸਮੇਂ ਤੋਂ ਪਹਾੜੀ ਰਾਜੇ ਖਿਰਾਜ਼ (ਸਰਕਾਰੀ ਕਰ) ਨਹੀਂ ਸਨ ਭਰ ਰਹੇ। ਸ਼ਾਹੀ ਕਰ ਦੀ ਉਗਰਾਹੀ ਵਾਸਤੇ ਔਰੰਗਜ਼ੇਬ ਨੇ ਜੰਮੂ ਦੇ ਗਵਰਨਰ ਮੀਆਂ ਖਾਂ ਨੂੰ ਹੁਕਮ ਕੀਤਾ। ਮੀਆਂ ਖ਼ਾਂ ਨੇ ਅਲਫ਼ ਖ਼ਾਂ ਨੂੰ ਕਰ ਦੀ ਉਗਰਾਹੀ ਵਾਸਤੇ ਫ਼ੌਜਾਂ ਦੇ ਕੇ ਭੇਜਿਆ। ਰਾਜਾ ਭੀਮ ਚੰਦ ਤੇ ਹੋਰ ਪਹਾੜੀ ਰਾਜਿਆਂ ਨੇ ਫੈਸਲਾ ਕੀਤਾ ਕਿ ਸ਼ਾਹੀ ਕਰ ਨਹੀਂ ਤਾਰਿਆ ਜਾਵੇਗਾ ਭਾਵੇਂ ਕਿ ਇਸ ਦਾ ਸਪਸ਼ਟ ਅਰਥ ਬਾਦਸ਼ਾਹੀ ਨਾਲ ਸਿੱਧੀ ਟੱਕਰ ਸੀ। ਰਾਜਾ ਭੀਮ ਚੰਦ ਨੇ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਸ਼ਾਹੀ ਫ਼ੌਜਾਂ ਨਾਲ ਟੱਕਰ ਲੈਣ ਲਈ ਸਹਾਇਤਾ ਦੀ ਮੰਗ ਕੀਤੀ। ਗੁਰੂ ਜੀ ਨੇ ਭੀਮ ਚੰਦ ਦੀ ਪਿਛਲੀ ਕਰਤੂਤ ਨੂੰ ਭੁਲਾ ਕੇ ਮੁਗਲ ਸੈਨਾ ਵਿਰੁੱਧ ਪਹਾੜੀ ਸਵਦੇਸ਼ੀ ਰਾਜਿਆਂ ਦੀ ਸਹਾਇਤਾ ਲਈ, ਆਪਣੇ ਬੀਰ ਬਹਾਦਰ ਯੋਧਿਆਂ ਨਾਲ ਨਾਦੌਣ ਵੱਲ ਕੂਚ ਕੀਤਾ। ੨੨ ਚੇਤਰ, ਸੰਮਤ ੧੭੪੭ ਮੁਤਾਬਕ ੧੯ ਫਰਵਰੀ, ੧੬੯੦ ਈ: ਨੂੰ ਨਾਦੌਣ ਦੇ ਨਜ਼ਦੀਕ ਦਰਿਆ ਬਿਆਸ ਦੇ ਕਿਨਾਰੇ ਭਿਆਨਕ ਯੁੱਧ ਹੋਇਆ। ਅਲਫ਼ ਖ਼ਾਂ ਹਾਰ ਕੇ ਭੱਜ ਗਿਆ। ਗੁਰੂ ਗੋਬਿੰਦ ਸਿੰਘ ਕੁਝ ਦਿਨ ਨਾਦੌਣ ਨਿਵਾਸ ਕਰ, ਅਨੰਦਪੁਰ ਸਾਹਿਬ ਵਾਪਸ ਆ ਗਏ। ਪ੍ਰੇਮੀ ਗੁਰਸਿੱਖਾਂ ਨੇ ਗੁਰੂ ਜੀ ਦੀ ਅਮਰ ਯਾਦਗਾਰ ਵਜੋਂ ਗੁਰਦੁਆਰੇ ਦਾ ਨਿਰਮਾਣ ਕਾਰਜ ਕਰਵਾਇਆ। ਰਾਇ ਬਹਾਦਰ ਬਸਾਖਾ ਸਿੰਘ ਨੇ ੧੯੨੯ ਈ: ਵਿਚ ਗੁਰਦੁਆਰੇ ਦੀ ਨਵੀਂ ਇਮਾਰਤ ਉਸਾਰੀ। ਇਸ ਅਸਥਾਨ ਦਾ ਪ੍ਰਬੰਧ ਪਹਿਲਾਂ ਲੋਕਲ ਕਮੇਟੀ ਹੀ ਕਰਦੀ ਸੀ। ੧੯੩੫ ਈ: ਵਿਚ ਇਹ ਇਤਿਹਾਸਕ ਅਸਥਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਆਇਆ। ਹੁਣ ਪ੍ਰਬੰਧ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਮੈਨੇਜਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਰਾਹੀਂ ਕਰਦੀ ਹੈ। ਇਸ ਅਸਥਾਨ 'ਤੇ ਪਹਿਲੀ ਤੇ ਦਸਵੀਂ ਪਾਤਸ਼ਾਹੀ ਦੇ ਪ੍ਰਕਾਸ਼ ਗੁਰਪੁਰਬ ਅਤੇ ਸਾਲਾਨਾ ਜੋੜ ਮੇਲਾ ਵਿਸ਼ੇਸ਼ ਰੂਪ ਵਿਚ ਮਨਾਇਆ ਜਾਂਦਾ ਹੈ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਪ੍ਰਬੰਧ ਹੈ। ਇਹ ਅਸਥਾਨ ਸ਼ਹਿਰ ਨਾਦੌਣ ਜ਼ਿਲ੍ਹਾ ਹਮੀਰਪੁਰ (ਹਿਮਾਚਲ) ਵਿਖੇ, ਹੁਸ਼ਿਆਰਪੁਰ-ਨਾਦੌਣ-ਹਮੀਰਪੁਰ ਰੋਡ 'ਤੇ ਨਾਦੌਣ ਤੋਂ ੧ ਕਿਲੋਮੀਟਰ ਅਤੇ ਜਵਾਲਾਮੁਖੀ ਤੋਂ ੩੦ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ।

# ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ

## (ਪਟਨਾ) ਬਿਹਾਰ



ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ ਨੂੰ ਦਸਮ-ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਅਸਥਾਨ ਹੋਣ ਦਾ ਮਾਣ ਤੇ ਸਤਿਕਾਰ ਪ੍ਰਾਪਤ ਹੈ। ਇਸ ਪਾਵਨ ਧਰਤ ਨੂੰ ਆਦਿ ਗੁਰੂ, ਗੁਰੂ ਨਾਨਕ ਦੇਵ ਜੀ ਤੇ ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਚਰਨ-ਛੋਹ ਪ੍ਰਾਪਤ ਹੈ। ਸੂਰਬੀਰਤਾ-ਨਿਰਭੈਤਾ ਪ੍ਰਦਾਨ ਕਰਨ ਵਾਲਾ ਹੁਕਮ ਇਥੋਂ ਹੀ ਸੰਗਤਾਂ ਦੇ ਨਾਮ ਜਾਰੀ ਹੋਇਆ, ਜਿਸ ਵਿੱਚ ਨੌਂਵੇਂ ਸਤਿਗੁਰੂ ਜੀ ਨੇ ਫ਼ਰਮਾਇਆ- ਜੋ ਗੋਬਿੰਦ ਕੀਆ, ਠੀਕ ਕੀਆ-

ਤਹੀ ਪ੍ਰਕਾਸ ਹਮਾਰਾ ਭਯੋ ॥ ਪਟਨਾ ਸਾਹਿਬ ਬਿਖੈ ਭਵ ਲਯੋ ॥

ਦੇ ਪਾਵਨ ਵਾਕ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਇਸ ਪਾਵਨ ਧਰਤ 'ਤੇ ਹੀ ਹੋਇਆ। ਗੁਰਦੇਵ-ਪਿਤਾ ਗੁਰੂ ਗੋਬਿੰਦ ਸਿੰਘ ਜੀ ਇਥੇ ਬਾਲ ਲੀਲ੍ਹਾ ਰਚ, ਫਿਰ ਇਥੋਂ ਚੱਲ ਅਨੰਦਪੁਰ ਸਾਹਿਬ ਦੇ ਪਾਵਨ ਅਸਥਾਨ 'ਤੇ ਪਹੁੰਚੇ।

ਪੂਰਬ ਵਿੱਚ ਸਿੱਖੀ ਪ੍ਰਚਾਰ ਦਾ ਧੁਰਾ ਪਟਨਾ ਸਾਹਿਬ ਗੁਰੂ-ਪੰਥ ਵੱਲੋਂ ਪ੍ਰਵਾਣਿਤ ਤੇ ਸਵੀਕਾਰਤ ਦੂਸਰਾ ਤਖ਼ਤ ਹੈ ।

ਤਖ਼ਤ ਸਾਹਿਬ ਦੀ ਪਾਵਨ ਇਮਾਰਤ ਦੀ ਸੇਵਾ ਪਹਿਲਾਂ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਕਰਵਾਈ ਸੀ, ਜੋ ਭੂਚਾਲ ਨਾਲ ਨਸ਼ਟ ਹੋਣ ਕਰਕੇ, ਸੰਗਤਾਂ ਦੇ ਸਹਿਯੋਗ ਨਾਲ ਵਰਤਮਾਨ ਇਮਾਰਤ ਦੇ ਰੂਪ ਵਿਚ ਸੁਭਾਇਮਾਨ ਹੈ।

ਗੁਰਦੁਆਰਾ ਗੋਬਿੰਦ ਬਾਗ, ਗੁਰਦੁਆਰਾ ਬਾਲ ਲੀਲਾ ਮੈਣੀ ਸੰਗਤ, ਖੂਹ ਮਾਤਾ ਗੁਜਰੀ ਜੀ, ਗੁਰਦੁਆਰਾ ਗਊ ਘਾਟ, ਗੁਰਦੁਆਰਾ ਹਾਂਡੀ ਸਾਹਿਬ ਆਦਿ ਇਤਿਹਾਸਕ ਸਥਾਨ ਦਰਸ਼ਨ ਕਰਨਯੋਗ ਹਨ।

# ਤਖ਼ਤ ਸੱਚ-ਖੰਡ ਸ੍ਰੀ ਹਜ਼ੂਰ ਸਾਹਿਬ, ਨਾਂਦੇੜ

## (ਨਾਂਦੇੜ) ਮਹਾਂਰਾਸ਼ਟਰ

ਤਖ਼ਤ ਸੱਚ-ਖੰਡ ਸ੍ਰੀ ਹਜ਼ੂਰ ਸਾਹਿਬ, ਸਾਹਿਬੇ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੇ ਆਖਰੀ ਚੋਜ਼ਾਂ ਦੀ ਯਾਦ ਵਿਚ ਸੁਭਾਇਮਾਨ ਹੈ। ਪੰਥ ਪ੍ਰਕਾਸ਼ ਕਰਨ ਲਈ ਹਜ਼ੂਰ ਨੇ ਜਿਹੜਾ ਜੀਵਨ ਸਫ਼ਰ ਪੂਰਬ ਵਿੱਚ ਪਟਨੇ ਦੀ ਪਾਵਨ ਧਰਤ ਤੋਂ ਆਰੰਭ ਕੀਤਾ, ਫਿਰ ਪੰਜਾਬ ਜਿਸ ਦੀ ਕਰਮ ਭੂਮੀ ਰਿਹਾ, ਸ੍ਰੀ ਅਬਚਲ ਨਗਰ ਹਜ਼ੂਰ ਸਾਹਿਬ ਉਸਦੀ ਹੀ ਸੰਪੂਰਨਤਾ ਸੀ। ਜਿਥੇ

**ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ**

ਦੇ ਮਹਾਂਵਾਕ ਅਨੁਸਾਰ ਗੁਰੂ ਜੀ ਜੋਤੀ ਜੋਤਿ ਸਮਾ ਗਏ। ਇਥੇ ਹੀ ਹਰ ਮਨੁੱਖ ਨੂੰ ਹਰ ਸਮੇਂ ਸਤਿਗੁਰੂ ਦੀ ਅਗਵਾਈ ਦੀ ਲੋੜ ਤੇ ਜਾਚਨਾ ਦੀ ਪੂਰਤੀ ਲਈ ਜਾਗਤ ਜੋਤਿ ਸਤਿਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ-ਗੱਦੀ 'ਤੇ ਬਿਰਾਜਮਾਨ ਕਰ 'ਸ਼ਬਦ-ਗੁਰੂ' ਦਾ ਪ੍ਰਕਾਸ਼ ਹਮੇਸ਼ਾਂ ਹਮੇਸ਼ਾਂ ਲਈ ਕਰ ਦਿੱਤਾ, ਜਿਸ ਦੀ ਰੋਸ਼ਨੀ ਵਿੱਚ ਸਰੀਰਾਂ, ਬੁੱਤਾਂ ਤੇ ਮੂਰਤੀਆਂ ਦੀ ਭਟਕਣਾ ਖ਼ਤਮ ਹੋਈ।



ਅਜ਼ਾਦੀ ਦੀ ਜੱਦੋ-ਜਹਿਦ ਨੂੰ ਨਿਰੰਤਰ ਜਾਰੀ ਰੱਖਣ ਲਈ ਵਿਰੱਕਤ ਤੇ ਵੈਰਾਗੀ ਮਾਧੋ ਦਾਸ ਨੂੰ ਬਾਬਾ ਬੰਦਾ ਸਿੰਘ ਬਹਾਦਰ ਬਣਾ ਜਬਰ/ਜ਼ੁਲਮ ਦੇ ਖ਼ਾਤਮੇ ਤੇ ਜ਼ਾਲਮਾਂ ਨੂੰ ਸੋਧਣ ਲਈ ਇਥੋਂ ਹੀ ਪੰਜਾਬ ਨੂੰ ਤੋਰਿਆ।

ਗੁ: ਨਗੀਨਾ ਘਾਟ, ਗੁ: ਹੀਰਾ ਘਾਟ, ਗੁ: ਬੰਦਾ ਘਾਟ, ਗੁ: ਸ਼ਿਕਾਰ ਘਾਟ, ਗੁ: ਮਾਲ ਟੇਕਰੀ, ਗੁ: ਸੰਗਤ ਸਾਹਿਬ, ਗੁ: ਮਾਤਾ ਸਾਹਿਬ ਕੌਰ ਆਦਿ ਪਾਵਨ ਅਸਥਾਨ ਸਤਿਗੁਰੂ ਦੇ ਪਾਵਨ ਕਰਤਵਾਂ ਦੀ ਯਾਦ ਵਿੱਚ ਸੁਭਾਇਮਾਨ ਹਨ।

# ਪੰਜਾਬ




੧. ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ
੨. ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ
੩. ਗੁ: ਛੇਹਰਟਾ ਸਾਹਿਬ, (ਸ੍ਰੀ ਅੰਮ੍ਰਿਤਸਰ)
੪. ਸ੍ਰੀ ਦਰਬਾਰ ਸਾਹਿਬ, ਤਰਨ ਤਾਰਨ (ਸ੍ਰੀ ਅੰਮ੍ਰਿਤਸਰ)
੫. ਗੁ: ਬਾਬਾ ਬੁੱਢਾ ਜੀ, ਰਮਦਾਸ (ਸ੍ਰੀ ਅੰਮ੍ਰਿਤਸਰ)
੬. ਗੁ: ਸ੍ਰੀ ਬਾਉਲੀ ਸਾਹਿਬ, ਗੋਇੰਦਵਾਲ (ਸ੍ਰੀ ਅੰਮ੍ਰਿਤਸਰ)
੭. ਗੁ: ਸ੍ਰੀ ਦਰਬਾਰ ਸਾਹਿਬ, ਖਡੂਰ ਸਾਹਿਬ (ਸ੍ਰੀ ਅੰਮ੍ਰਿਤਸਰ)
੮. ਗੁ: ਪਾ: ਨੌਵੀਂ, ਬਾਬਾ ਬਕਾਲਾ (ਸ੍ਰੀ ਅੰਮ੍ਰਿਤਸਰ)
੯. ਗੁ: ਜਨਮ ਅਸਥਾਨ ਬਾਬਾ ਬੁੱਢਾ ਜੀ, ਕੱਥੂਨੰਗਲ (ਸ੍ਰੀ ਅੰਮ੍ਰਿਤਸਰ)
੧੦. ਗੁ: ਕੰਧ ਸਾਹਿਬ, ਬਟਾਲਾ (ਗੁਰਦਾਸਪੁਰ)
੧੧. ਸ੍ਰੀ ਦਰਬਾਰ ਸਾਹਿਬ, ਡੇਰਾ ਬਾਬਾ ਨਾਨਕ (ਗੁਰਦਾਸਪੁਰ)
੧੨. ਗੁ: ਬੁਰਜ ਸਾਹਿਬ, ਧਾਰੀਵਾਲ (ਗੁਰਦਾਸਪੁਰ)
੧੩. ਗੁ: ਦਮਦਮਾ ਸਾਹਿਬ, ਸ੍ਰੀ ਹਰਿਗੋਬਿੰਦਪੁਰ (ਗੁਰਦਾਸਪੁਰ)
੧੪. ਸਟੇਟ ਗੁਰਦੁਆਰਾ ਸਾਹਿਬ (ਕਪੂਰਥਲਾ)
੧੫. ਗੁ: ਸ੍ਰੀ ਬੇਰ ਸਾਹਿਬ, ਸੁਲਤਾਨਪੁਰ ਲੋਧੀ (ਕਪੂਰਥਲਾ)
੧੬. ਗੁ: ਸੁਖਚੈਨਆਣਾ ਸਾਹਿਬ, ਫਗਵਾੜਾ (ਕਪੂਰਥਲਾ)
੧੭. ਗੁ: ਥੰਮ ਸਾਹਿਬ, ਕਰਤਾਰਪੁਰ (ਜਲੰਧਰ)
੧੮. ਗੁ: ਪਾਤਸ਼ਾਹੀ ਪੰਜਵੀਂ, ਬਿਲਗਾ (ਜਲੰਧਰ)
੧੯. ਗੁ: ਗਰਨਾ ਸਾਹਿਬ, (ਹੁਸ਼ਿਆਰਪੁਰ)
੨੦. ਗੁ: ਸ਼ਹੀਦਾਂ, ਮਾਹਿਲਪੁਰ (ਹੁਸ਼ਿਆਰਪੁਰ)
੨੧. ਗੁ: ਚਰਨ ਕੰਵਲ ਸਾਹਿਬ (ਨਵਾਂ ਸ਼ਹਿਰ)
੨੨. ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, (ਰੋਪੜ)
੨੩. ਗੁ: ਪਤਾਲਪੁਰੀ ਸਾਹਿਬ, ਕੀਰਤਪੁਰ (ਰੋਪੜ)
੨੪. ਗੁ: ਸ੍ਰੀ ਭੱਠਾ ਸਾਹਿਬ (ਰੋਪੜ)
੨੫. ਗੁ: ਚਮਕੌਰ ਸਾਹਿਬ (ਰੋਪੜ)
੨੬. ਗੁ: ਸ੍ਰੀ ਚਰਨ ਕੰਵਲ ਸਾਹਿਬ
ਮਾਛੀਵਾੜਾ (ਲੁਧਿਆਣਾ)
੨੭. ਗੁ: ਮੰਜੀ ਸਾਹਿਬ,
ਆਲਮਗੀਰ (ਲੁਧਿਆਣਾ)
੨੮. ਗੁ: ਟਾਹਲੀਆਣਾ ਸਾਹਿਬ
ਰਾਏ ਕੋਟ (ਲੁਧਿਆਣਾ)
੨੯. ਗੁ: ਚੋਲਾ ਸਾਹਿਬ
ਘੁਡਾਣੀ ਕਲਾਂ (ਲੁਧਿਆਣਾ)
੩੦. ਗੁ: ਸ੍ਰੀ ਫਤਹਿਗੜ੍ਹ ਸਾਹਿਬ, (ਫਤਹਿਗੜ੍ਹ)
੩੧. ਗੁ: ਪਾ: ਛੇਵੀਂ, ਗੋਬਿੰਦਗੜ੍ਹ (ਫਤਿਹਗੜ੍ਹ ਸਾਹਿਬ)
੩੨. ਗੁ: ਦੂਖ ਨਿਵਾਰਨ ਸਾਹਿਬ (ਪਟਿਆਲਾ)
੩੩. ਗੁ: ਬਾਬਾ ਅਜਾਪਾਲ ਸਿੰਘ, ਨਾਭਾ (ਪਟਿਆਲਾ)
੩੪. ਗੁ: ਪਾ: ਨੌਵੀਂ, ਭਵਾਨੀਗੜ੍ਹ (ਸੰਗਰੂਰ)
੩੫. ਗੁ: ਸ੍ਰੀ ਨਾਨਕਿਆਣਾ ਸਾਹਿਬ (ਸੰਗਰੂਰ)
੩੬. ਗੁ: ਮੰਜੀ ਸਾਹਿਬ, ਮੂਲੋਵਾਲ (ਸੰਗਰੂਰ)
੩੭. ਗੁ: ਬਾਬਾ ਗਾਂਧਾ ਸਿੰਘ, ਬਰਨਾਲਾ (ਸੰਗਰੂਰ)
੩੮. ਗੁ: ਪਾ: ਨੌਵੀਂ, ਭਿੱਖੀ (ਮਾਨਸਾ)
੩੯. ਗੁ: ਸੂਲੀਸਰ, ਕੋਟ ਧਰਮੂ (ਮਾਨਸਾ)
੪੦. ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ (ਬ
੪੧. ਗੁ: ਗੁਰੂਸਰ, ਕੋਟ ਸ਼ਮੀਰ (ਬਠਿੰਡਾ)
੪੨. ਗੁ: ਸਾਹਿਬ ਪਾ: ਦਸਵੀਂ, ਹਾਜੀ ਰਤਨ (ਬਠਿੰਡਾ)
੪੩. ਗੁ: ਲੋਹਗੜ੍ਹ ਸਾਹਿਬ, ਦੀਨਾ (ਮੋਗਾ)
੪੪. ਗੁ: ਗੰਗਸਰ ਜੈਤੋਂ (ਫਰੀਦਕੋਟ)
੪੫. ਗੁ: ਗੁਰੂਸਰ, ਰੁਪਾਣਾ (ਮੁਕਤਸਰ)
੪੬. ਦਰਬਾਰ ਸਾਹਿਬ, ਮੁਕਤਸਰ (ਮੁਕਤਸਰ)
੪੭. ਗੁ: ਗੁਰੂਸਰ ਬਾਜ਼ੀਦਪੁਰ, (ਫਿਰੋਜ਼ਪੁਰ)
੪੮. ਗੁ: ਧਮਤਾਨ ਸਾਹਿਬ (ਜੀਂਦ) ਹਰਿਆਣਾ
੪੯. ਗੁ: ਮੰਜੀ ਸਾਹਿਬ (ਅੰਬਾਲਾ) ਹਰਿਆਣਾ
੫੦. ਗੁ: ਸ੍ਰੀ ਨਾਡਾ ਸਾਹਿਬ, ਹਰਿਆਣਾ
੫੧. ਗੁ: ਕਲਗੀਧਰ ਸਾਹਿਬ, (ਬਿਲਾਸਪੁਰ) ਹਿਮਾਚਲ